# ਸਾਲਾਨਾ ਰਿਪੋਰਟ
## 2015 - 2016

ਇਹ ਸਾਲਾਨਾ ਰਿਪੋਰਟ 1 ਜੁਲਾਈ 2015 ਤੋਂ 30 ਜੂਨ 2016 ਤੱਕ ਦੀ ਹੈ ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ
ਲੁਧਿਆਣਾ

**ਅਨੁਵਾਦ**
**ਨਰਿੰਦਰ ਪਾਲ ਸਿੰਘ**
**ਜਸਕਿਰਨ ਕੌਰ**

ਛਾਪਕ ਅਤੇ ਪ੍ਰਕਾਸ਼ਕ, ਐਡੀਸ਼ਨਲ ਡਾਇਰੈਕਟਰ ਸੰਚਾਰ ਨੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲਈ
ਪ੍ਰਿੰਟਵਿਜ਼ਨ, ਲੁਧਿਆਣਾ ਤੋਂ ਛਪਵਾਇਆ ।
adcomm@pau.edu

# ਤਤਕਰਾ


| | |
|---|---|
| **ਸਾਲਾਨ ਰਿਪੋਰਟ ਦੀਆਂ ਮੁੱਖ ਝਲਕੀਆਂ ਅਤੇ ਸੰਖਿਪਤ ਸਾਰ** | 1-5 |
| **ਖੋਜ** | 6-17 |
| ਫ਼ਸਲ ਸੁਧਾਰ | 6 |
| ਬਾਇਓਤਕਨਾਲੋਜੀ | 8 |
| ਬੀਜ ਤਕਨਾਲੋਜੀ | 9 |
| ਫ਼ਸਲ ਉਤਪਾਦਨ ਤਕਨਾਲੋਜੀਆਂ | 10 |
| ਫ਼ਸਲ ਸੁਰੱਖਿਆ ਤਕਨਾਲੋਜੀਆਂ | 12 |
| ਫੂਡ ਸਾਇੰਸ ਅਤੇ ਤਕਨਾਲੋਜੀ | 13 |
| ਕਟਾਈ ਉਪਰੰਤ ਤਕਨਾਲੋਜੀਆਂ | 14 |
| ਸਹਾਇਕ ਧੰਦੇ | 14 |
| ਖੇਤ ਮਸ਼ੀਨੀਕਰਨ | 15 |
| ਖੇਤੀ ਮੰਡੀਕਰਨ | 16 |
| ਹੋਮ ਸਾਇੰਸ | 16 |
| ਤਕਨਾਲੋਜੀਆਂ ਦਾ ਵਪਾਰੀਕਰਨ | 16 |
| **ਸਿੱਖਿਆ** | 18-26 |
| ਦਾਖਲੇ | 18 |
| ਪ੍ਰੀਖਿਆ ਸੈੱਲ | 19 |
| ਨਵੇਂ ਕੋਰਸ | 20 |
| ਵਿਦਿਆਰਥੀਆਂ ਦੀਆਂ ਅਕਾਦਮਿਕ ਪ੍ਰਾਪਤੀਆ | 21 |
| ਵਜ਼ੀਫੇ ਅਤੇ ਵਿੱਤੀ ਸਹਾਇਤਾ | 21 |
| ਕਨਵੋਕੇਸ਼ਨ | 23 |
| ਵਿਦਿਆਰਥੀ ਭਲਾਈ ਗਤੀਵਿਧੀਆਂ | 23 |
| **ਪਸਾਰ** | 27-30 |
| ਕਿਸਾਨ ਮੇਲੇ | 27 |
| ਖੇਤ ਦਿਵਸ | 27 |
| ਅਨੁਕੂਲਣਸ਼ੀਲ ਖੋਜ ਤਜ਼ਰਬੇ | 28 |
| ਆਨ ਫਾਰਮ ਟਰਾਇਲਜ਼ | 28 |
| ਪ੍ਰਦਰਸ਼ਨੀਆਂ | 28 |
| ਸਿਖਲਾਈਆਂ ਅਤੇ ਨੁਮਾਇਸ਼ਾਂ | 29 |
| ਸਕਿੱਲ ਡਿਵੈਲਪਮੈਂਟ ਕੋਰਸ | 29 |
| ਕਾਰਜਸ਼ਲਾਵਾਂ | 30 |
| ਕਿਸਾਨਾਂ ਦੀਆਂ ਜਥੇਬੰਦੀਆਂ | 30 |
| ਪਲਾਂਟ ਕਲੀਨਿਕ ਅਤੇ ਤਕਨੀਕੀ ਅਗਵਾਈ | 30 |
| ਪੀ ਏ ਯੂ ਦੂਤ | 30 |
| **ਸੰਚਾਰ ਅਤੇ ਮੀਡੀਆ** | 31 |
| ਜਨ ਸਾਧਨਾਂ ਰਾਹੀਂ ਸੰਚਾਰ | 31 |
| ਖੇਤੀ ਪ੍ਰਕਾਸ਼ਨਾਵਾਂ | 31 |

**ਮਾਨਵ ਸ੍ਰੋਤ, ਵਿੱਤ ਅਤੇ ਬੁਨਿਆਦੀ ਢਾਂਚੇ ਦਾ ਵਿਕਾਸ** 32-44
ਨਵੀਆਂ ਨਿਯੁਕਤੀਆਂ, ਤਰੱਕੀਆਂ ਅਤੇ ਸੇਵਾ ਮੁਕਤੀਆਂ 32
ਐਵਾਰਡਜ਼, ਮਾਣ ਅਤੇ ਸਨਮਾਨ 33
ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਪਰਕ 34
ਪੀ ਏ ਯੂ ਵਿਖੇ ਆਯੋਜਿਤ ਕੀਤੇ ਮਹੱਤਵਪੂਰਨ ਪ੍ਰੋਗਰਾਮ 38
ਵਿੱਤ 41
ਮਿਲਖ ਸੰਗਠਨ 42
ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪ੍ਰੋਗਰਾਮਾਂ ਵਿੱਚ ਫੈਕਲਟੀ ਦੀ ਸ਼ਮੂਲੀਅਤ 43
ਖਰੀਦੇ ਗਏ ਨਵੇਂ ਉਪਕਰਣ 43
ਨਵੀਆਂ ਲੈਬੋਰਟਰੀਆਂ, ਸਥਾਪਿਤ ਕੀਤਾ ਅਤੇ ਨਵਿਆਈਆਂ ਬੁਨਿਆਦੀ ਸਹੂਲਤਾਂ 43

**ਐਮ ਐਸ ਰੰਧਾਵਾ ਲਾਇਬ੍ਰੇਰੀ** 45

**ਪ੍ਰਭਾਵ** 46-48

**ਪ੍ਰਸ਼ਾਸਨ** 49-53
ਪ੍ਰਬੰਧਕੀ ਬੋਰਡ 49
ਅਕਾਦਮਿਕ ਕੌਂਸਲ 50
ਯੂਨੀਵਰਸਿਟੀ ਦੇ ਅਫ਼ਸਰ 51
ਪ੍ਰਬੰਧਕੀ ਬੋਰਡ ਦੇ ਮਹੱਤਵਪੂਰਨ ਫ਼ੈਸਲੇ 52
ਅਕਾਦਮਿਕ ਕੌਂਸਲ ਦੇ ਮਹੱਤਵਪੂਰਨ ਫ਼ੈਸਲੇ 52
ਪ੍ਰਕਾਸ਼ਨਾਵਾਂ 53

**ਅਨੁਲੱਗ-1 (ਮਿਲਖ ਸੰਗਠਨ)** 54

**ਅਨੁਲੱਗ-2 (ਪ੍ਰਕਾਸ਼ਨਾਵਾਂ)** 55

# ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀ ਸਾਲਾਨਾ ਰਿਪੋਰਟ (ਜੁਲਾਈ 2015-ਜੂਨ 2016) ਦੀਆਂ ਮੁੱਖ ਝਲਕੀਆਂ ਅਤੇ ਸੰਖਿਪਤ ਸਾਰ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ, ਖੇਤੀਬਾੜੀ, ਖੇਤੀਬਾੜੀ ਇੰਜੀਨਿਅਰਿੰਗ, ਬੇਸਿਕ ਸਾਇੰਸਜ਼, ਹੋਮ ਸਾਇੰਸ ਅਤੇ ਸੰਬੰਧਿਤ ਵਿਸ਼ਿਆਂ ਵਿੱਚ ਖੋਜ, ਅਧਿਆਪਨ ਅਤੇ ਪਸਾਰ ਕਾਰਜਾਂ ਵਿੱਚ ਰੁਝੀ ਹੋਈ ਹੈ। ਰਿਪੋਰਟ ਅਧੀਨ ਆਉਂਦੇ ਸਮੇਂ (ਜੁਲਾਈ 2015 ਤੋਂ ਜੂਨ 2016) ਦੌਰਾਨ ਯੂਨੀਵਰਸਿਟੀ ਨੇ ਅਹਿਮ ਯੋਗਦਾਨ ਪਾਇਆ ਜਿਸ ਦਾ ਵੇਰਵਾ ਇਸ ਪ੍ਰਕਾਰ ਹੈ:

## ਖੋਜ

ਖੇਤੀ ਖੋਜ ਯੂਨੀਵਰਸਿਟੀ ਦਾ ਪ੍ਰਮੁੱਖ ਕਾਰਜ ਹੋਣ ਕਰਕੇ ਸਾਡੇ ਖੇਤੀ ਵਿਗਿਆਨੀਆਂ ਨੇ ਫ਼ਸਲਾਂ ਦੀਆਂ ਕਈ ਨਵੀਆਂ ਕਿਸਮਾਂ ਅਤੇ ਉਹਨਾਂ ਦੀਆਂ ਉਤਪਾਦਨ, ਸੁਰੱਖਿਆ ਅਤੇ ਪ੍ਰੋਸੈਸਿੰਗ ਤਕਨਾਲੋਜੀਆਂ ਨੂੰ ਵਿਕਸਿਤ ਕਰਨ ਤੇ ਜ਼ੋਰ ਦਿੱਤਾ ਤਾਂ ਜੋ ਖੇਤੀ ਉਤਪਾਦਨ ਅਤੇ ਮੁਨਾਫ਼ੇ ਨੂੰ ਵਧਾਇਆ ਜਾ ਸਕੇ । ਇਸਦੇ ਨਾਲ-ਨਾਲ ਵਿਗਿਆਨੀਆਂ ਵੱਲੋਂ ਅਜਿਹੀਆਂ ਤਕਨਾਲੋਜੀਆਂ ਵੀ ਵਿਕਸਿਤ ਕੀਤੀਆਂ ਗਈਆਂ ਜਿਹੜੀਆਂ ਕਿ ਵਾਤਾਵਰਣਕ ਪਰਿਵਰਤਨ ਦੇ ਪ੍ਰਭਾਵ ਨੂੰ ਘਟਾ ਸਕਣ ਅਤੇ ਕੁਦਰਤੀ ਸੋਮਿਆਂ ਦੀ ਸਾਂਭ-ਸੰਭਾਲ ਕਰ ਸਕਣ। ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਯੂਨੀਵਰਸਿਟੀ ਵੱਲੋਂ ਹਾਸਲ ਕੀਤੀਆਂ ਅਹਿਮ ਖੋਜ ਪ੍ਰਾਪਤੀਆਂ ਦਾ ਵੇਰਵਾ ਇਸ ਪ੍ਰਕਾਰ ਹੈ ।

### ਫ਼ਸਲ ਸੁਧਾਰ

ਯੂਨੀਵਰਸਿਟੀ ਨੇ ਰਾਜ ਪੱਧਰ ਤੇ ਵੱਖੋ-ਵੱਖ ਫ਼ਸਲਾਂ ਦੀਆਂ 26 ਕਿਸਮਾਂ (ਖੇਤ ਫ਼ਸਲਾਂ ਦੀਆਂ 9, ਸਬਜ਼ੀ ਦੀਆਂ ਫ਼ਸਲਾਂ ਦੀਆਂ 10 ਅਤੇ ਫ਼ਲਾਂ ਦੀਆਂ 7 ਕਿਸਮਾਂ) ਵਿਕਸਿਤ/ਸਿਫ਼ਾਰਿਸ਼ ਕੀਤੀਆਂ।

| | |
|---|---|
| ਕਣਕ | ਪੀ ਬੀ ਡਬਲਯੂ 677, ਪੀ ਬੀ ਡਬਲਯੂ 725 ਅਤੇ ਐੱਚ ਡੀ 3086 |
| ਝੋਨਾ | ਪੀ ਆਰ 126 |
| ਦੇਸੀ ਨਰਮਾ | ਐਲ ਡੀ 949 |
| ਸਾਉਣੀ ਦੀ ਮੂੰਗੀ | ਐਮ ਐਲ 2056 |
| ਰਾਇਆ | ਆਰ ਐਲ ਸੀ 3 |
| ਸੂਰਜਮੁਖੀ | ਪੀ ਐੱਸ ਐੱਚ 1962 |
| ਨੇਪੀਅਰ ਬਾਜਰਾ | ਪੀ ਬੀ ਐਲ 346 |
| ਟਮਾਟਰ | ਪੰਜਾਬ ਗੌਰਵ, ਪੰਜਾਬ ਸਰਤਾਜ ਅਤੇ ਪੰਜਾਬ ਰੈੱਡ ਚੈਰੀ |
| ਮਟਰ | ਏ ਪੀ - 3 |
| ਕੱਦੂ | ਪੀ ਪੀ ਐੱਚ-1 ਅਤੇ ਪੀ ਪੀ ਐੱਚ-2 |
| ਬੈਂਗਣ | ਪੀ ਬੀ ਐਚ ਆਰ-41, ਪੀ ਬੀ ਐਚ ਆਰ-42 ਅਤੇ ਪੀ ਬੀ ਐਚ ਐਲ-4 |
| ਲਸਣ | ਪੀ ਜੀ -18 |
| ਗੁਲਦਾਉਦੀ | ਪੰਜਾਬ ਸ਼ਿਆਮਲੀ |
| ਗਲੈਡੀਉਲਸ | ਪੰਜਾਬ ਗਲੈਡ-2 |
| ਸਵੀਟ ਪੀਅ | ਪੰਜਾਬ ਸਵੀਟ ਪੀਅ-1, ਪੰਜਾਬ ਸਵੀਟ ਪੀਅ-2, ਪੰਜਾਬ ਸਵੀਟ ਪੀਅ-3, ਪੰਜਾਬ ਸਵੀਟ ਪੀਅ-4 ਅਤੇ ਪੰਜਾਬ ਸਵੀਟ ਪੀਅ-5 |

### ਰਾਸ਼ਟਰੀ ਪੱਧਰ ਤੇ ਸਿਫ਼ਾਰਸ਼ ਕੀਤੀਆਂ ਕਿਸਮਾਂ

ਪੀ ਏ ਯੂ ਵੱਲੋਂ ਖੇਤ ਫ਼ਸਲਾਂ ਦੀਆਂ 4 ਕਿਸਮਾਂ ਨੂੰ ਰਾਸ਼ਟਰੀ ਪੱਧਰ ਤੇ ਸਿਫ਼ਾਰਸ਼ ਕੀਤਾ ਗਿਆ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

| | |
|---|---|
| ਸੋਇਆਬੀਨ | ਐੱਸ ਐੱਲ 955 |
| ਗਰਮ ਰੁੱਤ ਦੀ ਮੂੰਗੀ | ਐੱਸ ਐੱਮ ਐੱਲ 1115 |
| ਨਰਮਾ | ਐੱਲ ਐੱਚ 2256 |
| ਕਮਾਦ | ਸੀ ਓ ਪੀ ਬੀ 92 |

- ਯੂਨੀਵਰਸਿਟੀ ਨੇ ਵੱਖੋ-ਵੱਖ ਖੇਤ ਫ਼ਸਲਾਂ ਦਾ ਲਗਪਗ 72 ਹਜ਼ਾਰ ਕੁਇੰਟਲ ਬੀਜ (ਬਰੀਡਰ, ਫਾਊਂਡੇਸ਼ਨ ਅਤੇ ਸਰਟੀਫਾਇਡ/ਟੀ ਐੱਲ) ਪੈਦਾ ਕੀਤਾ। ਜਿਸ ਵਿੱਚੋਂ 3595 ਕੁਇੰਟਲ ਬੀਜ ਜਨਤਕ-ਨਿੱਜੀ ਸਾਂਝਦਾਰੀ ਰਾਹੀਂ ਪੈਦਾ ਕੀਤਾ।
- ਕਣਕ ਅਤੇ ਝੋਨੇ ਦੀਆਂ ਪ੍ਰਮੁੱਖ ਬਿਮਾਰੀਆਂ ਲਈ ਕ੍ਰਮਵਾਰ 1400 ਅਤੇ 1200 ਅਕਸੈਸ਼ਨਜ਼ ਵਾਲੇ ਜੰਗਲੀ ਕਣਕ ਅਤੇ ਜੰਗਲੀ ਝੋਨੇ ਦੇ ਜ਼ਰਮਪਲਾਜ਼ਮ ਦੀ ਪਛਾਣ ਕੀਤੀ ਗਈ । ਕਣਕ ਵਿੱਚ ਪੀਲੀ ਕੁੰਗੀ ਅਤੇ ਝੋਨੇ ਵਿਚਲੇ ਝੁਲਸ ਰੋਗ ਪ੍ਰਤੀ ਉੱਚ ਦਰਜੇ ਦੀ ਰੋਧਿਕਤਾ ਵਾਲੇ ਅਕਸੈਸ਼ਨਜ਼ ਨੂੰ ਉੱਤਮ ਕਿਸਮਾਂ ਨਾਲ ਕਰਾਸ ਕੀਤਾ ਗਿਆ ਤਾਂ ਜੋ ਇਨ੍ਹਾਂ ਜੀਨਜ਼ ਨੂੰ ਕਾਸ਼ਤ ਅਧੀਨ ਲਿਆਂਦਾ ਜਾ ਸਕੇ। ਐਮ ਏ ਐਸ (ਮਾਰਕਰ ਅਸਿਸਟਿਡ ਸਿਲੈਕਸ਼ਨ) ਦੀ ਵਰਤੋਂ ਕਰਦਿਆਂ ਟੀ. ਡਿਉਰਮ-ਏਈ. ਸਪਿਲਟੋਆਇਡਜ਼ ਇੰਟਰੋਗ੍ਰੈਸ਼ਨਜ਼ ਲਾਈਨਜ਼ ਵਿੱਚ ਪਛਾਣੀਆਂ ਗਈਆਂ ਤਪਸ਼ ਪ੍ਰਤੀ ਰੋਧਿਕਤਾ

ਰੱਖਣ ਵਾਲੀ ਕਿਉ ਟੀ ਐੱਲ ਨੂੰ ਧਾਰੀਦਾਰ ਕੁੰਗੀ ਪ੍ਰਤੀਰੋਧਿਕ ਉੱਤਮ ਬਰੈੱਡ ਕਣਕ ਲਾਈਨਾਂ ਵਿੱਚ ਤਬਦੀਲ ਕੀਤਾ ਗਿਆ।

- ਝੋਨੇ ਵਿੱਚ ਕ੍ਰੋਮੋਜ਼ੋਮ 4 ਉੱਤੇ ਓਰਾਈਜ਼ਾ ਨਿਵਾਰਾ ਤੋਂ ਪੌਦੇ ਦੇ ਭੂਰੇ ਟਿੱਡੇ ਪ੍ਰਤੀ ਸਹਿਣਸ਼ੀਲਤਾ ਰੱਖਣ ਵਾਲੇ ਇੱਕ ਨਵੇਂ ਜੀਨ ਦੀ ਪਹਿਚਾਣ ਕੀਤੀ ਗਈ ਅਤੇ ਐਮ ਏ ਐਸ ਰੈਡੀ ਮਾਰਕਰਜ਼ ਵਿਕਸਿਤ ਕੀਤੇ ਗਏ ।
- ਆਈਸੋਲੇਟ ਸੀ ਐਫ-08 ਵਿਰੁੱਧ ਲਾਲ ਗਾਲੇ ਪ੍ਰਤੀ ਰੋਧਿਕਤਾ ਰੱਖਣ ਵਾਲੇ ਗਲੂਕੇਨੇਸ ਜੀਨ ਲਈ ਕਮਾਦ ਦੀਆਂ ਟ੍ਰਾਂਸਜੈਨਿਕਜ਼ ਦਾ ਨਿਰੀਖਣ ਕੀਤਾ ਗਿਆ ਅਤੇ ਦੋ ਪੌਦਿਆਂ ਨੂੰ ਇਸ ਪ੍ਰਤੀ ਸਹਿਣਸ਼ੀਲ ਪਾਇਆ ਗਿਆ । ਕਮਾਦ ਦੀ ਨਵੀਂ ਕਿਸਮ ਸੀ ਓ ਪੀ ਬੀ 92 ਅਤੇ ਪੁਦੀਨੇ ਦੀਆਂ ਤਿੰਨ ਕਿਸਮਾਂ ਵਿੱਚ ਮਾਈਕ੍ਰੋਪ੍ਰੋਪੇਗੇਸ਼ਨ ਕੀਤੀ ਗਈ ।

## ਫ਼ਸਲ ਉਤਪਾਦਨ ਤਕਨਾਲੋਜੀਆਂ

- ਯੂਨੀਵਰਸਿਟੀ ਮਾਹਿਰਾਂ ਵੱਲੋਂ ਕਈ ਫ਼ਸਲ ਉਤਪਾਦਨ ਤਕਨਾਲੋਜੀਆਂ ਦੀ ਸਿਫ਼ਾਰਿਸ਼ ਕੀਤੀ ਗਈ, ਜਿਨ੍ਹਾਂ ਵਿੱਚ ਬਾਸਮਤੀ ਚੌਲਾਂ ਲਈ ਪੱਤਾ ਰੰਗ ਚਾਰਟ ਦੀ ਵਰਤੋਂ ਅਧਾਰਿਤ ਲੋੜ ਅਨੁਸਾਰ ਐਨ ਖਾਦ ਦੀ ਸਮਾਂ ਸਾਰਨੀ, ਮੂੰਗਬੀਨ ਅਤੇ ਅਰਹਰ ਦੀ 67.5 ਸੈ.ਮੀ. ਦੀ ਵਿੱਥ ਤੇ (37.5 ਸੈ.ਮੀ. ਕਿਆਰਿਆਂ ਦੇ ਉੱਪਰ ਅਤੇ 30 ਸੈ.ਮੀ. ਖਾਲ਼ਾਂ ਤੇ) ਬਿਜਾਈ।
- 100 ਲਿਟਰ ਪਾਣੀ ਵਿੱਚ ਸੈਲੀਸਾਇਲਿਕ ਐਸਿਡ @7.5 ਗ੍ਰਾਮ/ਏਕੜ ਜਾਂ $KNO_3$ (ਪੋਟਾਸ਼ੀਅਮ ਨਾਈਟ੍ਰੇਟ ਦੇ ਦੋ ਛਿੜਕਾਅ ਕਰਨ ਨਾਲ ਬਰਸੀਮ ਦੇ ਬੀਜ ਉਤਪਾਦਨ ਵਿੱਚ ਵਾਧਾ ਹੁੰਦਾ ਹੈ ।
- ਫ਼ਲਾਂ ਵਿੱਚ ਕਿੰਨੂ ਦੀ ਨਰਸਰੀ ਨੂੰ ਜਲਦੀ ਤਿਆਰ ਕਰਨ ਲਈ ਬੱਡ ਫੋਰਸਿੰਗ (ਪਿਉਂਦ ਦਾ ਜਲਦੀਕਰਨ) ਤਕਨੀਕ ਅਤੇ ਅੰਬ ਵਿੱਚ ਫਾਨਾ ਤਕਨੀਕ ਨਾਲ ਪਿਉਂਦ ਕਰਨ ਦੀ ਇੱਕ ਨਵੀਂ ਪ੍ਰੋਪੇਗੇਸ਼ਨ ਤਕਨੀਕ ਵਿਕਸਿਤ ਕੀਤੀ ਗਈ ਹੈ।
- ਸਬਜ਼ੀਆਂ ਵਿੱਚ ਆਲੂ ਦੇ ਖੇਤਾਂ ਤੇ ਝੋਨੇ ਦੀ ਪਰਾਲੀ ਦੀ ਮਲਚ @25 ਕੁਇੰਟਲ/ਪ੍ਰਤੀ ਏਕੜ ਵਿਛਾਉਣ ਨਾਲ ਜਿੱਥੇ ਆਲੂ ਦੇ ਝਾੜ ਵਿੱਚ ਵਾਧਾ ਹੋਇਆ ਉੱਥੇ ਭੂਮੀ ਦੀ ਸਿਹਤ ਵਿੱਚ ਵੀ ਸੁਧਾਰ ਹੋਇਆ । ਇਸ ਤੋਂ ਇਲਾਵਾ ਬਾਇਓਫਰਟੀਲਾਇਜ਼ਰ + ਐਫ ਵਾਈ ਐਮ (50% ਐਨ) ਦਾ ਛਿੜਕਾਅ ਉੱਤਮ ਜੈਵਿਕ ਖਾਦ ਵਜੋਂ ਰਿਹਾ ਕਿਉਂਕਿ ਇਸ ਨਾਲ ਮਾਈਕਰੋਬੀਅਲ ਗਿਣਤੀ ਅਤੇ ਭੂਮੀ ਦੀ ਇੰਨਜ਼ਾਇਮੈਟਿਕ ਗਤੀਵਿਧੀ ਵਿੱਚ ਅਥਾਹ ਵਾਧਾ ਹੋਇਆ। ਜਿਸ ਸਦਕਾ ਭੂਮੀ ਦੇ ਐਨ ਪੀ ਕੇ ਤੱਤ ਦੇ ਵਧਣ ਨਾਲ ਆਲੂ ਦੀ ਫ਼ਸਲ ਦਾ ਝਾੜ ਵਧਿਆ ।
- ਮੱਕੀ ਵਿੱਚ ਬੀਜ ਸੋਧ ਰਾਹੀਂ ਕੰਸੋਰਸ਼ੀਅਮ ਬਾਇਓਫਰਟੀਲਾਇਜ਼ਰ @500 ਗ੍ਰਾਮ ਪ੍ਰਤੀ ਏਕੜ ਦਾ ਛਿੜਕਾਅ ਕਰਨ ਨਾਲ ਜਿੱਥੇ ਵੱਧ ਝਾੜ ਹਾਸਲ ਹੋਇਆ ਉੱਥੇ ਭੂਮੀ ਦੀ ਸਿਹਤ ਵਿੱਚ ਵੀ ਸੁਧਾਰ ਆਇਆ ।
- ਝੋਨੇ ਦੀ ਫ਼ਸਲ ਲਈ ਐਜ਼ੋਰਹੀਜ਼ੋਬੀਅਮ ਅਧਾਰਤ ਬਾਇਓਫਰਟੀਲਾਇਜ਼ਰ ਦੀ ਸਿਫ਼ਾਰਸ਼ ਕੀਤੀ ਗਈ ।
- ਵਣ ਖੇਤੀ ਵਿੱਚ ਪਾਪੂਲਰ ਦੇ ਪੌਦਿਆਂ ਵਿੱਚ ਕਣਕ ਦੀ ਡਬਲਯੂ ਐੱਚ 1105 ਕਿਸਮ ਨੂੰ ਬੀਜਣ ਦੀ ਸਿਫ਼ਾਰਸ਼ ਕੀਤੀ ਗਈ ।

## ਫ਼ਸਲ ਸੁਰੱਖਿਆ ਤਕਨਾਲੋਜੀਆਂ

- ਨੈੱਟ ਹਾਊਸ ਵਿੱਚ ਰੂਟ ਨਾਟ ਨਿਮਾਟੋਡ ਦੀ ਰੋਕਥਾਮ ਲਈ ਗੇਂਦੇ ਦੀ 60 ਦਿਨ ਪੁਰਾਣੀ ਫ਼ਸਲ ਉੱਤੇ ਹਰੀ ਖਾਦ ਦੀ ਵਰਤੋਂ ਕਰਨ ਦੀ ਸਿਫ਼ਾਰਿਸ਼ ਕੀਤੀ ਗਈ ।
- ਮੌਸਮ ਦੀ ਭਵਿੱਖਬਾਣੀ ਤੇ ਅਧਾਰਿਤ ਕਣਕ ਦੀ ਪੀਲੀ ਕੁੰਗੀ ਲਈ ਪਹਿਲਾਂ ਤੋਂ ਹੀ ਚੇਤਾਵਨੀ ਦੇਣ ਵਾਲੇ ਮਾਡਲ ਨੂੰ ਤਿਆਰ ਕੀਤਾ ਗਿਆ ਤਾਂ ਜੋ ਬਿਮਾਰੀ ਦੀ ਸਮੇਂ ਸਿਰ ਰੋਕਥਾਮ ਕੀਤੀ ਜਾ ਸਕੇ ।
- ਫ਼ਲਾਂ ਵਿੱਚ ਅੰਬਾਂ ਅਤੇ ਆਲੂ ਬੁਖਾਰਿਆਂ ਦੇ ਬਾਗਾਂ ਵਿਚਲੀਆਂ ਫ਼ਲ ਮੱਖੀਆਂ ਦੀ ਰੋਕਥਾਮ ਘੱਟ ਖਰਚ ਤੇ ਕਰਨ ਲਈ ਮਈ ਦੇ ਦੂਜੇ ਤੇ ਤੀਜੇ ਹਫ਼ਤੇ ਪੀ ਏ ਯੂ ਫਰੂਟ ਫਲਾਈ ਟਰੈਪਸ @16 ਟਰੈਪਸ (ਜਾਲ) ਪ੍ਰਤੀ ਏਕੜ ਲਗਾਉਣ ਦੀ ਸਿਫ਼ਾਰਸ਼ ਕੀਤੀ ਗਈ । ਝੋਨੇ ਵਿਚਲੇ ਝੁਲਸ ਰੋਗ ਅਤੇ ਬਲਾਸਟ ਦੀ ਰੋਕਥਾਮ ਲਈ ਐਮੀਸਟਾਰ ਟੌਪ 325 ਐਸ ਸੀ (ਐਜ਼ੋਕਸੀਸਟ੍ਰੋਬਿਨ 18.2%+ਡੀਫੀਨੋਕੋਨੇਜ਼ੋਲ 11.4 ਪ੍ਰਤੀਸ਼ਤ ਐਸ ਸੀ, ਕਣਕ ਵਿਚਲੇ ਲੂਜ਼ ਸਮੱਟ ਅਤੇ ਝੰਡਾ ਰੋਗ ਦੀ ਰੋਕਥਾਮ ਲਈ ਕਣਕ ਦੇ ਬੀਜ ਨੂੰ ਰੈਕਸਿਲ ਇਜ਼ੀ (ਟੈਬੂਕੋਨੇਜ਼ੋਲ 6 ਪ੍ਰਤੀਸ਼ਤ) @13 ਮਿ.ਲੀ./40 ਕਿ.ਗ੍ਰਾ. ਬੀਜ ਜਾਂ ਸੀਡੈਕਸ 2 ਡੀ ਐਸ @40 ਗ੍ਰਾਮ ਪ੍ਰਤੀ 40 ਕਿਲੋਗ੍ਰਾਮ ਬੀਜ ਨਾਲ ਸੋਧਣ, ਬਾਸਮਤੀ ਚੌਲਾਂ ਵਿੱਚ ਪੱਤਾ ਮਰੋੜ ਅਤੇ ਤਣੇ ਦੇ ਗੜੂੰਏ ਦੀ ਰੋਕਥਾਮ ਲਈ ਮਾਈਫਪਰੋ-ਜੀ ਅਤੇ ਮਹਾਵੀਰ-ਜੀ ਆਰ (ਫਿਪਰੋਨਿਲ) @6 ਕਿ.ਗ੍ਰਾਮ/ਏਕੜ ਅਤੇ ਮਾਈਫਟੈਪ 4 ਪ੍ਰਤੀਸ਼ਤ ਜੀ ਆਰ (ਕਾਰਟੈਪ ਹਾਈਡਰੋਕਲੋਰਾਈਡ) @10 ਕਿਲੋਗ੍ਰਾਮ/ਏਕੜ ਦਾ ਛਿੜਕਾਅ; ਝੋਨੇ ਦੇ ਟਿੱਡਿਆਂ ਦੀ ਰੋਕਥਾਮ ਲਈ ਕੁਇਨਿਲਫਾਸ 25 ਈ ਸੀ (ਕੁਇਨਿਲਫੋਸ) @800 ਮਿ.ਲੀ./ਏਕੜ ਦਾ ਛਿੜਕਾਅ; ਕਮਾਦ ਵਿੱਚ ਬਲੈਕ ਬੱਗ ਦੀ ਰੋਕਥਾਮ ਲਈ ਗੋਲਡਬੈਨ 20 ਈ ਸੀ (ਕਲੋਰਪਾਇਰੀਫੋਸ) @350 ਮਿ.ਲੀ/ਏਕੜ ਦਾ ਛਿੜਕਾਅ; ਨਰਮੇ ਦੇ ਜੈਸਿਡ ਦੀ ਰੋਕਥਾਮ ਲਈ ਥੌਂਪਸਨ 25 ਡਬਲਯੂ ਜੀ (ਥੀਆਮੈਥੋਕਸਮ) @40 ਗ੍ਰਾਮ/ਏਕੜ ਨੂੰ 150 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨ ਦੀ ਸਿਫ਼ਾਰਿਸ਼ ਅਤੇ ਨਰਮੇ ਦੀ ਚਿੱਟੀ ਮੱਖੀ ਦੀ ਰੋਕਥਾਮ ਲਈ ਯੂਲਾਲਾ 50 ਡਬਲਯੂ ਜੀ @80 ਗ੍ਰਾਮ/ਏਕੜ, ਲੈਨੋ 10 ਈ ਸੀ (ਪਾਇਰੀਪ੍ਰੋਕਸੀਫਿਨ) @500 ਮਿ.ਲੀ./ਏਕੜ ਅਤੇ ਕਰੇਜ਼ 50 ਡਬਲਯੂ ਪੀ (ਡਾਇਆ ਫਿਨਥਿਓਰੋਨ) @200 ਗ੍ਰਾਮ/ਏਕੜ ਨੂੰ 150 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨ ਦੀ ਸਿਫ਼ਾਰਿਸ਼ ਕੀਤੀ ਗਈ।

- ਸਬਜ਼ੀਆਂ ਵਿੱਚ ਹਲਦੀ ਦੀ ਜੈਵਿਕ ਫ਼ਸਲ ਦੀ ਬਿਜਾਈ ਤੋਂ ਤੁਰੰਤ ਬਾਅਦ 100 ਕੁਇੰਟਲ ਪ੍ਰਤੀ ਹੈਕਟੇਅਰ ਝੋਨੇ ਦੀ ਪਰਾਲੀ ਦੀ ਮਲਚ ਵਿਛਾਉਣ ਨਾਲ ਅਤੇ ਇਸ ਉਪਰੰਤ ਬਿਜਾਈ ਤੋਂ ਤਿੰਨ ਮਹੀਨੇ ਬਾਅਦ ਲੋੜ ਪੈਣ ਤੇ ਹੱਥੀਂ ਇਕ ਗੁਡਾਈ ਕਰਨ ਨਾਲ ਨਦੀਨਾਂ ਉੱਤੇ ਪੂਰੀ ਤਰ੍ਹਾਂ ਰੋਕਥਾਮ ਹੋ ਜਾਂਦੀ ਹੈ ।

## ਖੇਤ ਮਸ਼ੀਨਰੀ

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਯੂਨੀਵਰਸਿਟੀ ਦੇ ਖੇਤ ਇੰਜੀਨੀਅਰਾਂ ਨੇ ਕਈ ਮਸ਼ੀਨਾਂ ਵਿੱਚ ਸੋਧ ਕੀਤੀ ਅਤੇ ਵਿਕਸਿਤ ਕੀਤੀਆਂ ।

- ਫ਼ਸਲ ਤੋਂ ਵਧੇਰੇ ਝਾੜ ਲੈਣ ਲਈ ਹੈਪੀਸੀਡਰ ਮਸ਼ੀਨ ਨਾਲ ਪ੍ਰੈੱਸ-ਵੀਲਜ਼ ਲਗਾਏ ਗਏ ।
- ਲੱਕੀ ਸੀਡ ਡਰਿੱਲ ਵਿਕਸਤ ਕੀਤੀ ਗਈ ਤਾਂ ਜੋ ਕਣਕ ਦੀ ਬਿਜਾਈ ਦੇ ਨਾਲ-ਨਾਲ ਬੂਟੀ ਨਾਸ਼ਕਾਂ ਦਾ ਛਿੜਕਾਅ ਕੀਤਾ ਜਾ ਸਕੇ ।
- ਟਰੈਕਟਰ ਪੀ ਟੀ ਓ ਨਾਲ ਚੱਲਣ ਵਾਲਾ ਟਰੇਲ ਕਿਸਮ ਦਾ ਪਰਾਲੀ ਕੱਟਣ ਵਾਲਾ ਚਾਪਰ ਵਿਕਸਿਤ ਕੀਤਾ ਗਿਆ ਜੋ ਕਿ ਨਿਰੀਖਣ ਦੇ ਅੰਤਿਮ ਪੜ੍ਹਾਅ ਤੇ ਹੈ ।
- ਟਰੈਕਟਰ ਨਾਲ ਚੱਲਣ ਵਾਲਾ ਉਂਗਲੀ ਨੁਮਾ ਨਰਮਾ ਚੁਗਣ ਵਾਲਾ ਪ੍ਰੋਟੋਟਾਈਪ ਵਿਕਸਿਤ ਕੀਤਾ ਗਿਆ ਅਤੇ ਨਰਮੇ ਦੀ ਸਥਾਨਕ ਕਿਸਮ ਤੇ ਉਸਦਾ ਨਿਰੀਖਣ ਕੀਤਾ ਗਿਆ ।

## ਕਟਾਈ ਉਪਰੰਤ ਤਕਨਾਲੋਜੀਆਂ

- ਸ਼ਕਰਕੰਦੀ (ਪੀ ਐਸ ਪੀ-21) ਤੋਂ ਆਟਾ ਤਿਆਰ ਕਰਨ ਦੀ ਵਿਧੀ ਦਾ ਮਿਆਰੀਕਰਨ ਕੀਤਾ ਗਿਆ ਅਤੇ ਇਸ ਨੂੰ ਸੋਰਗਮ ਅਤੇ ਮੱਕੀ ਵਰਗੇ ਅਨਾਜ ਦੇ ਦਾਣਿਆਂ ਨਾਲ ਕੁਕੀਜ਼ (ਬਿਸਕੁੱਟ) ਅਤੇ ਸਨੈਕਜ਼ ਆਦਿ ਪੌਸ਼ਟਿਕ ਭੋਜਨ ਤਿਆਰ ਕਰਨ ਲਈ ਵਰਤਿਆ ਗਿਆ ।
- ਵੱਖੋ-ਵੱਖ ਫ਼ਲਾਂ ਦੇ ਜੂਸਾਂ ਦੇ ਮਿਸ਼ਰਣ ਦੀ ਵਰਤੋਂ ਕਰਦਿਆਂ ਗੰਨੇ ਦੇ ਰਸ ਤੋਂ ਪੇਅ ਪਦਾਰਥ ਤਿਆਰ ਕਰਨ ਅਤੇ ਮਸਾਲਿਆਂ ਅਤੇ ਸਰ੍ਹੋਂ ਦੇ ਤੇਲ ਨਾਲ ਸਾਂਭ-ਸੰਭਾਲ ਕਰਦਿਆਂ ਕੁਦਰਤੀ ਤੌਰ ਤੇ ਖਮੀਰ ਹੋਏ ਬੇਬੀ ਕਾਰਨ ਅਚਾਰ ਤਿਆਰ ਕਰਨ ਦੀਆਂ ਤਕਨੀਕਾਂ ਵਿਕਸਿਤ ਕੀਤੀਆਂ ਗਈਆਂ।
- ਬੈਂਗਣ ਦੇ ਫ਼ਲ ਨੂੰ ਕਾਗਜ਼ ਨਾਲ ਬਣਾਈਆਂ ਟਰੇਆਂ ਵਿੱਚ ਰੱਖ ਕੇ ਸ਼ਰਿੰਕ ਅਤੇ ਕਲਿੰਗ ਫਿ਼ਲਮ ਨਾਲ ਢੱਕਣ ਤੇ ਉਹਨਾਂ ਦੀ ਵਰਤੋਂ ਯੋਗਤਾ ਮਿਆਦ ਵਿੱਚ ਇੱਕ ਹਫ਼ਤੇ ਦਾ ਵਾਧਾ ਹੋਇਆ। ਇਸੇ ਤਰ੍ਹਾਂ ਟਮਾਟਰਾਂ ਨੂੰ ਕਾਗਜ਼ ਨਾਲ ਬਣਾਈਆਂ ਟਰੇਆਂ ਵਿੱਚ ਰੱਖ ਕੇ ਉਪਰੋਂ ਸ਼ਰਿੰਕ ਅਤੇ ਕਲਿੰਗ ਫਿਲਮ ਨਾਲ ਢੱਕਣ ਤੇ ਉਹਨਾਂ ਦੇ ਮੰਡੀਕਰਨ ਦੇ ਸਮੇਂ ਵਿੱਚ ਛੇ ਦਿਨ ਦਾ ਵਾਧਾ ਹੋਇਆ ਅਤੇ ਗੋਭੀ ਨੂੰ ਸ਼ਰਿੰਕ ਅਤੇ ਕਲਿੰਗ ਫਿਲਮ ਨਾਲ ਲਪੇਟ ਕੇ ਰੱਖਣ ਤੇ ਉਹਨਾਂ ਦੇ ਪ੍ਰਚੂਨ ਮੰਡੀਕਰਨ ਦੇ ਸਮੇਂ ਅਤੇ ਗੁਣਵੱਤਾ ਨੂੰ ਕਾਇਮ ਰੱਖਣ ਲਈ 15 ਦਿਨ ਦਾ ਵਾਧਾ ਹੋਇਆ ।
- 9 ਤਰ੍ਹਾਂ ਦੇ ਪੈਥੋਜਿਨਜ਼ ਨੂੰ ਇਕੋ ਵਾਰੀ ਪਛਾਣਨ ਵਾਲੀ ਬੈਕਟੀਰੀਆਲੋਜੀਕਲ ਭੋਜਨ ਪਰਖ ਕਿੱਟ ਨੂੰ ਪ੍ਰਮਾਣਿਤ ਕੀਤਾ ਗਿਆ ।
- ਉਦਯੋਗ ਦੇ ਸਹਿਯੋਗ ਨਾਲ ਕਮਰਸ਼ੀਅਲ ਸਕੇਲ (500 L) ਤੇ ਅਰਧ-ਲਗਾਤਾਰ ਖਮੀਰੀਕਰਣ ਰਾਹੀਂ ਗੰਨੇ ਦਾ ਸਿਰਕਾ ਤਿਆਰ ਕਰਨ ਦੀ ਵਿਧੀ ਦਾ ਮਿਆਰੀਕਰਨ ਕੀਤਾ ਗਿਆ।
- ਮੱਕੀ ਅਧਾਰਿਤ ਲੋਹਾ ਤੱਤ ਨਾਲ ਭਰਪੂਰ ਸਨੈਕਸ, ਗਲੂਟਨ ਮੁਕਤ ਬਿਸਕੁੱਟ ਅਤੇ ਸਨੈਕਸ ਤਿਆਰ ਕਰਨ ਦੇ ਤਜ਼ਰਬੇ ਕੀਤੇ ਗਏ ।

## ਹੋਰ ਤਕਨਾਲੋਜੀਆਂ

- ਡੰਗ ਰਹਿਤ ਮਧੂ ਮੱਖੀਆਂ (ਟੈਟਰਾਗੋਨੁਲਾ ਇਰੀਡਾਇਪਿਨਿਸ) ਲਈ ਘੱਟ ਲਾਗਤ ਵਾਲਾ ਛੱਤਾ ਜਿਸ ਵਿੱਚ 10 ਸੈ.ਮੀ. ਘੇਰੇ ਅਤੇ 45 ਸੈ.ਮੀ. ਲੰਬਾਈ ਵਾਲੀ ਪਲਾਸਟਿਕ ਦੀ ਪਾਇਪ ਵਰਤੀ ਗਈ, ਨੂੰ ਵਿਕਸਿਤ ਕੀਤਾ ਗਿਆ ।
- ਖਿੜੇ ਹੋਏ ਸੂਰਜਮੁਖੀ ਉੱਤੇ ਪੋਲੀਨੇਟਰਜ਼ ਦੇ ਆਉਣ ਨਾਲ ਉਸਦੇ ਬੀਜ ਦੇ ਝਾੜ ਵਿੱਚ 7 ਤੋਂ 18% ਵਾਧਾ ਹੋਇਆ ।
- ਕਿੰਗ ਓਇਸਟਰ ਖੁੰਬ (ਪਲੂਰੋਟਸ ਐਰੀਂਜੀ) ਦੀ ਪੰਜਾਬ ਵਿੱਚ ਸਫ਼ਲਤਾ ਪੂਰਵਕ ਕਾਸ਼ਤ ਕੀਤੀ ਗਈ ।
- ਬਟਨ ਖੁੰਬ ਦੀ ਕਾਸ਼ਤ ਲਈ ਡੀ ਏ ਪੀ (ਡਾਇਮੋਨੀਅਮ ਫਾਸਫੇਟ) ਦੀ ਵਰਤੋਂ ਕਰਦਿਆਂ ਲੰਬੀ ਵਿਧੀ ਵਾਲੀ ਕੰਪੋਸਟ ਲਈ ਬਦਲਵੀਂ ਫਾਰਮੂਲੇਸ਼ਨ ਅਤੇ ਐੱਫ ਵਾਈ ਐਮ (1:1, v/v) ਨਾਲ ਨਾਰੀਅਲ ਦੇ ਰੇਸ਼ੇ ਤੋਂ ਤਿਆਰ ਕੀਤੀ ਮਿੱਟੀ ਦੀ ਫਾਰਮੂਲੇਸ਼ਨ ਦੀ ਸਿਫ਼ਾਰਸ਼ ਕੀਤੀ ਗਈ । ਬਟਨ ਖੁੰਬ, ਝੋਨੇ ਦੀ ਪਰਾਲੀ ਵਾਲੀ ਖੁੰਬ ਅਤੇ ਢੀਂਗਰੀ ਦੀ ਕਾਸ਼ਤ ਲਈ ਝੋਨੇ ਦੀ ਪਰਾਲੀ ਦੀ ਵਰਤੋਂ ਕਰਨ ਦੀ ਸਿਫ਼ਾਰਸ਼ ਕੀਤੀ ਗਈ ।
- ਬਜ਼ੁਰਗਾਂ ਦੀਆਂ ਕੱਪੜਿਆਂ ਪ੍ਰਤੀ ਲੋੜਾਂ ਦੇ ਮੁਤਾਬਕ ਕਈ ਪਰਤਾਂ ਵਾਲੇ ਸਰਦੀਆਂ ਦੇ ਕੱਪੜੇ ਤਿਆਰ ਕੀਤੇ ਗਏ । ਬਲਾਕ ਅਤੇ ਸਕਰੀਨ ਛਪਾਈ ਤਕਨੀਕਾਂ ਵਾਲੇ ਸੂਤੀ ਅਤੇ ਸਿਲਕ ਦੋਹਾਂ ਤਰ੍ਹਾਂ ਦੇ ਕੱਪੜਿਆਂ ਉੱਤੇ ਪ੍ਰਿੰਟਿੰਗ ਲਈ ਕੁਦਰਤਨ ਗਾੜ੍ਹੇ ਏਜੰਟ ਵਜੋਂ ਅਰਜੁਨ (ਟਰਮੀਨੇਲੀਆ ਅਰਜੁਨਾ) ਡਾਈ ਦੀ ਵਰਤੋਂ ਕਰਨ ਅਤੇ ਗੋਆਰਗਮ (ਸਾਈਐਂਪੋਸਿਜ਼ ਟੈਟਰਾਗੋਨੋਲੋਬਸ) ਦੀ ਥਾਂ ਕੈਸੀਆ ਗਮ (ਕੈਸੀਆ ਓਪਟੂਸਿਫੋਲੀਆ) ਦੀ ਵਰਤੋਂ ਕਰਨ ਦੇ ਤਜ਼ਰਬੇ ਕੀਤੇ ਗਏ ।

## ਸਿੱਖਿਆ

ਸਾਲ 2015-16 ਦੌਰਾਨ ਯੂਨੀਵਰਸਿਟੀ ਵੱਲੋਂ 10 ਅੰਡਰਗਰੈਜੂਏਟ ਪ੍ਰੋਗਰਾਮ, 44 ਮਾਸਟਰ'ਜ਼ ਪ੍ਰੋਗਰਾਮ, 29 ਡਾਕਟਰੇਟ ਪ੍ਰੋਗਰਾਮ ਅਤੇ ਇਕ ਡਿਪਲੋਮਾ ਪ੍ਰੋਗਰਾਮ ਵਿੱਚ ਸਿੱਖਿਆ ਪ੍ਰਦਾਨ ਕੀਤੀ ਗਈ । ਅਕਾਦਮਿਕ ਸੈਸ਼ਨ 2015-16 ਦੌਰਾਨ ਕੁਲ 3882 ਵਿਦਿਆਰਥੀਆਂ ਨੇ ਦਾਖਲਾ ਲਿਆ । ਯੂਨੀਵਰਸਿਟੀ ਦੇ ਵੱਖੋ-ਵੱਖ ਅਕਾਦਮਿਕ ਪ੍ਰੋਗਰਾਮਾਂ ਵਿੱਚ ਅਫਗਾਨਿਸਤਾਨ, ਭੂਟਾਨ, ਮਿਸਰ, ਮਾਲਦੀਵ, ਨੇਪਾਲ, ਨਾਇਜ਼ੀਰੀਆ, ਤਨਜ਼ਾਨੀਆ ਅਤੇ ਯੁਗਾਂਡਾ ਤੋਂ 26 ਵਿਦੇਸ਼ੀ ਵਿਦਿਆਰਥੀਆਂ ਨੇ ਦਾਖਲਾ ਲਿਆ।

ਯੂਨੀਵਰਸਿਟੀ ਦੇ ਵੱਖੋ-ਵੱਖ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਪ੍ਰੋਗਰਾਮਾਂ ਵਿੱਚ ਪ੍ਰਵੇਸ਼ ਪ੍ਰੀਖਿਆਵਾਂ ਰਾਹੀਂ ਦਾਖਲੇ ਕੀਤੇ ਗਏ ।

- ਵੱਖੋ ਵੱਖ ਪ੍ਰੋਗਰਾਮਾਂ ਵਿੱਚ ਸਿੱਖਿਆ ਹਾਸਲ ਕਰਨ ਵਾਲੇ 721 ਵਿਦਿਆਰਥੀਆਂ ਨੂੰ ਵਜ਼ੀਫ਼ੇ ਅਤੇ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ ।
- 16 ਅਕਤੂਬਰ 2015 ਨੂੰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀ ਸਲਾਨਾ ਕਨਵੋਕੇਸ਼ਨ ਮੌਕੇ ਪੀ ਐਚ ਡੀ, ਐਮ ਐਸ ਸੀ, ਐਮ ਟੈੱਕ, ਐਮ ਸੀ ਏ, ਐਮ ਬੀ ਏ, ਐਮ ਬੀ ਏ (ਐਗਰੀ ਬਿਜ਼ਨੈੱਸ) ਅਤੇ ਐਮ ਜੇ ਐਮ ਸੀ (ਪੱਤਰਕਾਰੀ ਅਤੇ ਜਨ-ਸੰਚਾਰ) ਦੇ 393 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ । ਇਸ ਮੌਕੇ 17 ਵਿਦਿਆਰਥੀਆਂ ਨੂੰ ਤਗਮਿਆਂ ਅਤੇ ਸੋਨ ਤਗਮਿਆਂ ਨਾਲ ਸਨਮਾਨਿਤ ਕੀਤਾ ਗਿਆ ਅਤੇ ਕਈ ਵਿਦਿਆਰਥੀਆਂ ਨੇ ਮੈਰਿਟ ਸਰਟੀਫਿਕੇਟ ਹਾਸਲ ਕੀਤੇ । ਪੀ ਏ ਯੂ ਫੈਕਲਟੀ ਦੇ 7 ਮੈਂਬਰਾਂ ਨੂੰ ਸਨਮਾਨ ਚਿੰਨ੍ਹ ਅਤੇ ਨਕਦ ਇਨਾਮ ਪ੍ਰਦਾਨ ਕੀਤੇ ਗਏ ।
- ਇਸ ਤੋਂ ਇਲਾਵਾ ਦੋ ਵਿਦਿਆਰਥੀਆਂ ਨੇ ਜਵਾਹਰ ਲਾਲ ਨਹਿਰੂ ਐਵਾਰਡ (ਆਈ ਸੀ ਏ ਆਰ), ਦੋ ਪ੍ਰਧਾਨ ਮੰਤਰੀ ਫੈਲੋਸ਼ਿਪ ਅਤੇ ਦੋ ਇੰਟਰਨੈਸ਼ਨਲ ਟਰੈਵਲ ਗਰਾਂਟਸ (ਸਾਇੰਸ ਅਤੇ ਤਕਨਾਲੋਜੀ ਵਿਭਾਗ) ਹਾਸਲ ਕੀਤੇ । ਇੱਕ-ਇੱਕ ਵਿਦਿਆਰਥੀ ਨੂੰ ਮਾਨਸੈਂਟੋ ਬੀਚਲ ਬਾਰਲਾਗ ਇੰਟਰਨੈਸ਼ਨਲ ਸਕਾਲਰਸ਼ਿਪ ਜੀਨੀ ਲਾਯੂਬ ਵੂਮੈੱਨ ਇਨ ਟਰੀਟੀਕਮ (ਡਬਲਯੂ ਆਈ ਟੀ) ਅਰਲੀ ਕੈਰੀਅਰ ਐਵਾਰਡ ਅਤੇ ਇੰਟਰਨੈਸ਼ਨਲ ਯੰਗ ਸਾਇੰਟਿਸਟ ਐਵਾਰਡ (ਇੰਟਰਨੈਸ਼ਨਲ ਸਾਇੰਸ ਕਮਿਊਨਿਟੀ ਐਸੋਸੀਏਸ਼ਨ, ਸਹਿਕਾਰਤਾ ਮਾਮਲਿਆਂ ਦਾ ਕੇਂਦਰੀ ਮੰਤਰਾਲਾ, ਭਾਰਤ) ਪ੍ਰਦਾਨ ਕੀਤੇ ਗਏ ।
- ਪੀ ਏ ਯੂ ਦੀਆਂ ਟੀਮਾਂ ਨੇ ਸਪੋਰਟਸ (ਖੇਡਾਂ) ਅਤੇ ਸਭਿਆਚਾਰਕ ਗਤੀਵਿਧੀਆਂ ਵਿੱਚ ਤਾਮਿਲਨਾਡੂ ਐਗਰੀਕਲਚਰਲ ਯੂਨੀਵਰਸਿਟੀ, ਕੋਇੰਬਟੂਰ ਵਿਖੇ 22-26 ਫਰਵਰੀ 2016 ਨੂੰ ਹੋਈ 15ਵੀਂ ਸਰਵ-ਭਾਰਤੀ ਅੰਤਰ ਐਗਰੀਕਲਚਰਲ ਯੂਨੀਵਰਸਿਟੀਜ਼ ਸਪੋਰਟਸ ਅਤੇ ਗੇਮਜ਼ ਮੀਟ ਮੌਕੇ ਵੱਖੋ-ਵੱਖ ਖੇਡਾਂ ਵਿੱਚ ਸੋਨੇ ਅਤੇ ਚਾਂਦੀ ਦੇ ਤਗਮੇ ਹਾਸਲ ਕੀਤੇ । ਇਸ ਤੋਂ ਇਲਾਵਾ ਪੀ ਏ ਯੂ ਵੱਲੋਂ ਸਪੋਰਟਸ, ਗੇਮਜ਼, ਸਭਿਆਚਾਰਕ ਅਤੇ ਸਾਹਿਤਕ ਖੇਤਰਾਂ ਵਿੱਚ ਸਰਵੋਤਮਤਾ ਦਿਖਾਉਣ ਵਾਲੇ ਹੋਣਹਾਰ ਖਿਡਾਰੀਆਂ/ਕਲਾਕਾਰਾਂ ਨੂੰ 57 ਮੈਰਿਟ ਸਰਟੀਫਿਕੇਟ, 9 ਯੂਨੀਵਰਸਿਟੀ ਕਲਰ ਅਤੇ 7 ਰੋਲ ਆਫ਼ ਆਨਰ ਪ੍ਰਦਾਨ ਕੀਤੇ ਗਏ ।
- ਸੱਭਿਆਚਾਰਕ ਗਤੀਵਿਧੀਆਂ ਵਿੱਚ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਉੜੀਸਾ ਯੂਨੀਵਰਸਿਟੀ ਆਫ਼ ਐਗਰੀਕਲਚਰ ਅਤੇ ਤਕਨਾਲੋਜੀ, ਭੁਬਨੇਸ਼ਵਰ (ਉੜੀਸਾ) ਵਿਖੇ 1-4 ਫਰਵਰੀ, 2016 ਨੂੰ ਆਈ ਸੀ ਏ ਆਰ ਵੱਲੋਂ ਆਯੋਜਿਤ 16ਵੇਂ ਸਰਵ ਭਾਰਤੀ ਅੰਤਰ ਖੇਤੀਬਾੜੀ ਯੂਨੀਵਰਸਿਟੀਆਂ ਦੇ ਯੁਵਕ ਮੇਲੇ ਦੌਰਾਨ ਸਮੂਹ ਗਾਇਨ (ਭਾਰਤੀ) ਵਿੱਚ ਸੋਨ ਤਗਮਾ, ਦੇਸ਼ ਭਗਤੀ ਦੇ ਸਮੂਹ ਗਾਇਨ ਵਿੱਚ ਚਾਂਦੀ ਦਾ ਤਗਮਾ ਅਤੇ ਪੋਸਟਰ ਬਨਾਉਣ ਅਤੇ ਕੁਇਜ਼ ਵਿੱਚ ਕਾਂਸੇ ਦੇ ਤਗਮੇ ਹਾਸਲ ਕੀਤੇ । ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਪੀ ਏ ਯੂ ਵਿਖੇ 14-18 ਜਨਵਰੀ, 2016 ਦੌਰਾਨ ਹੋਏ 31ਵੇਂ ਅੰਤਰ-ਵਰਸਿਟੀ ਨਾਰਥ ਜ਼ੋਨ ਯੁਵਕ ਮੇਲੇ ਮੌਕੇ ਭਾਸ਼ਣ, ਕਾਰਟੂਨਿੰਗ, ਰੰਗੋਲੀ ਅਤੇ ਕਲੇਅ ਮਾਡਲਿੰਗ ਮੁਕਾਬਲਿਆਂ ਵਿੱਚ ਕਾਂਸੇ ਦੇ ਤਗਮੇ ਅਤੇ ਇੰਸਟਾਲੇਸ਼ਨ ਮੁਕਾਬਲੇ ਵਿੱਚ ਚਾਂਦੀ ਦਾ ਤਗਮਾ ਹਾਸਲ ਕੀਤਾ ।

## ਪਸਾਰ

ਯੂਨੀਵਰਸਿਟੀ ਵੱਲੋਂ ਵਿਕਸਿਤ ਕੀਤੀਆਂ ਨਵੀਆਂ ਤਕਨਾਲੋਜੀਆਂ ਵੱਖੋ ਵੱਖ ਪਸਾਰ ਗਤੀਵਿਧਿਆਂ ਰਾਹੀਂ ਕਿਸਾਨਾਂ ਦੀਆਂ ਬਰੂਹਾਂ ਤੱਕ ਪਹੁੰਚਾਈਆਂ ਜਾਂਦੀਆਂ ਹਨ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਯੂਨੀਵਰਸਿਟੀ ਵੱਲੋਂ

- ਸਤੰਬਰ 2015 ਅਤੇ ਮਾਰਚ 2016 ਦੌਰਾਨ 14 ਕਿਸਾਨ ਮੇਲੇ ਲਗਾਏ ਗਏ । ਇਨ੍ਹਾਂ ਕਿਸਾਨ ਮੇਲਿਆਂ ਵਿੱਚ ਨਾ ਕੇਵਲ ਪੰਜਾਬ ਸਗੋਂ ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ ਅਤੇ ਰਾਜਸਥਾਨ ਤੋਂ ਵੱਡੀ ਗਿਣਤੀ ਕਿਸਾਨਾਂ ਨੇ ਸ਼ਿਰਕਤ ਕੀਤੀ । ਕਿਸਾਨਾਂ ਨੇ ਖੇਤੀ ਮਾਹਿਰਾਂ ਨਾਲ ਆਪਣੀਆਂ ਖੇਤੀ ਸੰਬੰਧਤ ਸਮੱਸਿਆਵਾਂ ਸਾਂਝੀਆਂ ਕਰਨ ਤੋਂ ਇਲਾਵਾ ਬੀਜ ਅਤੇ ਖੇਤੀ ਸਾਹਿਤ ਦੀ ਖਰੀਦੋ-ਫਰੋਖਤ ਕੀਤੀ ਅਤੇ ਫ਼ਸਲ ਮੁਕਾਬਲਿਆਂ ਵਿੱਚ ਵੀ ਹਿੱਸਾ ਲਿਆ । ਲੁਧਿਆਣਾ ਕੈਂਪਸ ਵਿਖੇ ਲੱਗਣ ਵਾਲੇ ਪੀ ਏ ਯੂ ਕਿਸਾਨ ਮੇਲਿਆਂ ਦੌਰਾਨ ਖੇਤੀਬਾੜੀ, ਬਾਗਬਾਨੀ ਅਤੇ ਸਹਾਇਕ ਧੰਦਿਆਂ ਵਿੱਚ ਵਡਮੁੱਲਾ ਯੋਗਦਾਨ ਪਾਉਣ ਵਾਲੇ 10 ਅਗਾਂਹਵਧੂ ਕਿਸਾਨਾਂ ਨੂੰ ਸਨਮਾਨਿਤ ਕੀਤਾ ਗਿਆ ।
- ਫ਼ਸਲਾਂ ਦੀਆਂ ਨਵੀਆਂ ਕਿਸਮਾਂ ਅਤੇ ਉਤਪਾਦਨ ਅਤੇ ਸੁਰੱਖਿਆ ਤਕਨਾਲੋਜੀਆਂ ਦਾ ਮੁਲਾਂਕਣ ਕਰਨ ਲਈ ਵੱਖੋ-ਵੱਖ ਸਥਾਨਾਂ ਤੇ 237 ਅਨੁਕੂਲਣਸ਼ੀਲ ਖੋਜ ਤਜ਼ਰਬੇ ਕੀਤੇ ਗਏ ।
- ਸਾਰੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਵੱਲੋਂ ਤੇਲ ਬੀਜਾਂ ਦੀਆਂ ਫ਼ਸਲਾਂ (ਮੂੰਗਫਲੀ, ਸਰ੍ਹੋਂ, ਗੋਭੀ ਸਰ੍ਹੋਂ, ਤੋਰੀਆ, ਰਾਇਆ ਅਤੇ ਸੂਰਜਮੁਖੀ), ਦਾਲਾਂ (ਗਰਮ ਰੁੱਤ ਦੀ ਮੂੰਗੀ, ਸਾਉਣੀ ਦੀ ਮੂੰਗੀ, ਮਾਂਹ, ਸੋਇਆਬੀਨ, ਛੋਲੇ ਅਤੇ ਮਸਰ), ਝੋਨਾ, ਬਾਸਮਤੀ, ਨਰਮਾ (ਅਮਰੀਕਨ, ਦੇਸੀ, ਬੀਟੀ ਅਤੇ ਬੀਟੀ ਰਹਿਤ ਕਿਸਮਾਂ), ਮੱਕੀ ਅਤੇ ਮੱਕਚਰ੍ਹੀ ਦੀਆਂ ਸੋਧੀਆਂ ਹੋਈਆਂ ਕਿਸਮਾਂ ਦੀਆਂ 2356 ਫਰੰਟ ਲਾਈਨ ਪ੍ਰਦਰਸ਼ਨੀਆਂ ਲਗਾਈਆਂ ਗਈਆਂ ।
- ਇਨ੍ਹਾਂ ਤੋਂ ਇਲਾਵਾ 144 ਆਨ-ਫਾਰਮ ਤਜ਼ਰਬੇ ਕੀਤੇ ਗਏ ਅਤੇ 1511 ਸਿਖਲਾਈ ਪ੍ਰੋਗਰਾਮ ਲਗਾਏ ਗਏ ।
- ਪੀ ਏ ਯੂ ਲੁਧਿਆਣਾ ਵਿਖੇ ਖੇਤੀਬਾੜੀ ਵਿੱਚ ਨਿਪੁੰਨਤਾ ਵਿਕਾਸ ਕੇਂਦਰ (ਸਕਿੱਲ ਡਿਵੈਲਪਮੈਂਟ ਸੈਂਟਰ) ਅਤੇ ਖੇਤਰੀ ਖੋਜ ਸਟੇਸ਼ਨ, ਬਠਿੰਡਾ ਵਿਖੇ ਫੂਡ ਇੰਡਸਟ੍ਰੀ ਟ੍ਰੇਨਿੰਗ-ਕਮ-ਬਿਜ਼ਨੈੱਸ ਇਨਕੂਬੇਸ਼ਨ ਸੈਂਟਰ ਸਥਾਪਿਤ ਕੀਤੇ ਗਏ ਜਿੱਥੇ ਅਨੇਕਾਂ ਕਿਸਾਨਾਂ ਅਤੇ ਕਿਸਾਨ ਬੀਬੀਆਂ ਨੂੰ ਫੂਡ ਪ੍ਰੋਸੈਸਿੰਗ

ਅਤੇ ਇਸ ਨਾਲ ਸੰਬੰਧਤ ਖੇਤਰਾਂ ਵਿੱਚ ਨਿਪੁੰਨਤਾ ਵਧਾਉਣ ਲਈ ਸਿਖਲਾਈਆਂ ਦਿੱਤੀਆਂ ਗਈਆਂ ।

- ਖੋਜ ਅਤੇ ਪਸਾਰ ਮਾਹਿਰਾਂ ਦੀਆਂ ਚਾਰ ਕਾਰਜਸ਼ਾਲਾਵਾਂ ਅਤੇ ਰਾਜ ਪੱਧਰੀ ਸਿਖਲਾਈ ਅਤੇ ਯੋਜਨਾਬੰਦੀ ਉੱਤੇ ਇੱਕ ਕਾਰਜਸ਼ਾਲਾ ਕਾਰਵਾਈ ਗਈ ।
- ਇਨ੍ਹਾਂ ਤੋਂ ਇਲਾਵਾ ਵੱਖੋ-ਵੱਖ ਪਿੰਡਾਂ ਵਿੱਚ 232 ਖੇਤ ਦਿਵਸ ਮਨਾਏ ਗਏ ਤਾਂ ਜੋ ਫ਼ਸਲਾਂ ਦੀਆਂ ਨਵੀਆਂ ਕਿਸਮਾਂ, ਝੋਨੇ ਵਿੱਚ ਆਈ ਪੀ ਐਮ, ਝੋਨੇ ਦੀ ਮਸ਼ੀਨੀ ਬਿਜਾਈ, ਹੈਪੀਸੀਡਰ ਦੀ ਵਰਤੋਂ, ਪੌਸ਼ਟਿਕ ਬਗੀਚੀ ਅਤੇ ਖੁੰਭਾਂ ਦੀ ਕਾਸ਼ਤ ਆਦਿ ਨੂੰ ਹੁਲਾਰਾ ਦਿੱਤਾ ਜਾ ਸਕੇ ।
- ਪੀ ਏ ਯੂ ਮਾਹਿਰਾਂ ਵੱਲੋਂ ਦਫ਼ਤਰਾਂ ਵਿੱਚ ਦੌਰਾ ਕਰਨ ਵਾਲੇ, ਖੇਤਾਂ ਵਿੱਚ ਰੁਝੇ ਅਤੇ ਟੈਲੀਫੋਨ ਰਾਹੀਂ ਜਾਣਕਾਰੀ ਹਾਸਲ ਕਰਨ ਵਾਲੇ 45,602 ਕਿਸਾਨਾਂ ਨੂੰ ਤਕਨੀਕੀ ਅਗਵਾਈ ਪ੍ਰਦਾਨ ਕੀਤੀ ਗਈ ।
- ਯੂਨੀਵਰਸਿਟੀ ਵੱਲੋਂ ਪੰਜਾਬ ਦੇ ਵੱਖੋ-ਵੱਖ ਪਿੰਡਾਂ ਵਿੱਚ 319 ਪੀ ਏ ਯੂ ਦੂਤ ਲਗਾਏ ਗਏ ਅਤੇ ਇਨ੍ਹਾਂ ਨੂੰ ਫ਼ਸਲ ਉਤਪਾਦਨ ਅਤੇ ਸੁਰੱਖਿਆ ਨਾਲ ਸੰਬੰਧਤ 98 ਸੁਨੇਹੇ ਭੇਜੇ ਗਏ । ਅੱਜ ਤੱਕ 5109 ਕਿਸਾਨਾਂ ਨੂੰ ਪੀ ਏ ਯੂ ਦੂਤ ਲਗਾਇਆ ਜਾ ਚੁੱਕਾ ਹੈ ।

## ਸੰਚਾਰ ਅਤੇ ਜਨ ਸਾਧਨ

- ਯੂਨੀਵਰਸਿਟੀ ਵੱਲੋਂ ਦੂਰਦਰਸ਼ਨ ਕੇਂਦਰ ਜਲੰਧਰ ਅਤੇ ਆਲ ਇੰਡੀਆ ਰੇਡੀਓ ਜਲੰਧਰ ਨਾਲ ਰਾਬਤਾ ਕਾਇਮ ਰੱਖਦਿਆਂ ਹੋਇਆਂ ਪੀ ਏ ਯੂ ਵਿਗਿਆਨੀਆਂ ਦੀਆਂ 557 ਟੀ ਵੀ ਟਾਕਜ਼ ਅਤੇ 366 ਰੇਡੀਓ ਟਾਕਜ਼ ਕਰਵਾਈਆਂ ਗਈਆਂ ।
- ਵੱਖੋ-ਵੱਖ ਅਖਬਾਰਾਂ ਨੂੰ ਲਗਭਗ 940 ਪ੍ਰੈੱਸ ਰਿਲੀਜ਼ਾਂ (ਅੰਗਰੇਜ਼ੀ ਭਾਸ਼ਾ ਵਿੱਚ 522 ਅਤੇ ਪੰਜਾਬੀ ਭਾਸ਼ਾ ਵਿੱਚ 418) ਜ਼ਾਰੀ ਕੀਤੀਆਂ ਗਈਆਂ । ਪੀ ਏ ਯੂ ਮਾਹਿਰਾਂ ਵੱਲੋਂ ਲਿਖੇ ਲਗਭਗ 165 ਲੇਖ (ਅੰਗਰੇਜ਼ੀ ਭਾਸ਼ਾ ਵਿੱਚ 15 ਅਤੇ ਪੰਜਾਬੀ ਭਾਸ਼ਾ ਵਿੱਚ 150) ਨੂੰ ਵੱਖੋ-ਵੱਖ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿੱਚ ਪ੍ਰਕਾਸ਼ਨਾ ਹਿਤ ਭੇਜਿਆ ਗਿਆ ।
- ਯੂਨੀਵਰਸਿਟੀ ਵੱਲੋਂ ਦੋ ਮਹੀਨਾਵਾਰ ਖੇਤੀ ਮੈਗਜ਼ੀਨ; ਚੰਗੀ ਖੇਤੀ (ਪੰਜਾਬੀ) ਅਤੇ ਪ੍ਰੋਗਰੈਸਿਵ ਫਾਰਮਿੰਗ (ਅੰਗ੍ਰੇਜ਼ੀ) ਪ੍ਰਕਾਸ਼ਿਤ ਕੀਤੇ ਜਾਂਦੇ ਹਨ । ਇਹਨਾਂ ਦੋਹਾਂ ਮੈਗਜ਼ੀਨਾਂ ਦੀ ਸਾਂਝੀ ਸਰਕੂਲੇਸ਼ਨ ਜੋ ਕਿ ਸਾਲ 2014-15 ਵਿੱਚ 1,89,075 ਸੀ, ਵੱਧ ਕੇ ਸਾਲ 2015-16 ਵਿੱਚ 2,17,985 ਹੋ ਗਈ ।
- ਪੰਜਾਬ ਦੀਆਂ ਫ਼ਸਲਾਂ ਲਈ ਸਿਫ਼ਾਰਸ਼ਾਂ ਨੂੰ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਵਿੱਚ ਸਾਲ ਵਿੱਚ ਦੋ ਵਾਰ ਪ੍ਰਕਾਸ਼ਿਤ ਕੀਤਾ ਜਾਂਦਾ ਹੈ । ਇਸ ਤੋਂ ਇਲਾਵਾ ਅੰਗਰੇਜ਼ੀ ਭਾਸ਼ਾ ਵਿੱਚ 16 ਅਤੇ ਪੰਜਾਬੀ ਭਾਸ਼ਾ ਵਿੱਚ 9 ਖੇਤੀ ਸੰਬੰਧਿਤ ਪ੍ਰਕਾਸ਼ਨਾਵਾਂ ਕੱਢੀਆਂ ਗਈਆਂ ।

## ਸਹੀਬੱਧ ਕੀਤੇ ਸਮਝੌਤਾ ਪੱਤਰ (ਐੱਮ ਓ ਯੂ'ਜ਼)

ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਸੰਸਥਾਵਾਂ/ਸੰਗਠਨਾਂ ਨਾਲ ਦੁਵੱਲੇ ਸੰਬੰਧਾਂ ਨੂੰ ਮਜ਼ਬੂਤ ਕਰਨ ਲਈ ਪੀ ਏ ਯੂ ਵੱਲੋਂ ਸਾਲ 2015-16 ਦੌਰਾਨ ਸਮਝੌਤੇ ਦੇ 6 ਪੱਤਰ ਸਹੀਬੱਧ ਕੀਤੇ ਗਏ । ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

- ਮਹਾਂਰਾਸ਼ਟਰਾ ਸਟੇਟ ਸੀਡਜ਼ ਕਾਰਪੋਰੇਸ਼ਨ ਲਿਮਟਿਡ, ਅਕੋਲਾ, ਮਹਾਂਰਾਸ਼ਟਰਾ
- ਅਰਧ-ਖੁਸ਼ਕ ਟ੍ਰੌਪਿਕਸ ਲਈ ਅੰਤਰਰਾਸ਼ਟਰੀ ਫ਼ਸਲ ਖੋਜ ਸੰਸਥਾ (ਆਈ ਸੀ ਆਰ ਆਈ ਐੱਸ ਏ ਟੀ), ਪਤਨਚੇਰੂ, ਤੇਲੰਗਾਨਾ
- ਜਵਾਹਰ ਲਾਲ ਨਹਿਰੂ ਕ੍ਰਿਸ਼ੀ ਵਿਸ਼ਵ ਵਿਦਿਆਲਾ, ਜਬਲਪੁਰ
- ਐਸਟਨ ਯੂਨੀਵਰਸਿਟੀ, ਯੂ ਕੇ
- ਮੈਸਰਜ਼ ਨਿਊਟੈੱਕ ਡੇਅਰੀ ਇੰਜੀਨੀਅਰਜ਼ ਪ੍ਰਾਈਵੇਟ ਲਿਮਟਿਡ, ਅੰਬਾਲਾ
- ਐਗਰੀਕਲਚਰ ਸਕਿੱਲ ਕਾਊਂਸਿਲ ਆਫ਼ ਇੰਡੀਆ, ਗੁਰੂਗ੍ਰਾਮ

## ਐਵਾਰਡਜ਼ ਅਤੇ ਮਾਣ ਸਨਮਾਨ

- ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੂੰ "ਐਗਰੀਕਲਚਰਲ ਲੀਡਰਸ਼ਿਪ ਐਵਾਰਡ 2015" ਹਾਸਲ ਹੋਇਆ । ਸ੍ਰੀ ਰਾਜਨਾਥ ਸਿੰਘ ਕੇਂਦਰੀ ਗ੍ਰਹਿ ਮੰਤਰੀ ਨੇ ਇਹ ਐਵਾਰਡ ਡਾ. ਬਲਦੇਵ ਸਿੰਘ ਢਿੱਲੋਂ, ਵਾਈਸ ਚਾਂਸਲਰ, ਪੀ ਏ ਯੂ ਨੂੰ 18 ਸਤੰਬਰ, 2015 ਨੂੰ ਨਵੀਂ ਦਿੱਲੀ ਵਿਖੇ ਹੋਏ ਇਕ ਵਿਸ਼ਾਲ ਸਮਾਰੋਹ ਦੌਰਾਨ ਪ੍ਰਦਾਨ ਕੀਤਾ ।
- ਡਾ. ਬਲਦੇਵ ਸਿੰਘ ਢਿੱਲੋਂ, ਵਾਈਸ ਚਾਂਸਲਰ, ਪੀ ਏ ਯੂ ਨੂੰ ਪੰਜਾਬ ਅਕੈਡਮੀ ਆਫ਼ ਸਾਇੰਸਜ਼ ਵੱਲੋਂ 7 ਫਰਵਰੀ, 2016 ਨੂੰ ਐੱਸ ਯੂ ਐੱਸ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਅਤੇ ਤਕਨਾਲੋਜੀ, ਮੁਹਾਲੀ ਵਿਖੇ ਹੋਈ 19ਵੀਂ ਪੰਜਾਬ ਸਾਇੰਸ ਕਾਂਗਰਸ ਮੌਕੇ "ਲਾਈਫਟਾਈਮ ਅਚੀਵਮੈਂਟ ਐਵਾਰਡ" ਪ੍ਰਦਾਨ ਕੀਤਾ ਗਿਆ ।
- ਡਾ. ਐੱਮ ਐੱਸ ਭੁੱਲਰ (ਫ਼ਸਲ ਵਿਗਿਆਨ) ਅਤੇ ਏ ਆਈ ਸੀ ਆਰ ਪੀ-ਵੀਡ ਮੈਨੇਜਮੈਂਟ (ਡਬਲਯੂ ਐੱਮ) ਦੇ ਟੀਮ ਮੈਂਬਰਾਂ ਨੇ 28-30 ਅਪ੍ਰੈਲ, 2016 ਨੂੰ ਜਲਗਾਓਂ ਮਹਾਂਰਾਸ਼ਟਰਾ ਵਿਖੇ ਏ ਆਈ ਸੀ ਆਰ ਪੀ-ਡਬਲਯੂ ਐੱਮ ਦੀ 23ਵੀਂ ਸਲਾਨਾ ਰਿਵਿਊ ਮੀਟਿੰਗ ਮੌਕੇ, "ਸਰਵੋਤਮ ਏ ਆਈ ਸੀ ਆਰ ਪੀ-ਵੀਡ ਮੈਨੇਜਮੈਂਟ ਸੈਂਟਰ ਐਵਾਰਡ 2015-16" ਹਾਸਲ ਕੀਤਾ ।
- ਕ੍ਰਿਸ਼ੀ ਵਿਗਿਆਨ ਕੇਂਦਰ ਬਠਿੰਡਾ ਨੇ ਆਈ ਸੀ ਏ ਆਰ ਤੋਂ ਕੇ ਵੀ ਕੇ ਦੀਆਂ ਲੋੜੀਂਦੀਆਂ ਗਤੀਵਿਧੀਆਂ ਨੂੰ ਪੂਰਿਆ ਕਰਨ ਦੇ ਇਵਜ਼ ਵਜੋਂ "ਸਰਵੋਤਮ ਕੇ ਵੀ ਕੇ ਐਵਾਰਡ 2015" ਹਾਸਲ ਕੀਤਾ ।
- ਪੀ ਏ ਯੂ ਦੇ ਹੋਰ ਕਈ ਫੈਕਲਟੀ ਮੈਂਬਰਾਂ ਨੇ ਰਾਸ਼ਟਰੀ ਪੱਧਰ ਤੇ ਅਨੇਕਾਂ ਐਵਾਰਡ ਤੇ ਮਾਣ-ਸਨਮਾਨ ਹਾਸਲ ਕਰਕੇ ਪੀ ਏ ਯੂ ਦਾ ਨਾਮ ਰੋਸ਼ਨ ਕੀਤਾ ।

# ਖੋਜ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (ਪੀ ਏ ਯੂ) ਖੇਤੀਬਾੜੀ ਅਤੇ ਇਸ ਨਾਲ ਸੰਬੰਧਤ ਵਿਗਿਆਨਾਂ ਦੇ ਖੇਤਰ ਵਿੱਚ ਨਿਰੰਤਰ ਖੋਜ ਕਾਰਜ ਕਰ ਰਹੀ ਹੈ ਤਾਂ ਜੋ ਖੇਤੀ ਨੂੰ ਦਰਪੇਸ਼ ਚੁਣੌਤੀਆਂ ਦੇ ਸੁਯੋਗ ਹੱਲ ਲੱਭੇ ਜਾ ਸਕਣ । ਯੂਨੀਵਰਸਿਟੀ ਵੱਲੋਂ ਕਈ ਅਜਿਹੀਆਂ ਤਕਨੀਕਾਂ ਵਿਕਸਿਤ ਕੀਤੀਆਂ ਗਈਆਂ ਜਿਨ੍ਹਾਂ ਨਾਲ ਵਾਤਾਵਰਨ ਪਰਿਵਰਤਨ ਦੇ ਪ੍ਰਭਾਵ ਨੂੰ ਘਟਾਇਆ ਜਾ ਸਕੇ, ਕੁਦਰਤੀ ਸੋਮਿਆਂ ਦੀ ਸਾਂਭ-ਸੰਭਾਲ ਕੀਤੀ ਜਾ ਸਕੇ ਅਤੇ ਖੇਤੀ ਉਤਪਾਦਨ ਵਧਾਉਣ ਲਈ ਲਾਗਤਾਂ ਦੀ ਵਰਤੋਂ ਯੋਗ ਸਮਰਥਾ ਵਿੱਚ ਵਾਧਾ ਕੀਤਾ ਜਾ ਸਕੇ । ਨਿੱਜੀ ਖੇਤਰ ਦਾ ਮੁਕਾਬਲਾ ਕਰਨ ਲਈ ਸੂਖਮ ਖੇਤੀ ਦੇ ਅੰਤਰਗਤ ਫ਼ਸਲ ਸੁਧਾਰ ਪ੍ਰੋਗਰਾਮਾਂ ਵਿੱਚ ਵੱਖ-ਵੱਖ ਬਾਇਓਤਕਨਾਲੋਜੀਕਲ ਟੂਲਜ਼ ਜਿਵੇਂ ਕਿ ਮਾਰਕਰ ਅਸਿਸਟਿਡ ਸਿਲੈਕਸ਼ਨ (ਐਮ ਏ ਐਸ), ਟ੍ਰਾਂਸਜੈਨਿਕਜ਼ ਆਦਿ ਨੂੰ ਸ਼ਾਮਲ ਕੀਤਾ ਗਿਆ । ਇਸ ਤੋਂ ਇਲਾਵਾ ਕਣਕ, ਮੱਕੀ ਅਤੇ ਝੋਨੇ ਵਿੱਚ ਦੋਹਰੀ ਹੈਪਲੋਇਡ ਤਕਨਾਲੋਜੀ ਵਰਤੀ ਗਈ ਤਾਂ ਜੋ ਕਿਸਮਾਂ ਦੇ ਵਿਕਾਸ ਕਾਰਜਾਂ ਨੂੰ ਹੋਰ ਗਤੀਸ਼ੀਲ ਕੀਤਾ ਜਾ ਸਕੇ । ਕਿਲਾਂਗ (ਹਿਮਾਚਲ ਪ੍ਰਦੇਸ਼), ਕਟਕ (ਉੜੀਸ਼ਾ) ਅਤੇ ਹੈਦਰਾਬਾਦ (ਤੇਲੰਗਾਨਾ) ਵਿਖੇ ਉਪਲਬਧ ਸਹੂਲਤਾਂ ਨੂੰ ਬੇਮੌਸਮ ਦੌਰਾਨ ਜੈਨਰੇਸ਼ਨ (ਪੀੜ੍ਹੀ) ਦੀ ਅਗੇਤੀ ਖੋਜ ਕਰਨ ਲਈ ਵਰਤਿਆ ਗਿਆ । ਮੂੰਗਬੀਨ ਅਤੇ ਮੱਕੀ ਹਾਈਬ੍ਰਿਡਜ਼ ਦੇ ਬੀਜ ਉਤਪਾਦਨ ਨੂੰ ਜਨਤਕ-ਨਿੱਜੀ ਸਾਂਝਦਾਰੀ ਰਾਹੀਂ ਵਧਾਇਆ ਗਿਆ । ਫ਼ਸਲਾਂ ਦੀਆਂ ਨਵੀਆਂ ਕਿਸਮਾਂ ਅਤੇ ਉਨ੍ਹਾਂ ਦੀਆਂ ਉਤਪਾਦਨ ਅਤੇ ਸੁਰੱਖਿਆ ਤਕਨਾਲੋਜੀਆਂ ਨੂੰ ਵਿਕਸਿਤ ਕਰਨ ਦੇ ਨਾਲ-ਨਾਲ ਕਟਾਈ ਉਪਰੰਤ ਉਨ੍ਹਾਂ ਦੀ ਸਾਂਭ-ਸੰਭਾਲ ਅਤੇ ਪ੍ਰੋਸੈਸਿੰਗ ਤੇ ਵੀ ਜ਼ੋਰ ਦਿੱਤਾ ਗਿਆ ਤਾਂ ਜੋ ਸਬਜ਼ੀਆਂ ਅਤੇ ਫ਼ਲਾਂ ਦੀ ਤੁੜਾਈ ਉਪਰੰਤ ਹੋਣ ਵਾਲੇ ਨੁਕਸਾਨਾਂ ਨੂੰ ਘਟਾਇਆ ਜਾ ਸਕੇ ।

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਯੂਨੀਵਰਸਿਟੀ ਦੀਆਂ ਪ੍ਰਮੁੱਖ ਖੋਜ ਪ੍ਰਾਪਤੀਆਂ ਇਸ ਪ੍ਰਕਾਰ ਹਨ :

## ਫ਼ਸਲ ਸੁਧਾਰ

ਖੇਤੀ ਨੂੰ ਦਰਪੇਸ਼ ਮੌਜੂਦਾ ਚੁਣੌਤੀਆਂ ਨੂੰ ਮੱਦੇ ਨਜ਼ਰ ਰਖਦੇ ਹੋਏ ਫ਼ਸਲ ਸੁਧਾਰ ਖੋਜ ਨੂੰ ਮੁੜ ਤੋਂ ਪ੍ਰਾਥਮਿਕਤਾ ਦਿੱਤੀ ਗਈ। ਅਜੈਵਿਕ ਅਤੇ ਜੈਵਿਕ ਦਬਾਅ ਪ੍ਰਤੀ ਰੋਧਿਕਤਾ ਰੱਖਣ ਵਾਲੀ ਬ੍ਰੀਡਿੰਗ ਦੇ ਨਾਲ-ਨਾਲ ਝਾੜ ਦੀ ਗੁਣਵਤਾ ਵਧਾਉਣ ਤੇ ਜ਼ੋਰ ਦਿੱਤਾ ਗਿਆ ।

### ਰਾਜ ਪੱਧਰ ਤੇ ਸਿਫ਼ਾਰਿਸ਼ ਕੀਤੀਆਂ ਕਿਸਮਾਂ

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਪੀ ਏ ਯੂ ਵੱਲੋਂ ਪੰਜਾਬ ਵਿੱਚ ਕਾਸ਼ਤ ਕਰਨ ਲਈ ਵੱਖੋ-ਵੱਖ ਫ਼ਸਲਾਂ ਦੀਆਂ 26 ਕਿਸਮਾਂ (ਖੇਤ ਫ਼ਸਲਾਂ ਦੀਆਂ 9, ਸਬਜ਼ੀਆਂ ਦੀਆਂ ਫ਼ਸਲਾਂ ਦੀਆਂ 10 ਅਤੇ ਫ਼ਲਾਂ ਦੀਆਂ 7) ਵਿਕਸਿਤ/ਸਿਫ਼ਾਰਿਸ਼ ਕੀਤੀਆਂ ਗਈਆਂ ।

## ਖੇਤ ਫ਼ਸਲਾਂ

**ਪੀ ਬੀ ਡਬਲਯੂ 677 (ਕਣਕ)** : ਇਹ ਇੱਕ ਦੋਹਰੀ ਬੌਣੀ ਕਿਸਮ ਹੈ, ਜਿਸਨੂੰ ਸੇਂਜੂ ਅਤੇ ਸਮੇਂ ਸਿਰ ਬਿਜਾਈ ਵਾਲੀਆਂ ਹਾਲਤਾਂ ਲਈ ਸਿਫ਼ਾਰਿਸ਼ ਕੀਤਾ ਗਿਆ ਹੈ । ਇਹ ਪੀਲੀ ਅਤੇ ਭੂਰੀ ਕੁੰਗੀ ਪ੍ਰਤੀ ਸਹਿਣਸ਼ੀਲਤਾ ਰੱਖਦੀ ਹੈ । ਇਸਦਾ ਔਸਤਨ ਝਾੜ 22.4 ਕੁਇੰਟਲ/ਏਕੜ ਹੈ ।

**ਪੀ ਬੀ ਡਬਲਯੂ 725 (ਕਣਕ)** : ਕਣਕ ਦੀ ਇਹ ਕਿਸਮ ਵੀ ਦੋਹਰੀ ਬੌਣੀ ਕਿਸਮ ਹੈ, ਜਿਸਨੂੰ ਸੇਂਜੂ ਅਤੇ ਸਮੇਂ ਸਿਰ ਬਿਜਾਈ ਵਾਲੀਆਂ ਹਾਲਤਾਂ ਲਈ ਸਿਫ਼ਾਰਿਸ਼ ਕੀਤਾ ਗਿਆ ਹੈ । ਇਹ ਕਿਸਮ ਪੀਲੀ ਅਤੇ ਭੂਰੀ ਕੁੰਗੀ ਪ੍ਰਤੀ ਸਹਿਣਸ਼ੀਲਤਾ ਰੱਖਦੀ ਹੈ। ਇਸਦਾ ਔਸਤਨ ਝਾੜ 22.9 ਕੁਇੰਟਲ/ਏਕੜ ਹੈ ।

**ਐਚ ਡੀ 3086 (ਕਣਕ)** : ਇਹ ਕਿਸਮ ਸੇਂਜੂ ਅਤੇ ਸਮੇਂ ਸਿਰ ਬਿਜਾਈ ਦੀਆਂ ਹਾਲਤਾਂ ਲਈ ਸਿਫ਼ਾਰਿਸ਼ ਕੀਤੀ ਗਈ ਹੈ। ਇਹ ਇੱਕ ਦੋਹਰੀ ਬੌਣੀ ਕਿਸਮ ਹੈ ਜੋ ਕਿ ਪੀਲੀ ਅਤੇ ਭੂਰੀ ਕੁੰਗੀ ਪ੍ਰਤੀ ਸਹਿਣਸ਼ੀਲਤਾ ਰੱਖਦੀ ਹੈ । ਇਸਦਾ ਔਸਤਨ ਝਾੜ 23 ਕੁਇੰਟਲ/ਏਕੜ ਹੈ ।

**ਪੀ ਆਰ 126 (ਝੋਨਾ) (ਆਰਜ਼ੀ ਪੱਧਰ ਤੇ ਜ਼ਾਰੀ)** : ਇਹ ਕਿਸਮ ਬਿਜਾਈ ਤੋਂ ਲਗਭਗ 123 ਦਿਨਾਂ ਵਿੱਚ ਪੱਕ ਕੇ ਤਿਆਰ ਹੋ ਜਾਂਦੀ ਹੈ । ਇਹ ਕਿਸਮ ਪੰਜਾਬ ਵਿੱਚ ਬੈਕਟੀਰੀਅਲ (ਵਿਸ਼ਾਣੂੰ) ਝੁਲਸ ਪੈਥੋਜਿਨ ਦੀਆਂ ਮੌਜੂਦਾ 10 ਪੈਥੋ ਕਿਸਮਾਂ ਵਿੱਚੋਂ 7 ਪ੍ਰਤੀ ਰੋਧਿਕਤਾ ਰੱਖਦੀ ਹੈ । ਇਸਦਾ ਔਸਤਨ ਝਾੜ 30 ਕੁਇੰਟਲ/ਏਕੜ ਹੈ ।

**ਐਲ ਡੀ 949 (ਦੇਸੀ ਨਰਮਾ)** : ਇਸਦਾ ਔਸਤਨ ਝਾੜ 10 ਕੁਇੰਟਲ/ਏਕੜ ਹੈ । ਇਹ ਕਿਸਮ ਫਿਊਜ਼ੇਰੀਅਮ ਵਿਲਟ, ਚਿੱਟੀ ਮੱਖੀ, ਜੈਸਿਡ ਅਤੇ ਬੈਕਟੀਰੀਅਲ ਝੁਲਸ ਰੋਗ ਪ੍ਰਤੀ ਰੋਧਿਕਤਾ ਰੱਖਦੀ ਹੈ । ਇਸ ਵਿੱਚੋਂ 40.1 ਪ੍ਰਤੀਸ਼ਤ ਵੜੇਵੇਂ ਹਾਸਲ ਹੁੰਦੇ ਹਨ।

**ਐੱਮ ਐੱਲ 2056 (ਸਾਉਣੀ ਦੀ ਮੂੰਗੀ)** : ਇਹ ਕਿਸਮ ਪੀਲੇ ਮੋਜ਼ੇਕ ਵਾਇਰਸ ਪ੍ਰਤੀ ਸਹਿਣਸ਼ੀਲਤਾ ਰੱਖਦੀ ਹੈ ਅਤੇ ਇਸਦੇ ਦਾਣਿਆਂ ਦਾ ਝਾੜ 4.6 ਕੁਇੰਟਲ/ਏਕੜ ਹੈ । ਇਸਦੇ ਦਾਣੇ ਦਰਮਿਆਨੇ ਮੋਟੇ ਚਮਕਦਾਰ ਅਤੇ ਭੋਜਨ ਲਈ ਉੱਚ ਗੁਣਵਤਾ ਵਾਲੇ ਹੁੰਦੇ ਹਨ ।

**ਆਰ ਐਲ ਸੀ-3 (ਰਾਇਆ)** : ਕਨੋਲਾ ਦੀ ਇਹ ਪਹਿਲੀ ਰਾਇਆ ਕਿਸਮ ਹੈ, ਜਿਸਦਾ ਝਾੜ 7.3 ਕੁਇੰਟਲ/ਏਕੜ ਹੈ ਜਿਨ੍ਹਾਂ ਵਿੱਚ ਤੇਲ ਦੀ ਮਾਤਰਾ 41.5 ਪ੍ਰਤੀਸ਼ਤ ਹੈ । ਇਹ ਕਿਸਮ ਚਿੱਟੀ ਕੁੰਗੀ ਪ੍ਰਤੀ ਰੋਧਿਕਤਾ ਰੱਖਦੀ ਹੈ ।

**ਪੀ ਐਸ ਐਚ 1962 (ਸੂਰਜਮੁਖੀ)** : ਇਹ ਇੱਕ ਹਾਈਬ੍ਰਿਡ ਕਿਸਮ ਹੈ, ਜੋ 99 ਦਿਨਾਂ ਵਿੱਚ ਪੱਕ ਕੇ ਤਿਆਰ ਹੋ ਜਾਂਦੀ ਹੈ ਅਤੇ

ਇਸਦੇ ਦਾਨਿਆਂ ਦਾ ਔਸਤਨ ਝਾੜ 8.2 ਕੁਇੰਟਲ/ਏਕੜ ਹੈ । ਇਸ ਹਾਈਬ੍ਰਿਡ ਵਿੱਚ ਤੇਲ ਦੀ ਮਾਤਰਾ 41.9 ਪ੍ਰਤੀਸ਼ਤ ਹੈ ।

**ਪੀ ਬੀ ਐਨ 346 (ਨੇਪੀਅਰ ਬਾਜਰਾ)** : ਇਹ ਕਈ ਵਾਰ ਵੱਢੀ ਜਾਣ ਵਾਲੀ ਪੱਤੇਦਾਰ ਕਿਸਮ ਹੈ, ਜਿਸਦੇ ਪੱਤੇ ਲੰਬੇ, ਨਰਮ ਅਤੇ ਚੌੜੇ ਹੁੰਦੇ ਹਨ । ਇਸ ਕਿਸਮ ਦੇ ਚਾਰੇ ਦਾ ਝਾੜ ਅਤੇ ਸੰਭਾਲ ਕੇ ਰੱਖੇ ਹਰੇ ਚਾਰੇ ਦੀ ਗੁਣਵੱਤਾ ਪੀ ਬੀ ਐਨ 233 ਨਾਲੋਂ ਵਧੇਰੇ ਉੱਤਮ ਹੈ । ਇਸ ਕਿਸਮ ਤੋਂ 714 ਕੁਇੰਟਲ/ਏਕੜ ਹਰਾ ਚਾਰਾ ਮਿਲਦਾ ਹੈ ।

## ਬਾਗਬਾਨੀ ਦੀਆਂ ਫ਼ਸਲਾਂ

### ਸਬਜ਼ੀਆਂ ਦੀਆਂ ਫ਼ਸਲਾਂ

**ਪੰਜਾਬ ਗੌਰਵ (ਟਮਾਟਰ)** : ਇਸ ਕਿਸਮ ਦੇ ਫ਼ਲ ਗੁੱਛਿਆਂ ਵਿੱਚ 8 ਤੋਂ 9 ਦੀ ਗਿਣਤੀ ਵਿੱਚ ਲੱਗਦੇ ਹਨ । ਇਹਨਾਂ ਵਿੱਚ ਟੀ ਐਸ ਐਸ 5.5 ਪ੍ਰਤੀਸ਼ਤ ਅਤੇ ਲਾਈਕੋਪੀਨ 4.9 ਮਿ.ਗ੍ਰਾ./100 ਗ੍ਰਾਮ ਹੁੰਦਾ ਹੈ । ਇਸ ਕਿਸਮ ਦਾ ਅਗੇਤਾ (ਮਾਰਚ ਦੇ ਅੰਤ ਤੱਕ) ਝਾੜ 247 ਕੁਇੰਟਲ/ਏਕੜ ਅਤੇ ਕੁੱਲ ਝਾੜ 934 ਕੁਇੰਟਲ/ਏਕੜ ਮਿਲਦਾ ਹੈ । ਇਹ ਕਿਸਮ ਪੋਲੀ-ਨੈੱਟਹਾਊਸ ਅਧੀਨ ਕਾਸ਼ਤ ਕਰਨ ਲਈ ਬਹੁਤ ਹੀ ਸੁਯੋਗ ਹੈ ।

**ਪੰਜਾਬ ਸਰਤਾਜ (ਟਮਾਟਰ)** : ਇਹ ਕਿਸਮ ਪੱਤਾ ਮਰੋੜ ਵਾਇਰਸ ਪ੍ਰਤੀ ਸਹਿਣਸ਼ੀਲਤਾ ਰੱਖਦੀ ਹੈ ਅਤੇ ਪੋਲੀ-ਨੈੱਟ ਹਾਊਸ ਅਧੀਨ ਸੁਰਖਿਅਤ ਕਾਸ਼ਤਕਾਰੀ ਲਈ ਬਹੁਤ ਹੀ ਸੁਯੋਗ ਹੈ । ਇਸ ਕਿਸਮ ਨੂੰ ਗੁੱਛਿਆਂ ਵਿੱਚ 5 ਤੋਂ 6 ਫ਼ਲ ਲੱਗਦੇ ਹਨ ਜਿਨ੍ਹਾਂ ਵਿੱਚ 5.7 ਪ੍ਰਤੀਸ਼ਤ ਟੀ ਐਸ ਐਸ ਅਤੇ 5.3 ਮਿ.ਗ੍ਰਾ./100 ਗ੍ਰਾਮ ਲਾਈਕੋਪੀਨ ਹੁੰਦਾ ਹੈ । ਇਸ ਕਿਸਮ ਦਾ ਅਗੇਤਾ (ਮਾਰਚ ਅੰਤ ਤੱਕ) ਝਾੜ 254 ਕੁਇੰਟਲ/ਏਕੜ ਅਤੇ ਕੁੱਲ ਝਾੜ 898 ਕੁਇੰਟਲ/ਏਕੜ ਹੈ ।

**ਪੰਜਾਬ ਰੈੱਡ ਚੈਰੀ (ਟਮਾਟਰ)** : ਇਸ ਕਿਸਮ ਨੂੰ 18-20 ਫ਼ਲ ਗੁੱਛਿਆਂ ਵਿੱਚ ਲੱਗਦੇ ਹਨ ਅਤੇ ਫ਼ਲ ਦਾ ਔਸਤਨ ਭਾਰ 12 ਗ੍ਰਾਮ ਹੁੰਦਾ ਹੈ । ਇਸ ਕਿਸਮ ਦਾ ਅਗੇਤਾ (ਮਾਰਚ ਅੰਤ ਤੱਕ) ਝਾੜ 156 ਕੁਇੰਟਲ/ਏਕੜ ਅਤੇ ਕੁੱਲ ਝਾੜ 437 ਕੁਇੰਟਲ/ਏਕੜ ਹੈ । ਇਹ ਕਿਸਮ ਪੱਤਾ ਮਰੋੜ ਵਾਇਰਸ ਪ੍ਰਤੀ ਸਹਿਣਸ਼ੀਲਤਾ ਰੱਖਦੀ ਹੈ ਅਤੇ ਸੁਰੱਖਿਅਤ ਕਾਸ਼ਤਕਾਰੀ ਲਈ ਬਹੁਤ ਹੀ ਸੁਯੋਗ ਹੈ ।

**ਏ ਪੀ-3 (ਮਟਰ)** : ਇਹ ਜਲਦੀ (ਅਗੇਤੀ) ਪੱਕ ਕੇ ਤਿਆਰ ਹੋਣ ਵਾਲੀ ਕਿਸਮ ਹੈ । ਇਸਦੀ ਹਰੇਕ ਫ਼ਲੀ ਵਿੱਚ 7-8 ਦਾਣੇ ਹੁੰਦੇ ਹਨ । ਜੇਕਰ ਇਸ ਕਿਸਮ ਨੂੰ ਅਕਤੂਬਰ ਦੇ ਦੂਜੇ ਹਫ਼ਤੇ ਬੀਜ ਦਿੱਤਾ ਜਾਵੇ ਤਾਂ ਇਸਦੀ ਪਹਿਲੀ ਤੁੜਾਈ 60-65 ਦਿਨਾਂ ਵਿੱਚ ਕੀਤੀ ਜਾ ਸਕਦੀ ਹੈ । ਇਸਦਾ ਕੁੱਲ ਝਾੜ 31.5 ਕੁਇੰਟਲ/ਏਕੜ ਹੈ ।

**ਪੀ ਪੀ ਐਚ-1 (ਕੱਦੂ)** : ਇਸਦੇ ਫ਼ਲ ਪੱਕਣ ਤੋਂ ਪਹਿਲਾਂ ਛੋਟੇ, ਗੋਲ, ਹਰੇ ਰੰਗ ਦੇ ਧੱਬਿਆਂ ਵਾਲੇ ਹੁੰਦੇ ਹਨ ਜਦਕਿ ਪੱਕਣ ਉਪਰੰਤ ਇਹ ਭੂਰੇ ਰੰਗ ਦੇ ਧੱਬਿਆਂ ਵਾਲੇ ਹੁੰਦੇ ਹਨ । ਇਸਦਾ ਗੁੱਦਾ ਸੁਨਹਿਰਾ ਪੀਲੇ ਰੰਗ ਦਾ ਹੁੰਦਾ ਹੈ । ਇਹ ਕਿਸਮ ਬਹੁਤ ਜਲਦੀ ਪੱਕ ਕੇ ਤਿਆਰ ਹੋ ਜਾਂਦੀ ਹੈ ਅਤੇ 206 ਕੁਇੰਟਲ/ਏਕੜ ਦਾ ਝਾੜ ਦਿੰਦੀ ਹੈ ।

**ਪੀ ਪੀ ਐਚ-2 (ਕੱਦੂ)** : ਇਸਦੇ ਫ਼ਲ ਛੋਟੇ, ਗੋਲ, ਪੱਕਣ ਤੋਂ ਪਹਿਲਾਂ ਹਲਕੇ ਹਰੇ ਰੰਗ ਦੇ ਅਤੇ ਪੱਕਣ ਤੇ ਭੂਰੇ ਰੰਗ ਦੇ ਹੁੰਦੇ ਹਨ । ਇਸਦਾ ਗੁੱਦਾ ਸੁਨਹਿਰੀ ਪੀਲਾ ਹੁੰਦਾ ਹੈ । ਇਹ ਬਹੁਤ ਜਲਦੀ ਪੱਕਣ ਵਾਲੀ ਕਿਸਮ ਹੈ, ਜਿਸਦਾ ਝਾੜ 222 ਕੁਇੰਟਲ/ਏਕੜ ਮਿਲਦਾ ਹੈ ।

**ਪੀ ਬੀ ਐਚ ਆਰ-41 (ਬੈਂਗਣ)** : ਇਸਦੇ ਫ਼ਲ ਗੋਲ, ਦਰਮਿਆਨੇ, ਚਮਕਦਾਰ ਅਤੇ ਗੂੜ੍ਹੇ ਜਾਮਣੀ ਰੰਗੇ ਹੁੰਦੇ ਹਨ । ਇਸਦਾ ਔਸਤ ਝਾੜ 269 ਕੁਇੰਟਲ/ਏਕੜ ਹੈ ।

**ਪੀ ਬੀ ਐਚ ਆਰ-42 (ਬੈਂਗਣ)** : ਇਸਦੇ ਫ਼ਲ-ਗੋਲ, ਦਰਿਮਆਨੇ, ਚਮਦਕਾਰ ਅਤੇ ਕਾਲੇ ਜਾਮਣੀ ਰੰਗੇ ਹੁੰਦੇ ਹਨ । ਇਸਦਾ ਔਸਤ ਝਾੜ 261 ਕੁਇੰਟਲ/ਏਕੜ ਹੈ ।

**ਪੀ ਬੀ ਐਚ ਐਲ-4 (ਬੈਂਗਣ)** : ਇਹ ਗੁੱਛਿਆਂ ਵਿੱਚ ਲੱਗਣ ਵਾਲੇ ਲੰਬੇ ਬੈਂਗਣਾਂ ਦੀ ਜਲਦੀ ਪੱਕ ਕੇ ਤਿਆਰ ਹੋਣ ਵਾਲੀ $F_1$ ਹਾਈਬ੍ਰਿਡ ਕਿਸਮ ਹੈ । ਇਸਦੇ ਫ਼ਲ ਲੰਬੇ, ਦਰਮਿਆਨੇ, ਚਮਕਦਾਰ ਅਤੇ ਕਾਲੇ-ਜਾਮਣੀ ਰੰਗੇ ਹੁੰਦੇ ਹਨ । ਇਸਦਾ ਔਸਤ ਝਾੜ 267 ਕੁਇੰਟਲ/ਏਕੜ ਹੈ ।

**ਪੀ ਜੀ-18 (ਲਸਣ)** : ਇਸਦੇ ਬਲਬ ਵੱਡੇ (4.55 ਸੈ.ਮੀ. ਘੇਰੇ ਵਾਲੇ), ਖਿੱਚਵੇਂ ਅਤੇ ਚਿੱਟੇ ਰੰਗ ਦੇ ਹੁੰਦੇ ਹਨ । ਹਰੇਕ ਬਲਬ ਔਸਤਨ 28.4 ਗ੍ਰਾਮ ਦਾ ਹੁੰਦਾ ਹੈ । ਇਸ ਵਿੱਚ 38 ਪ੍ਰਤੀਸ਼ਤ ਸੁੱਕਾ ਮਾਦਾ ਅਤੇ 1.15 ਪ੍ਰਤੀਸ਼ਤ ਐਲੀਸਿਨ ਦੀ ਮਾਤਰਾ ਹੁੰਦੀ ਹੈ। ਇਸਦਾ ਔਸਤਨ ਝਾੜ 51 ਕੁਇੰਟਲ/ਏਕੜ ਹੈ ।

### ਫੁੱਲ ਅਤੇ ਸਜਾਵਟੀ ਪੌਦੇ

**ਪੰਜਾਬ ਸ਼ਿਆਮਲੀ (ਗੁਲਦਾਉਦੀ)** : ਇਹ ਮੌਸਮ ਦੇ ਅੱਧ ਵਿਚਕਾਰਲੀ ਕਿਸਮ ਹੈ, ਜਿਸ ਨੂੰ ਫੁੱਲ ਖਿੜਣ ਵਿੱਚ 117 ਦਿਨ ਲੱਗਦੇ ਹਨ । ਇਸਦੇ ਫੁੱਲ ਪੌਂਪੋਨ ਵਰਗੇ ਹੁੰਦੇ ਹਨ ਜੋ ਕਿ ਜਾਮਣੀ ਰੰਗ ਦੇ ਅਤੇ ਵਿਚਕਾਰੋਂ ਗੂੜ੍ਹੇ ਜਾਮਣੀ ਰੰਗੇ ਹੁੰਦੇ ਹਨ । ਇਸ ਕਿਸਮ ਦੇ ਇਕ ਪੌਦੇ ਨੂੰ 49 ਦੇ ਕਰੀਬ ਫੁੱਲ ਲੱਗਦੇ ਹਨ ਅਤੇ ਕੱਟ ਕੇ ਸਜਾਉਣ ਵਾਲੇ ਫੁੱਲਾਂ ਵਜੋਂ ਇਹ ਬਹੁਤ ਹੀ ਸੁਯੋਗ ਕਿਸਮ ਹੈ ।

**ਪੰਜਾਬ ਗਲੈਡ-2 (ਗਲੈਡੀਓਲਜ਼)** : ਇਸ ਕਿਸਮ ਦੇ ਫੁੱਲ ਦੀਆਂ ਟਹਿਣੀਆਂ ਨੂੰ ਚਮਕਦਾਰ ਪੀਲੇ ਫੁੱਲ ਲੱਗਦੇ ਹਨ ਅਤੇ ਗੁਲਦਸਤੇ ਵਿੱਚ ਇਹਨਾਂ ਨੂੰ 16 ਦਿਨਾਂ ਤੱਕ ਸੁਰੱਖਿਅਤ ਰੱਖਿਆ ਜਾ ਸਕਦਾ ਹੈ । ਇਸ ਕਿਸਮ ਨੂੰ ਫੁੱਲ ਖਿੜਣ ਵਿੱਚ 93 ਦਿਨ ਲੱਗਦੇ ਹਨ ਅਤੇ ਕੱਟ ਕੇ ਸਜਾਉਣ ਵਾਲੇ ਫੁੱਲ ਉਤਪਾਦਨ ਲਈ ਇਹ ਬਹੁਤ ਹੀ ਸੁਯੋਗ ਕਿਸਮ ਹੈ ।

**ਪੰਜਾਬ ਸਵੀਟ ਪੀਅ-1 (ਸਵੀਟ ਪੀਅ)** : ਇਸਦੇ ਪੌਦੇ ਲੰਬੇ ਅਤੇ ਉੱਪਰ ਨੂੰ ਚੜਣ ਵਾਲੇ ਵੇਲ ਨੁਮਾ ਹੁੰਦੇ ਹਨ । ਇਸਦੇ ਪੱਤੇ ਹਲਕੇ ਹਰੇ ਰੰਗ ਦੇ ਅਤੇ ਫੁੱਲ ਮਜੈਂਟਾ ਰੰਗੇ ਹੁੰਦੇ ਹਨ । ਇਸ ਕਿਸਮ ਨੂੰ 102 ਦਿਨਾਂ ਵਿੱਚ ਫੁੱਲ ਲੱਗ ਜਾਂਦੇ ਹਨ ਅਤੇ 42 ਦਿਨ ਤੱਕ ਲੱਗਦੇ ਰਹਿੰਦੇ ਹਨ ।

**ਪੰਜਾਬ ਸਵੀਟ ਪੀਅ-2 (ਸਵੀਟ ਪੀਅ)** : ਇਸਦੇ ਬੂਟੇ ਲੰਬੇ ਅਤੇ ਉੱਪਰ ਨੂੰ ਚੜਣ ਵਾਲੇ ਵੇਲ ਨੁਮਾ ਹੁੰਦੇ ਹਨ । ਇਸਦੇ ਪੱਤੇ ਹਲਕੇ ਹਰੇ ਰੰਗ ਦੇ ਅਤੇ ਫੁੱਲ ਗੁਲਾਬੀ ਰੰਗੇ ਹੁੰਦੇ ਹਨ । ਇਸ ਨੂੰ 105 ਦਿਨਾਂ ਵਿੱਚ ਫੁੱਲ ਲੱਗਦੇ ਹਨ ਜੋ ਕਿ 45 ਦਿਨਾਂ ਤੱਕ ਲੱਗਦੇ ਰਹਿੰਦੇ ਹਨ ।

**ਪੰਜਾਬ ਸਵੀਟ ਪੀਅ-3 (ਸਵੀਟ ਪੀਅ)** : ਇਸਦੇ ਪੌਦੇ ਲੰਬੇ ਅਤੇ ਉੱਪਰ ਨੂੰ ਚੜਣ ਵਾਲੇ ਵੇਲ ਨੁਮਾ ਹੁੰਦੇ ਹਨ । ਇਸਦੇ ਪੱਤੇ ਗੂੜ੍ਹੇ ਹਰੇ ਰੰਗ ਦੇ ਅਤੇ ਫੁੱਲ ਮਰੂਨ ਰੰਗੇ ਹੁੰਦੇ ਹਨ । ਇਸ ਨੂੰ 106 ਦਿਨਾਂ ਵਿੱਚ ਫ਼ਲ ਲੱਗਦੇ ਹਨ ਜੋ ਕਿ 47 ਦਿਨਾਂ ਤੱਕ ਲੱਗਦੇ ਰਹਿੰਦੇ ਹਨ।

**ਪੰਜਾਬ ਸਵੀਟ ਪੀਅ-4 (ਸਵੀਟ ਪੀਅ)** : ਇਸਦੇ ਪੌਦੇ ਲੰਬੇ ਅਤੇ ਉੱਪਰ ਨੂੰ ਚੜਣ ਵਾਲੇ ਵੇਲ ਨੁਮਾ ਹੁੰਦੇ ਹਨ । ਇਸਦੇ ਪੱਤੇ ਗੂੜ੍ਹੇ ਹਰੇ ਰੰਗ ਦੇ ਅਤੇ ਫੁੱਲ ਜਾਮਣੀ ਰੰਗੇ ਹੁੰਦੇ ਹਨ । ਇਸਨੂੰ 105 ਦਿਨਾਂ ਵਿੱਚ ਫੁੱਲ ਲੱਗਦੇ ਹਨ ਜੋ ਕਿ 47 ਦਿਨਾਂ ਤੱਕ ਲੱਗਦੇ ਰਹਿੰਦੇ ਹਨ ।

**ਪੰਜਾਬ ਸਵੀਟ ਪੀਅ-5 (ਸਵੀਟ ਪੀਅ)** : ਇਸਦੇ ਪੌਦੇ ਲੰਬੇ ਅਤੇ ਉੱਪਰ ਨੂੰ ਚੜਣ ਵਾਲੇ ਵੇਲ ਨੁਮਾ ਹੁੰਦੇ ਹਨ । ਇਸਦੇ ਪੱਤੇ ਹਲਕੇ ਹਰੇ ਰੰਗ ਦੇ ਅਤੇ ਫੁੱਲ ਕਰੀਮ ਰੰਗੇ ਹੁੰਦੇ ਹਨ । ਇਸਨੂੰ 106 ਦਿਨਾਂ ਵਿੱਚ ਫੁੱਲ ਲੱਗਦੇ ਹਨ ਜੋ ਕਿ 48 ਦਿਨਾਂ ਤੱਕ ਲੱਗਦੇ ਰਹਿੰਦੇ ਹਨ।

### ਰਾਸ਼ਟਰੀ ਪੱਧਰ ਤੇ ਜ਼ਾਰੀ ਕੀਤੀਆਂ ਕਿਸਮਾਂ

**ਐਸ ਐਲ 955 (ਸੋਇਆਬੀਨ)** : ਇਸ ਕਿਸਮ ਦੀ ਕਾਸ਼ਤ ਉੱਤਰੀ ਮੈਦਾਨੀ ਜ਼ੋਨ (ਪੰਜਾਬ, ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼, ਉਤਰਾਖੰਡ ਅਤੇ ਬਿਹਾਰ) ਵਿੱਚ ਕਰਨ ਦੀ ਸਿਫ਼ਾਰਿਸ਼ ਕੀਤੀ ਗਈ ਹੈ । ਇਹ ਕਿਸਮ ਪੀਲੇ ਮੋਜ਼ੇਕ ਵਾਇਰਸ ਅਤੇ ਸੋਇਆਬੀਨ ਮੋਜ਼ੇਕ ਵਾਇਰਸ ਪ੍ਰਤੀ ਰੋਧਿਕਤਾ ਰੱਖਦੀ ਹੈ । ਇਸਦੇ ਬੀਜ ਵਿੱਚ 19 ਪ੍ਰਤੀਸ਼ਤ ਤੇਲ ਦੀ ਮਾਤਰਾ ਅਤੇ 39.0 ਪ੍ਰਤੀਸ਼ਤ ਪ੍ਰੋਟੀਨ ਦੀ ਮਾਤਰਾ ਮਿਲਦੀ ਹੈ ।

**ਐਸ ਐਮ ਐਲ 1115 (ਗਰਮ ਰੁੱਤ ਦੀ ਮੂੰਗੀ)** : ਇਸ ਕਿਸਮ ਦੀ ਕਾਸ਼ਤ ਸਾਲ 2015 ਦੌਰਾਨ ਉੱਤਰ ਪੂਰਬੀ ਪਹਾੜੀ ਜ਼ੋਨ (ਮਨੀਪੁਰ, ਮਿਜ਼ੋਰਮ ਅਤੇ ਤ੍ਰਿਪੁਰਾ) ਵਿੱਚ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ । ਇਸਦੇ ਦਾਣੇ ਦਰਮਿਆਨੇ ਅਕਾਰ ਦੇ ਅਤੇ ਚਮਕਦਾਰ ਹਰੇ ਰੰਗ ਦੇ ਹੁੰਦੇ ਹਨ ਜਿਨ੍ਹਾਂ ਵਿੱਚ ਬਹੁਤ ਉੱਤਮ ਅਹਾਰਕ ਗੁਣ ਹੁੰਦੇ ਹਨ । ਇਹ ਕਿਸਮ ਮੂੰਗਬੀਨ ਦੇ ਪੀਲੇ ਮੋਜ਼ੇਕ ਵਾਇਰਸ ਪ੍ਰਤੀ ਰੋਧਿਕਤਾ ਰੱਖਦੀ ਹੈ ਅਤੇ ਵੈੱਬ ਝੁਲਸ ਅਤੇ ਸਿਰਕੋਸਪੋਰਾ ਪੱਤਾ ਧੱਬਾ ਰੋਗ ਪ੍ਰਤੀ ਦਰਮਿਆਨੀ ਸਹਿਣਸ਼ੀਲ ਹੈ ।

**ਐਲ ਅੱਚ 2256 (ਨਰਮਾ)** : ਨਰਮੇ ਦੀ ਇਹ ਕਿਸਮ ਉੱਤਰੀ ਜ਼ੋਨ ਨਾਲ ਸੰਬੰਧਤ ਰਾਜਾਂ ਜਿਵੇਂ ਕਿ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿੱਚ ਕਾਸ਼ਤ ਕਰਨ ਲਈ ਸਿਫ਼ਾਰਸ਼ ਕੀਤੀ ਗਈ ਹੈ । ਇਸਦਾ ਝਾੜ 2165 ਕਿੱਲੋ/ਹੈਕਟੇਅਰ ਹੈ । ਇਸ ਦਾ ਬਾਲ (4.0 ਗ੍ਰਾਮ), ਵੜੇਵੇਂ (34.9 ਪ੍ਰਤੀਸ਼ਤ) ਅਤੇ 2.5 ਪ੍ਰਤੀਸ਼ਤ ਸਪੈਨ ਲੰਬਾਈ (28.1 ਮਿ.ਮੀ.) ਹੈ ।

**ਸੀ ਓ ਪੀ ਬੀ 92 (ਕਮਾਦ)** : ਇਹ ਜਲਦੀ ਤਿਆਰ ਹੋਣ ਵਾਲੀ ਕਿਸਮ ਹੈ, ਜਿਸਨੂੰ ਉੱਤਰ ਪੱਛਮੀ ਜ਼ੋਨ (ਉੱਤਰ ਪ੍ਰਦੇਸ਼, ਉਤਰਾਂਚਲ, ਹਰਿਆਣਾ, ਪੰਜਾਬ ਅਤੇ ਰਾਜਸਥਾਨ ਦੇ ਭਾਗਾਂ) ਵਿੱਚ ਕਾਸ਼ਤ ਕਰਨ ਲਈ ਸਿਫ਼ਾਰਿਸ਼ ਕੀਤਾ ਗਿਆ ਹੈ । ਇਸ ਕਿਸਮ ਦੇ ਗੰਨੇ ਦਾ ਝਾੜ ਸੀ ਓ ਜੇ 64 ਕਿਸਮ ਨਾਲੋਂ 8.8 ਪ੍ਰਤੀਸ਼ਤ ਜ਼ਿਆਦਾ ਹੈ । ਇਹ ਗੰਨੇ ਦੀਆਂ ਚੈੱਕ ਕਿਸਮਾਂ ਨਾਲੋਂ ਲਾਲ ਗ਼ਾਲੇ ਪ੍ਰਤੀ ਸਹਿਣਸ਼ੀਲਤਾ ਰੱਖਦੀ ਹੈ ।

### ਜਰਮਪਲਾਜ਼ਮ ਵਧਾਉਣਾ

ਫ਼ਸਲਾਂ ਦੀ ਬਰੀਡਿੰਗ ਦੇ ਪ੍ਰੋਗਰਾਮ ਨੂੰ ਹੁਲਾਰਾ ਦੇਣ ਲਈ ਦੇਸ਼ ਅਤੇ ਵਿਦੇਸ਼ ਦੇ ਵਿਭਿੰਨ ਭਾਗਾਂ ਤੋਂ ਵੱਖੋ-ਵੱਖ ਫ਼ਸਲਾਂ ਦੇ ਵੱਡੀ ਗਿਣਤੀ ਜਰਮਪਲਾਜ਼ਮ ਅਕਸੈਸ਼ਨਾਂ ਨੂੰ ਇਕੱਤਰ ਕੀਤਾ ਗਿਆ। ਜਿਨ੍ਹਾਂ ਵਿੱਚ ਕਣਕ (330), ਝੋਨਾ (532), ਮੱਕੀ (531), ਤਿੱਲ (100), ਮੂੰਗਫ਼ਲੀ (68), ਛੋਲੇ (1000), ਮਸਰ (50), ਸੋਇਆਬੀਨ (50), ਕੁਈਨੋਆ (25), ਫੈਬਾਬੀਨ (50), ਅਰਹਰ (20), ਆੜੂ (5), ਸੇਬ (5), ਅਖਰੋਟ (2), ਪਰਸੀਮੋਨ (1), ਖੁਰਮਾਣੀ (1), ਜਾਮੁਣ (2), ਮਿਰਚਾਂ (13), ਟਮਾਟਰ (16), ਆਲੂ (10), ਫੁੱਲ ਗੋਭੀ (2), ਬੈਂਗਣ (12), ਮਟਰ (2), ਖੀਰਾ (2), ਲਸਣ (5), ਖਰਬੂਜਾ (11), ਤਰਬੂਜ਼ (5), ਕੱਦੂ (5), ਕਰੇਲਾ (3), ਪਿਆਜ਼ (8), ਗੁਲਦਾਉਦੀ (2), ਗਲੈਡੀਓਲਜ਼ (5), ਟਿਊਬਰੋਜ਼ (2), ਗੇਂਦਾ (2), ਗੁਲਾਬ (3) ਅਤੇ ਜਰਬੇਰਾ (2) ਸ਼ਾਮਲ ਹਨ ।

## ਬਾਇਓਤਕਨਾਲੋਜੀ

### ਖੇਤ ਫ਼ਸਲਾਂ

### ਵਾਈਡ ਹਾਈਬ੍ਰਿਡਾਈਜ਼ੇਸ਼ਨ, ਮੋਲੀਕਿਊਲਰ ਬਰੀਡਿੰਗ ਅਤੇ ਜੀਨੋਮਿਕਸ

- ਕਣਕ ਅਤੇ ਝੋਨੇ ਦੀਆਂ ਪ੍ਰਮੁੱਖ ਬਿਮਾਰੀਆਂ ਤੇ ਰੋਕ ਲਾਉਣ ਲਈ ਜੰਗਲੀ ਕਣਕ ਅਤੇ ਜੰਗਲੀ ਝੋਨੇ ਦੇ ਕ੍ਰਮਵਾਰ 1400 ਅਤੇ 1200 ਅਕਸੈਸ਼ਨ ਵਾਲੇ ਜਰਮਪਲਾਜ਼ਮ ਦੀ ਪਰਖ ਕੀਤੀ ਗਈ । ਕਣਕ ਦੀ ਪੀਲੀ ਕੁੰਗੀ ਅਤੇ ਝੋਨੇ ਦੇ ਝੁਲਸ ਰੋਗ ਪ੍ਰਤੀ ਰੋਧਿਕਤਾ ਰੱਖਣ ਵਾਲੇ ਅਕਸੈਸ਼ਨਾਂ ਨੂੰ ਉੱਤਮ ਕਿਸਮਾਂ ਨਾਲ ਕਰਾਸ ਕੀਤਾ ਗਿਆ ਤਾਂ ਜੋ ਇਨ੍ਹਾਂ ਜੀਨਾਂ ਨੂੰ ਕਾਸ਼ਤ ਕੀਤੀਆਂ ਜਾਂਦੀਆਂ ਕਿਸਮਾਂ ਵਿੱਚ ਪਾਇਆ ਜਾ ਸਕੇ ।
- ਪੱਤੇ ਦੀ ਕੁੰਗੀ ਪ੍ਰਤੀ ਰੋਧਿਕਤਾ ਰੱਖਣ ਵਾਲੇ ਜੀਨ, ਜਿਸਨੂੰ ਕਿ ਜੰਗਲੀ ਕਣਕ ਏਈ. ਜਿਲੋਪਸ ਪੀਰੀਗਰੀਨਾ ਤੋਂ ਤਬਦੀਲ ਕੀਤਾ ਗਿਆ, ਨੂੰ Ren Seq ਨਾਂ ਦੀ ਨਵੀਂ ਤਕਨਾਲੋਜੀ ਰਾਹੀਂ ਪਰਖਿਆ ਗਿਆ । ਪੱਤੇ ਦੀ ਕੁੰਗੀ ਅਤੇ ਧਾਰੀਦਾਰ ਕੁੰਗੀ ਪ੍ਰਤੀ ਰੋਧਿਕਤਾ ਰੱਖਣ ਵਾਲੇ ਜੀਨ ਐਲ ਆਰ 76 ਅਤੇ ਵਾਈ ਆਰ 70 ਨੂੰ ਏਈ ਓਮਬੇਲੂਲਾਟਾ ਤੋਂ ਇੰਟਰੋਗ੍ਰੈੱਸ ਕੀਤਾ ਗਿਆ ਅਤੇ ਕਣਕ ਕ੍ਰੋਮੋਜ਼ੋਮ 5 ਡੀ ਅਤੇ ਕ੍ਰੋਮੋਜ਼ੋਮ 5 ਯੂ ਦੀ ਜੀਨੋਮ ਸਿਕੁਐਂਸ ਰਾਹੀਂ ਪਰਖਿਆ ਗਿਆ ।
- ਟੀ. ਡਿਊਰਮ-ਏਈ. ਸਪਿਲਟੋਆਇਡਜ਼ ਵਿੱਚ ਪਰਖੀਆਂ ਗਈਆਂ ਤਪਸ਼ ਪ੍ਰਤੀ ਰੋਧਿਕਤਾ ਰੱਖਣ ਵਾਲੀਆਂ ਕਿਊਟੀਐਲ

ਇੰਟ੍ਰੋਗ੍ਰੈਸ਼ਨ ਲਾਈਨਾਂ ਨੂੰ ਮਾਰਕਰ ਅਸਿਸਟਿਡ ਸਿਲੈਕਸ਼ਨ ਰਾਹੀਂ ਧਾਰੀਦਾਰ ਕੁੰਗੀ ਪ੍ਰਤੀ ਸਹਿਨਸ਼ੀਲਤਾ ਰੱਖਣ ਵਾਲੀਆਂ ਬਰੈਡ ਕਣਕ ਦੀਆਂ ਉੱਤਮ ਲਾਈਨਾਂ ਵਿੱਚ ਪਾਇਆ ਗਿਆ।

- ਏਈ. ਤਾਓਸਚੀ ਦੇ ਵੱਖੋ-ਵੱਖ ਅਕਸੈਸ਼ਨਾਂ ਤੋਂ ਦਾਨਿਆਂ ਦੇ ਵੱਧ ਭਾਰ ਨੂੰ ਕਣਕ ਦੀਆਂ ਪੀ ਬੀ ਡਬਲਯੂ 621 ਅਤੇ ਪੀ ਬੀ ਡਬਲਯੂ 550 ਕਿਸਮਾਂ ਵਿੱਚ ਪਾਇਆ ਗਿਆ । ਖੋਜ ਤਜ਼ਰਬਿਆਂ ਵਿੱਚ ਝਾੜ ਦੀਆਂ ਵਿਸ਼ੇਸ਼ਤਾਵਾਂ ਨੂੰ ਪਰਖਣ ਲਈ $BC_2F_4$ ਇੰਟ੍ਰੋਗ੍ਰੈਸ਼ਨ ਲਾਈਨਾਂ ਦਾ ਮੁਲਾਂਕਣ ਕੀਤਾ ਗਿਆ। ਜੀਨੋਮ ਵਾਈਡ ਐਸੋਸੀਏਸ਼ਨ ਮੈਪਿੰਗ (ਜੀ ਡਬਲਯੂ ਏ ਐਸ) ਰਾਹੀਂ ਏਈ ਤਾਓਸਚੀ ਕਿਸਮ ਵਿੱਚ ਐਸ ਐਨ ਪੀ ਮਾਰਕਾਰਾਂ ਦੀ ਪਛਾਣ ਕੀਤੀ ਗਈ । ਇਨ੍ਹਾਂ ਐਸ ਐਨ ਪੀ ਮਾਰਕਰਾਂ ਨੂੰ ਇੰਟ੍ਰੋਗ੍ਰੈਸ਼ਨ ਲਾਈਨਾਂ ਵਿੱਚ ਮਾਨਤਾ ਦਿੱਤੀ ਗਈ ਤਾਂ ਜੋ ਐਮ ਏ ਐਸ ਵਿੱਚ ਵਰਤਿਆ ਜਾ ਸਕੇ ।
- ਝੋਨੇ ਵਿੱਚ ਓਰਾਈਜ਼ਾ ਨਿਵਾਰਾ ਤੋਂ ਭੂਰੇ ਟਿੱਡੇ ਪ੍ਰਤੀ ਰੋਧਿਕਤਾ ਰੱਖਣ ਵਾਲੇ ਜੀਨ ਦੀ ਕ੍ਰੋਮੋਜ਼ੋਮ 4 ਤੇ ਪਰਖ ਕੀਤੀ ਗਈ ਅਤੇ ਐਮ ਏ ਐਸ ਰੈਡੀ ਮਾਰਕਰ ਵਿਕਸਿਤ ਕੀਤੇ ਗਏ ।
- ਓ. ਲੌਂਗੀਸਟੈਮਿਨਾਟਾ ਤੋਂ ਗਰੇਨ ਨੰਬਰ ਕਿਊਟੀਐਲ ਦੀ ਕ੍ਰੋਮੋਜ਼ੋਮ 2 ਤੇ ਪਰਖ ਕੀਤੀ ਗਈ । ਜੀਨ ਸਿਕੁਐਂਸ ਨੂੰ ਨੈਸ਼ਨਲ ਸੈਂਟਰ ਫਾਰ ਬਾਇਓਤਕਨਾਲੋਜੀ ਇੰਨਫਰਮੇਸ਼ਨ (ਐਨ ਸੀ ਬੀ ਆਈ) ਜੋ ਕਿ ਜੀਨੋਮ ਸਿਕੁਐਂਸ ਇੰਨਫਰਮੇਸ਼ਨ ਦਾ ਜਨ ਭੰਡਾਰ ਹੈ, ਵਿਖੇ ਸੌਂਪਿਆ ਗਿਆ । ਇਸ ਕਿਊਟੀ ਐਲ ਨੂੰ ਐਮ ਏ ਐਸ ਰਾਹੀਂ ਪੰਜਾਬ ਬਾਸਮਤੀ 3 ਵਿੱਚ ਪਾਇਆ ਗਿਆ ਤਾਂ ਜੋ ਝਾੜ ਵਧਾਇਆ ਜਾ ਸਕੇ ।
- ਪੀ ਏ ਯੂ 201 (ਆਰ ਵਾਈ ਟੀ 3388) ਦੀ ਸੋਧੀ ਹੋਈ ਕਿਸਮ ਨੂੰ ਰਾਸ਼ਟਰੀ ਪੱਧਰ ਤੇ ਤਜ਼ਰਬਿਆਂ ਲਈ ਨਾਮਜ਼ਦ ਕੀਤਾ ਗਿਆ ।
- ਝੋਨੇ ਵਿੱਚ ਫਾਸਫੋਰਸ ਦੀ ਵਰਤੋਂ ਸਮਰਥਾ ਨੂੰ ਵਧਾਉਣ ਵਾਲੇ ਜੀਨ ਪੀ ਐਸ ਟੀ ਓ ਐੱਲ ਜਿਸਨੂੰ ਓਰਾਈਜ਼ਾ ਰੂਫੀਪੋਗੋਨ ਤੋਂ ਲਿਆਦਾ ਗਿਆ ਅਤੇ ਇਸਨੂੰ ਪੀ ਆਰ 121 ਵਿੱਚ ਪਾਇਆ ਗਿਆ ।
- ਮੱਕੀ ਵਿੱਚ ਸੇਮ ਨੂੰ ਘਟਾਉਣ ਲਈ ਆਰ ਆਈ ਐੱਲ ਦੀ 1172x1110 ਦੀ ਗਿਣਤੀ ਨੂੰ ਫਿਨੋਟਾਈਪ ਕੀਤਾ ਗਿਆ ਅਤੇ ਇਸਦੀਆਂ ਮਾਰਫੋ-ਫਿਜ਼ਿਆਲੋਜੀਕਲ ਅਤੇ ਝਾੜ ਵਧਾਉਣ ਵਾਲੀਆਂ ਵਿਸ਼ੇਸ਼ਤਾਵਾਂ ਨੂੰ ਰਿਕਾਰਡ ਕੀਤਾ ਗਿਆ। ਮੱਕੀ ਜੀਨੋਮ ਸਿਕੁਐਂਸ ਇੰਨਫਰਮੇਸ਼ਨ ਰਾਹੀਂ ਸੇਮ ਦੀ ਪਰਖ ਕਰਨ ਵਾਲੀਆਂ ਕਿਊਟੀਐਲ ਦੀ ਨਿਸ਼ਾਨਦੇਹੀ ਕੀਤੀ ਗਈ। maydis ਪੱਤਾ ਝੁਲਸ (ਐਮ ਐਲ ਬੀ) ਲਈ ਪ੍ਰਮੁੱਖ ਕਿਊਟੀਐਲ ਨੂੰ ਕ੍ਰੋਮੋਜ਼ੋਮ 3.8 ਅਤੇ 9 ਉੱਤੇ ਪਰਖਿਆ ਗਿਆ ।

### ਟ੍ਰਾਂਸਜੈਨਿਕਸ ਅਤੇ ਟਿਸ਼ੂ ਕਲਚਰ

- ਪੀ ਏ ਯੂ 881 ਵਿੱਚ ਇਨ ਪਲਾਂਟਾ ਵਿਧੀ ਰਾਹੀਂ ਫ਼ਲੀ ਦੇ ਗੜੂੰਏ ਦੀ ਰੋਕਥਾਮ ਲਈ Cry1AC ਜੀਨ ਅਰਹਰ ਦੇ ਟ੍ਰਾਂਸਜੈਨਿਕਸ ਲਈ ਵਿਕਸਿਤ ਕੀਤਾ ਗਿਆ । ਹੈਲੀਕੋਵਰਪਾ ਅਰਮੀਗੇਰਾ ਲਈ ਇਨਵਿਟਰੋ ਇੰਸੈਕਟ ਬਾਇਓਐਸੇ ਨੂੰ ਛੇ ਆਰ ਟੀ-ਪੀ ਸੀ ਆਰ ਵਾਲੇ ਪੌਦਿਆਂ ਤੇ ਪਰਖਿਆ ਗਿਆ। ਦੋ $T_2$ ਟ੍ਰਾਂਸਜੈਨਿਕ ਪੌਦਿਆਂ, ਪੀ ਏ ਯੂ 881-13 ਅਤੇ ਪੀ ਏ ਯੂ 881-21 ਵਿੱਚ ਫ਼ਲੀਆਂ ਤੇ 97.8 ਪ੍ਰਤੀਸ਼ਤ ਅਤੇ ਪੱਤਿਆਂ ਤੇ 100 ਪ੍ਰਤੀਸ਼ਤ ਲਾਰਵੇ ਦਾ ਖਾਤਮਾ ਪਾਇਆ ਗਿਆ । ਜੀਨ ਦੀ ਮੌਜੂਦਗੀ ਨੂੰ ਦੇਖਣ ਲਈ ਇਨ੍ਹਾਂ ਪੌਦਿਆਂ ਦੀ $T_3$ ਪੀੜੀ ਦਾ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ ਅਤੇ ਇਸ ਨੂੰ ਫ਼ਲੀ ਦੇ ਗੜੂੰਏ ਪ੍ਰਤੀ ਸਹਿਣਸ਼ੀਲਤਾ ਪੱਖੋਂ ਵੀ ਪਰਖਿਆ ਜਾਵੇਗਾ।
- ਕਮਾਦ ਦੀਆਂ ਟ੍ਰਾਂਸਜੈਨਿਕਸ ਨੂੰ ਸੀ ਐਫ-08 ਵਿਰੁੱਧ ਲਾਲ ਗਾਲੇ ਪ੍ਰਤੀ ਰੋਧਿਕਤਾ ਰੱਖਣ ਵਾਲੇ ਗਲੂਕੇਨੇਸ ਜੀਨ ਲਈ ਪਰਖਿਆ ਗਿਆ ਅਤੇ ਦੋ ਪੌਦਿਆਂ ਨੂੰ ਇਸ ਪ੍ਰਤੀ ਸਹਿਣਸ਼ੀਲ ਪਾਇਆ ਗਿਆ । ਸੀ ਐਫ-09 ਲਈ ਬਾਇਓਐਸੇ ਜਾਰੀ ਹੈ ।
- ਪੁਦੀਨੇ ਦੀਆਂ ਤਿੰਨ ਕਿਸਮਾਂ ਅਤੇ ਕਮਾਦ ਦੀ ਨਵੀਂ ਕਿਸਮ ਸੀ ਓ ਪੀ ਬੀ 92 ਵਿੱਚ ਮਾਈਕ੍ਰੋਪ੍ਰੋਪੇਗੇਸ਼ਨ ਕੀਤੀ ਗਈ ।

### ਫ਼ਲ

ਗਲੂਕੇਨੇਸ ਜੀਨ ਵਾਲੇ ਨਿੰਬੂ ਜਾਤੀ ਦੇ ਸੱਤ ਟ੍ਰਾਂਸਜੈਨਿਕ ਪੌਦਿਆਂ ਨੂੰ ਫਾਈਟੋਪੈਥੋਰਾ ਪ੍ਰਤੀ ਸ਼ਹਿਣਸ਼ੀਲਤਾ ਰੱਖਣ ਲਈ ਪਰਖਿਆ ਗਿਆ । ਇਹਨਾਂ ਵਿੱਚੋਂ ਦੋ ਪੌਦਿਆਂ ਨੂੰ ਇਸ ਬਿਮਾਰੀ ਪ੍ਰਤੀ ਰੋਧਿਕ ਪਾਇਆ ਗਿਆ, ਜਿਨ੍ਹਾਂ ਨੂੰ ਮਾਈਕ੍ਰੋਪ੍ਰੋਪੇਗੇਸ਼ਨ ਰਾਹੀਂ ਵਧਾਇਆ ਗਿਆ ।

- ਅਮਰੂਦ ਦੀਆਂ ਛੇ ਜੀਨੋ ਕਿਸਮਾਂ ਦੇ ਵੱਖੋ-ਵੱਖ ਟਿਸ਼ੂ ਤੋਂ ਕੁੱਲ ਟ੍ਰਾਂਸਕ੍ਰਿਪਟੋਮਜ਼ ਨੂੰ ਸਿਕੁਐਂਸ ਕੀਤਾ ਗਿਆ ਅਤੇ ਜੀਨ ਅਧਾਰਿਤ ਮਾਰਕਰਾਂ ਦੀ ਪਛਾਣ ਲਈ ਡੈਟਾ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ ਜਿਸਨੂੰ ਕਿ ਅਮਰੂਦ ਦੀਆਂ ਪ੍ਰਮੁੱਖ ਗੁਣਵਤਾ ਭਰਪੂਰ ਵਿਸ਼ੇਸ਼ਤਾਵਾਂ ਦੀ ਪਛਾਣ ਲਈ ਵਰਤਿਆ ਜਾਵੇਗਾ ।
- ਕਿੰਨੋ ਮੈਂਡਰਿਨ ਤੋਂ ਕੁੜੱਤਣ ਘਟਾਉਣ ਵਾਲੇ ਲਿਮੋਨਿਡ ਗਲੂਕੋਸਿਲ ਟ੍ਰਾਂਸਫਿਰੇਜ਼ (ਐਲ ਜੀ ਟੀ) ਜੀਨ ਨੂੰ ਕਲੋਨ ਕੀਤਾ ਗਿਆ ਅਤੇ ਐਲ ਜੀ ਟੀ ਦੇ ਜੀਨ ਸਿਕੁਐਂਸ ਨੂੰ ਐਨ ਸੀ ਬੀ ਆਈ ਵਿਖੇ ਪ੍ਰਸਤੁਤ ਕੀਤਾ ਗਿਆ । ਐਲ ਜੀ ਟੀ ਉੱਤੇ ਹੋਰ ਖੋਜ ਕੀਤੀ ਜਾ ਰਹੀ ਹੈ ।
- ਡਬਲਯੂ. ਮੁਰਕੋਟ ਅਤੇ ਡੇਜ਼ੀ ਮੈਂਡਰਿਨਜ਼ ਵਿੱਚ ਸਿੱਧੀ ਔਰਗੇਨੋਜੈਨੇਸਿਸ ਅਤੇ ਪੌਦੇ ਨੂੰ ਮੁੜ ਤੋਂ ਤਿਆਰ ਕਰਨ ਦੀ ਤਕਨੀਕ ਅਪਣਾਈ ਗਈ ।

## ਬੀਜ ਤਕਨਾਲੋਜੀ

- ਪੀ ਏ ਯੂ ਵਿਖੇ ਬੀਜ ਉਤਪਾਦਨ ਦਾ ਕਾਰਜ ਫਰੀਦਕੋਟ, ਲਾਢੋਵਾਲ, ਨਾਭਾ ਅਤੇ ਨਰੈਣਗੜ੍ਹ ਵਿਖੇ ਸਥਿਤ ਯੂਨੀਵਰਸਿਟੀ ਬੀਜ ਫਾਰਮਾਂ ਦੇ ਨਾਲ ਨਾਲ ਵੱਖੋ-ਵੱਖ ਕ੍ਰਿਸ਼ੀ ਵਿਗਿਆਨ ਕੇਂਦਰਾਂ ਤੇ ਕੀਤਾ ਜਾਂਦਾ ਹੈ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਯੂਨੀਵਰਸਿਟੀ ਨੇ ਵੱਖੋ-ਵੱਖ ਖੇਤ ਫ਼ਸਲਾਂ ਦਾ

ਲਗਭਗ 72000 ਕੁਇੰਟਲ ਬੀਜ (ਬਰੀਡਰ, ਫਾਊਂਡੇਸ਼ਨ ਅਤੇ ਸਰਟੀਫਾਈਡ/ਟੀ ਐਲ) ਪੈਦਾ ਕੀਤਾ ਜਿਸ ਵਿੱਚੋਂ 3595 ਕੁਇੰਟਲ ਬੀਜ ਜਨਤਕ-ਨਿੱਜੀ ਭਾਈਵਾਲੀ ਰਾਹੀਂ ਪੈਦਾ ਕੀਤਾ ਗਿਆ, ਇਸਦਾ ਵੇਰਵਾ ਸਾਰਣੀ ਵਿੱਚ ਦਿੱਤਾ ਗਿਆ ਹੈ ।

- ਹਰੇ ਛੋਲਿਆਂ (ਐਸ ਐਮ ਐਲ 668) ਵਿੱਚ ਬੀਜ ਦੀ ਗੁਣਵੱਤਾ ਵਧਾਉਣ ਲਈ ਇਲੈਕਟ੍ਰੋ-ਮੈਗਨੈਟਿਕ ਫੀਲਡ (ਈ ਐਮ ਐਫ) ਦੇ ਅਸਰ ਉੱਤੇ ਖੋਜ ਕੀਤੀ ਗਈ । 50 ਐਚ ਜ਼ੈੱਡ ਅਤੇ 100 ਐੱਚ ਜ਼ੈੱਡ ਦੇ ਈ ਐਮ ਐਫ ਨਾਲ ਬੀਜ ਦੀ ਗੁਣਵਤਾ ਵਿੱਚ ਪੁੰਗਰਣ ਪੱਖੋਂ (2346.4 ਅਤੇ 2385.6) ਅਤੇ ਕਲੋਰੋਫਿਲ ਦੀ ਮਾਤਰਾ ਪੱਖੋਂ (6.888 ਅਤੇ 6.894 ਮਿ.ਗ੍ਰਾ./ਗ੍ਰਾਮ) ਕ੍ਰਮਵਾਰ ਦਾ ਵਾਧਾ ਹੋਇਆ । ਸੋਧੇ ਹੋਏ ਬੀਜਾਂ ਉੱਤੇ ਕੀੜੇ-ਮਕੌੜਿਆਂ ਦਾ ਹਮਲਾ ਨਾ ਹੋਣ ਕਰਕੇ ਜਦੋਂ ਇਨ੍ਹਾਂ ਨੂੰ ਅੱਠ ਮਹੀਨੇ ਲਈ ਸੁਰੱਖਿਅਤ ਰੱਖਿਆ ਗਿਆ ਤਾਂ ਕੰਟਰੋਲ ਵਿਚਲੇ 1.25 ਪ੍ਰਤੀਸ਼ਤ ਦੇ ਮੁਕਾਬਲਤਨ ਇਹਨਾਂ ਦੀ ਸੁਰੱਖਿਅਤ ਰਹਿਣ ਦੀ ਸਮਰੱਥਾ ਵਧੇਰੇ ਪਾਈ ਗਈ ।
- ਪਾਣੀ ਨੂੰ ਸੋਖਣ ਵਾਲੇ ਪਦਾਰਥਾਂ ਦੀ ਵਰਤੋਂ ਰਾਹੀਂ ਇੱਕ ਸਧਾਰਨ, ਘੱਟ ਲਾਗਤ ਵਾਲੀ ਅਤੇ ਬੀਜ ਨੂੰ ਸੁਕਾਉਣ ਅਤੇ ਉਹਨਾਂ ਦੀ ਸਾਂਭ-ਸੰਭਾਲ ਵਾਲੀ ਤਕਨੀਕ ਵਿਕਸਿਤ ਕਰਨ ਤੇ ਖੋਜ ਕੀਤੀ ਗਈ ਅਤੇ ਸਾਂਭ-ਸੰਭਾਲ ਦੌਰਾਨ ਬੀਜ ਦੀ ਗੁਣਵਤਾ ਉੱਤੇ ਇਸਦੇ ਅਸਰ ਨੂੰ ਦੇਖਣ ਦਾ ਵੀ ਅਧਿਐਨ ਕੀਤਾ ਗਿਆ । ਇਸ ਵਿਧੀ ਨਾਲ ਸੰਭਾਲੇ ਬੀਜਾਂ ਦੀ ਪੁੰਗਰਣ ਸਮਰੱਥਾ 88 ਪ੍ਰਤੀਸ਼ਤ ਰਹੀ ਜਦੋਂ ਕਿ ਕੰਟਰੋਲ ਵਿੱਚ ਇਹ ਸਮਰੱਥਾ 80 ਪ੍ਰਤੀਸ਼ਤ ਹੀ ਸੀ । ਖੋਜ ਦੌਰਾਨ ਸਪੱਸ਼ਟ ਹੋਇਆ ਕਿ ਸੋਖਣ ਵਾਲੇ ਬੀਡਜ਼ ਨਾਲ ਸੁਕਾਏ ਬੀਜਾਂ ਦੀ ਸਾਂਭ-ਸੰਭਾਲ ਦੀ ਸਮਰੱਥਾ ਨੂੰ ਵਧੇਰੇ ਚੰਗੀ ਤਰ੍ਹਾਂ ਕਾਇਮ ਰੱਖਿਆ ਜਾ ਸਕਿਆ ।
- ਯੂਨੀਵਰਸਿਟੀ ਦੇ ਬੀਜ ਫਾਰਮਾਂ, ਖੋਜ ਸਟੇਸ਼ਨਾਂ ਅਤੇ ਹੋਰ ਵਿਭਾਗਾਂ ਤੋਂ ਵੱਖੋ-ਵੱਖ ਖੇਤ ਫ਼ਸਲਾਂ ਅਤੇ ਸਬਜ਼ੀਆਂ ਦੀਆਂ ਫ਼ਸਲਾਂ ਦੇ 674 ਨਮੂਨਿਆਂ ਦੀ ਲੈਬਾਰਟਰੀ ਵਿੱਚ ਪਰਖ ਕੀਤੀ ਗਈ ਤਾਂ ਜੋ ਉਨ੍ਹਾਂ ਦੀ ਸ਼ੁੱਧਤਾ ਅਤੇ ਪੁੰਗਰਣ ਸਮਰੱਥਾ ਨੂੰ ਜਾਣਿਆ ਜਾ ਸਕੇ ।
- ਵੱਖੋ-ਵੱਖ ਖੇਤ ਫ਼ਸਲਾਂ ਦੇ ਬਰੀਡਰ ਬੀਜ ਅਤੇ ਨਿਊਕਲੀਅਸ ਦੀ ਜੈਨੇਟਿਕ ਸ਼ੁੱਧਤਾ ਪਰਖਣ ਲਈ 161 ਨਮੂਨਿਆਂ (ਸਾਉਣੀ 2015 ਦੌਰਾਨ 76 ਅਤੇ ਹਾੜ੍ਹੀ 2015-16 ਦੌਰਾਨ 85) ਤੇ ਫੀਲਡ ਗਰੋਅ ਆਊਟ ਟੈਸਟ ਕੀਤੇ ਗਏ ।
- ਕਿਸਾਨਾਂ ਵੱਲੋਂ ਆਪਣੀ ਲੋੜ ਲਈ ਬਚਾਏ ਕਣਕ ਦੇ ਬੀਜਾਂ ਦੇ 700 ਨਮੂਨਿਆਂ ਵਿੱਚੋਂ 63 (9 ਪ੍ਰਤੀਸ਼ਤ) ਨਮੂਨਿਆਂ ਦੀ ਪੁੰਗਰਣ ਸਮਰਥਾ ਭਾਰਤੀ ਘੱਟੋ ਘੱਟ ਬੀਜ ਪ੍ਰਮਾਣਿਕ ਮਿਆਰਾਂ ਤੋਂ ਘੱਟ ਪਾਈ ਗਈ । ਇਨ੍ਹਾਂ ਵਿੱਚ 486 ਨਮੂਨਿਆਂ ਵਿਚ ਕਰਨਾਲ ਬੰਟ ਦੀ 0.05-8.5 ਪ੍ਰਤੀਸ਼ਤ ਲਾਗ ਪਾਈ ਗਈ ਅਤੇ 191 (27.3 ਪ੍ਰਤੀਸ਼ਤ) ਨਮੂਨੇ >0.25 ਪ੍ਰਤੀਸ਼ਤ ਘਟਨਾਵਾਂ ਕਰਕੇ ਭਾਰਤੀ ਘੱਟੋ ਘੱਟ ਬੀਜ ਪ੍ਰਮਾਣਿਕ ਮਿਆਰਾਂ ਤੋਂ ਫੇਲ ਪਾਏ ਗਏ ।
- ਅਨੰਦ ਐਗਰੀਕਲਚਰਲ ਯੂਨੀਵਰਸਿਟੀ, ਅਨੰਦ; ਗੋਵਿੰਦ ਬਲੱਭ ਪੰਤ ਯੂਨੀਵਰਸਿਟੀ ਆਫ਼ ਐਗਰੀਕਲਚਰ ਐਂਡ ਤਕਨਾਲੋਜੀ, ਪੰਤ ਨਗਰ ਅਤੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਤੋਂ ਟ੍ਰਾਈਕੋਦਰਮਾ ਹੇਰਜ਼ੀਐਨਮ ਦੀਆਂ ਤਿੰਨ ਫਾਰਮੂਲੇਸ਼ਨਾਂ ਨੂੰ ਆਈ ਸੀ ਏ ਆਰ ਦੇ ਨੈਸ਼ਨਲ ਸੀਡ ਪ੍ਰੋਜੈਕਟ ਤਹਿਤ ਪਰਖਿਆ ਗਿਆ, ਜਿਸ ਵਿੱਚ ਭੂਮੀ ਵਿੱਚ ਰੂੜੀ ਮਿਲਾਕੇ ਬੀਜ ਦੀ ਬਾਇਓ-ਪਰਾਇਮਿੰਗ ਕੀਤੀ ਗਈ । ਪਹਿਲੇ ਸਾਲ ਦੇ ਨਤੀਜਿਆਂ ਤੋਂ ਪਤਾ ਚਲਿਆ ਕਿ ਟ੍ਰਾਈਕੋਦਰਮਾ ਹਰਜ਼ੀਇਨਮ ਦੀ ਪੀ ਏ ਯੂ ਫਾਰਮੂਲੇਸ਼ਣ ਨਾਲ ਬੀਜ ਦੀ ਬਾਇਓ-ਪਰਾਇਮਿੰਗ ਕਰਨ ਉਪਰੰਤ ਟੀ.ਹੇਰਜ਼ੀਏਨਮ ਨਾਲ ਸੋਧੀ ਰੂੜੀ ਭੂਮੀ ਵਿੱਚ ਰਲਾਉਣ ਤੇ ਮੁਰਝਾਅ ਅਤੇ ਜੜ੍ਹ ਦੇ ਗਾਲੇ ਦੀਆਂ ਬਿਮਾਰੀਆਂ ਘਟਾਉਣ ਵਿੱਚ ਕਾਫ਼ੀ ਮਦਦ ਮਿਲੀ । ਇਸ ਨਾਲ ਮੁਰਝਾਅ ਦੀਆਂ ਘਟਨਾਵਾਂ ਵਿੱਚ ਕੰਟਰੋਲ ਦੇ ਮੁਕਾਬਲਤਨ 75 ਪ੍ਰਤੀਸ਼ਤ ਅਤੇ ਜੜ੍ਹ ਦੇ ਗਾਲੇ ਦੀਆਂ ਘਟਨਾਵਾਂ ਵਿੱਚ ਮੁਕਾਬਲਤਨ 60 ਪ੍ਰਤੀਸ਼ਤ ਰਾਹਤ ਮਿਲੀ ।

## ਫ਼ਸਲ ਉਤਪਾਦਨ ਤਕਨਾਲੋਜੀਆਂ

### ਖੇਤ ਫ਼ਸਲਾਂ

- ਬਾਸਮਤੀ ਝੋਨੇ ਵਿੱਚ ਪੱਤਾ ਰੰਗ ਚਾਰਟ (ਐਲ ਸੀ ਸੀ) ਦੀ ਵਰਤੋਂ ਕਰਦਿਆਂ ਲੋੜ ਅਧਾਰਿਤ ਐਨ-ਸ਼ਡਿਊਲਿੰਗ ਦੀ ਸਿਫ਼ਾਰਸ਼ ਕੀਤੀ ਗਈ ।
- ਮੱਕੀ-ਕਣਕ ਦੇ ਫ਼ਸਲੀ ਚੱਕਰ ਵਿੱਚ ਸਿਫ਼ਾਰਸ਼ ਕੀਤੀ ਗਈ ਕਿ ਦੋਵਾਂ ਫ਼ਸਲਾਂ ਦੇ ਭੂਮੀ ਪਰਖ-ਪੀ ਸਥਿਤੀ ਨੂੰ ਜਾਨਣ ਲਈ ਪੀ ਦੀ ਵਰਤੋਂ 16 ਕਿਲੋ/ਏਕੜ ਤੋਂ ਵੱਧ ਨਾ ਕੀਤੀ ਜਾਵੇ ।

| ਫ਼ਸਲਾਂ | ਬਰੀਡਰ ਬੀਜ (ਕੁਇੰਟਲ) | ਫਾਊਂਡੇਸ਼ਨ ਬੀਜ (ਕੁਇੰਟਲ) | ਸਰਟੀਫਾਈਡ ਬੀਜ (ਕੁਇੰਟਲ) | ਸਹੀ ਤੌਰ ਤੇ ਲੇਬਲ ਕੀਤਾ ਬੀਜ (ਕੁਇੰਟਲ) | ਕੁੱਲ ਬੀਜ (ਕੁਇੰਟਲ) |
|---|---|---|---|---|---|
| ਖੇਤ ਫ਼ਸਲਾਂ | 6470 | 13.838 | 7.552 | 43,897 | 71,757 |
| ਸਬਜ਼ੀਆਂ ਦੀਆਂ ਫ਼ਸਲਾਂ | 228 | 1871 | 6167 | 654 | 8920 |
| ਕੁੱਲ | 6698 | 15,709 | 13,719 | 44,551 | 80,677 |

- ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿੱਚ ਮੂੰਗਬੀਨ ਨੂੰ 67.5 ਸੈ.ਮੀ. (37.5 ਸੈ.ਮੀ. ਵੱਟਾਂ ਉੱਪਰ ਅਤੇ 30 ਸੈ.ਮੀ. ਖਾਲੀਆਂ ਵਿੱਚ) ਦੀ ਵਿੱਥ ਤੇ ਕਿਆਰਿਆਂ ਤੇ ਬੀਜਣ ਦੀ ਸਿਫ਼ਾਰਸ਼ ਕੀਤੀ ਗਈ । ਹਰੇਕ ਕਿਆਰੇ ਤੇ 20 ਸੈ.ਮੀ. ਦੀ ਵਿੱਥ ਤੇ ਦੋ ਹੀ ਕਤਾਰਾਂ ਲਾਈਆਂ ਜਾਣ, ਜਿਨ੍ਹਾਂ ਵਿੱਚ ਬੀਜ ਅਤੇ ਹੋਰ ਸਮੱਗਰੀ ਉਨੀ ਹੀ ਮਾਤਰਾ ਵਿੱਚ ਪਾਈ ਜਾਵੇ ਜਿੰਨੀ ਕਿ ਪੱਧਰੀ ਜ਼ਮੀਨ ਲਈ ਲੋੜੀਂਦੀ ਹੁੰਦੀ ਹੈ । ਇਸੇ ਤਰ੍ਹਾਂ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿੱਚ ਅਰਹਰ ਦੀ ਬਿਜਾਈ ਵੀ 67. ਸੈ.ਮੀ. (37.5 ਸੈ.ਮੀ. ਵੱਟਾਂ ਉੱਤੇ ਅਤੇ 30 ਸੈ.ਮੀ. ਖਾਲੀਆਂ ਵਿੱਚ) ਦੀ ਵਿੱਥ ਤੇ ਕਿਆਰਿਆਂ ਤੇ ਬੀਜਣ ਦੀ ਸਿਫ਼ਾਰਸ਼ ਕੀਤੀ ਗਈ। ਹਰੇਕ ਕਿਆਰੇ ਤੇ ਇੱਕ ਹੀ ਕਤਾਰ ਬੀਜੀ ਜਾਵੇ ਜਿਸ ਵਿੱਚ ਬੀਜ, ਖਾਦਾਂ ਅਤੇ ਹੋਰ ਸਮੱਗਰੀ ਉਨੀ ਹੀ ਮਾਤਰਾ ਵਿੱਚ ਪਾਈ ਜਾਵੇ ਜਿੰਨੀ ਕਿ ਪੱਧਰ ਜ਼ਮੀਨ ਲਈ ਲੋੜੀਂਦੀ ਹੁੰਦੀ ਹੈ। ਕਿਆਰਿਆਂ ਤੇ ਬਿਜਾਈ ਨਾਲ ਨਾ ਕੇਵਲ ਸਿੰਚਾਈ ਵਾਲੇ ਪਾਣੀ ਦੀ ਹੀ ਬੱਚਤ ਹੁੰਦੀ ਹੈ ਬਲਕਿ ਵੱਧ ਮੀਂਹ ਦੇ ਮਾੜੇ ਅਸਰ ਤੋਂ ਵੀ ਫ਼ਸਲ ਦਾ ਬਚਾਅ ਰਹਿੰਦਾ ਹੈ ।
- ਬਰਸੀਮ ਦੇ ਬੀਜ ਦਾ ਝਾੜ ਵਧਾਉਣ ਲਈ ਸੈਲੀਸਾਇਕਲਿਕ ਐਸਿਡ ਜਾਂ ਪੋਟਾਸ਼ੀਅਮ ਨਾਈਟ੍ਰੇਟ @ 7.5 ਗ੍ਰਾਮ/ਏਕੜ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਦੋ ਛਿੜਕਾਅ, ਪਹਿਲਾਂ ਫ਼ਲ ਪੈਣ ਵੇਲੇ ਅਤੇ ਦੂਜਾ ਛਿੜਕਾਅ, ਪਹਿਲੇ ਤੋਂ ਇੱਕ ਹਫ਼ਤੇ ਬਾਅਦ ਕਰਨ ਦੀ ਸਿਫ਼ਾਰਸ਼ ਕੀਤੀ ਗਈ ।
- ਬਾਸਮਤੀ ਝੋਨੇ ਵਿੱਚ ਯੂਰੀਆ ਦਾ ਛਿੜਕਾਅ ਕਰਨ ਦੀ ਕੋਈ ਲੋੜ ਨਹੀਂ ਜੇਕਰ ਖੇਤ ਵਿੱਚ 45-55 ਦਿਨ ਪੁਰਾਣੀ ਸਨਹੈਂਪ/ਢੈਂਚਾ ਜਾਂ ਗਰਮ ਰੁੱਤ ਦੀ ਮੂੰਗਬੀਨ ਦੀ ਪਰਾਲੀ (ਫ਼ਲੀਆਂ ਕੱਢਣ ਉਪਰੰਤ ਬਚੀ ਰਹਿੰਦ-ਖੂੰਹਦ) ਦੀ ਹਰੀ ਖਾਦ ਪਾਈ ਹੋਵੇ ।
- ਮੱਕੀ ਦਾ ਝਾੜ ਵਧਾਉਣ ਲਈ ਅਤੇ ਭੂਮੀ ਦੀ ਸਿਹਤ ਠੀਕ ਰੱਖਣ ਲਈ ਕੰਸੋਰਸ਼ੀਅਮ ਜੈਵਿਕ ਖਾਦ @500 ਗ੍ਰਾਮ/ਏਕੜ ਨਾਲ ਸੋਧੇ ਬੀਜ ਦੀ ਵਰਤੋਂ ਕਰਨ ਦੀ ਸਿਫ਼ਾਰਸ਼ ਕੀਤੀ ਗਈ ।
- ਝੋਨੇ ਦੀ ਫ਼ਸਲ ਲਈ ਐਜ਼ੋਰਹਿਜ਼ੋਬੀਅਮ ਅਧਾਰਿਤ ਜੈਵਿਕ ਖਾਦ ਵਰਤਣ ਦੀ ਸਿਫ਼ਾਰਸ਼ ਕੀਤੀ ਗਈ ।
- ਬੈਕਟੀਰੀਅਲ ਆਈਸੋਲੇਟ ਡਿਲਫਟੀਆ ਐਸਪੀਪੀ ਦੇ ਛਿੜਕਾਅ ਤੋਂ 120 ਦਿਨਾਂ ਬਾਅਦ ਝੋਨੇ ਦੀ ਪਰਾਲੀ ਦਾ ਗਲਣਾ ਅਤੇ ਕਣਕ ਦੇ ਝਾੜ ਵਿੱਚ ਵਾਧਾ ਹੋਇਆ ਮਿਲਿਆ।
- ਮੂੰਗਫ਼ਲੀ ਵਿੱਚ ਬੈਕਟੀਰੀਓਸਿਨ ਪੈਦਾ ਕਰਨ ਵਾਲੇ ਰਹੀਜ਼ੋਬੀਅਮ ਐਸਪੀਪੀ ਨੂੰ ਇੰਡੀਕੇਟਰ ਸਟ੍ਰੇਨ (ਇੰਡੀਕੇਟਰ+ਐਨ 8) ਨਾਲ ਦੋਹਰਾ ਇਨੋਕੁਲਕੇਟ ਕੀਤਾ ਗਿਆ ਤਾਂ ਜੋ ਇਕੱਲੇ ਬੈਕਟੀਰੀਓਸਿਨਜੈਨਿਕ ਆਈਸੋਲੇਟਸ, ਇਕੱਲੇ ਇੰਡੀਕੇਟਰ ਸਟ੍ਰੇਨ ਅਤੇ ਇੰਨੋਕੁਲਕੇਟਿਡ ਕੰਟਰੋਲ ਉੱਤੇ ਨੋਡਿਊਲਜ਼ (24.3) ਗਿਣਤੀ ਵਿੱਚ ਮਹੱਤਵਪੂਰਨ ਵਾਧਾ ਵੇਖਿਆ ਜਾ ਸਕੇ ।
- ਨਰਮੇ ਦੀ 1 ਮੀ.x1 ਮੀ. ਦੀ ਵਿੱਥ ਤੇ ਬਿਜਾਈ ਕਰਨ ਤੋਂ ਪਹਿਲਾਂ ਕਰਾਸ ਸਬ-ਸਾਇਲਿੰਗ ਕਰਨ ਨਾਲ ਝਾੜ ਵਿੱਚ ਬਿਨਾਂ ਸਬ-ਸਾਇਲਿੰਗ ਨਾਲੋਂ ਅਥਾਹ ਵਾਧਾ ਹੋਇਆ । ਇਸ ਨਾਲ ਜੜ੍ਹ ਦੇ ਵਿਕਾਸ ਅਤੇ ਜੜ੍ਹ ਬਾਇਓਮਾਸ ਉਤਪਾਦਨ ਤੇ ਵੀ ਸਾਕਾਰਤਮਕ ਪ੍ਰਭਾਵ ਪਿਆ ।

**ਫ਼ਲਾਂ ਦੀਆਂ ਫ਼ਸਲਾਂ**

- ਪਿਉਂਦ ਰਾਹੀਂ ਕਿੰਨੋ ਦੀ ਨਰਸਰੀ ਜਲਦੀ ਤਿਆਰ ਕਰਨ ਦੀ ਤਕਨੀਕ (ਬੱਡ ਫੋਰਸਿੰਗ) ਵਿਕਸਿਤ ਕੀਤੀ ਗਈ । ਇਸ ਨਾਲ ਕਿੰਨੋ ਅਤੇ ਕਾਗਜ਼ੀ ਨਿੰਬੂ ਦੀ ਨਰਸਰੀ ਜਲਦੀ ਵਿਕਾਸ ਕਰਦੀ ਹੈ ਅਤੇ ਨਰਸਰੀ ਵਿੱਚ ਵੇਚੇ ਜਾਣ ਲਈ ਬੂਟੇ ਵੀ ਜਲਦੀ ਤਿਆਰ ਹੋ ਜਾਂਦੇ ਹਨ ।
- ਅੰਬ ਵਿੱਚ ਫਾਨਾ ਪਿਉਂਦ ਦੀ ਇੱਕ ਨਵੀਂ ਪ੍ਰੋਪੇਗੇਸ਼ਨ ਤਕਨੀਕ ਵਿਕਸਿਤ ਕੀਤੀ ਗਈ । ਅੰਬ ਨੂੰ ਇਸ ਤਕਨੀਕ ਰਾਹੀਂ ਜੁਲਾਈ ਦੇ ਅਖੀਰ ਤੋਂ ਲੈ ਕੇ ਅਗਸਤ ਦੇ ਅਖੀਰ ਤੱਕ ਉਸੇ ਹੀ ਰੂਟ ਸਟਾਕ ਜਾਂ ਵੱਡੇ ਘੇਰੇ ਤੇ ਖੁੱਲ੍ਹੇ ਖੇਤ ਜਾਂ ਸੁਰੱਖਿਅਤ ਹਾਲਤਾਂ ਅਧੀਨ ਪ੍ਰੋਪੇਗੇਟ ਕੀਤਾ ਜਾ ਸਕਦਾ ਹੈ।
- ਕਿੰਨੋ ਮੈਂਡਰਿਨ ਵਿੱਚ ਫ਼ਲ ਨੂੰ ਕਿਰਣ ਤੋਂ ਬਚਾਉਣ ਲਈ ਪੱਤਿਆਂ ਤੇ ਪੌਸ਼ਟਿਕ ਤੱਤਾਂ ਅਤੇ ਪੌਦੇ ਦਾ ਵਿਕਾਸ ਕਰਨ ਵਾਲੇ ਤੱਤਾਂ ਦੇ ਛਿੜਕਾਅ ਨਾਲ ਕੀਤੇ ਤਜ਼ਰਬੇ ਤੋਂ ਫ਼ਲ ਦਾ ਕਿਰਣਾ (ਕੰਟਰੋਲ ਨਾਲੋਂ 18-25 ਪ੍ਰਤੀਸ਼ਤ) ਘਟਿਆ ਅਤੇ ਝਾੜ ਵਿੱਚ ਵਾਧਾ ਹੋਇਆ । ਤਜ਼ਰਬੇ ਵਜੋਂ ਸੈਲੀਸਾਇਲਿਕ ਐਸਿਡ (10 μg/ml) ਦਾ ਪੱਤਿਆਂ ਉੱਤੇ ਛਿੜਕਾਅ ਤਿੰਨ ਵਾਰੀ (ਮੱਧ ਅਪ੍ਰੈਲ, ਮੱਧ ਜੂਨ ਅਤੇ ਮੱਧ ਸਤੰਬਰ) ਵਿੱਚ ਕੀਤਾ ਗਿਆ ।

**ਵਣ-ਖੇਤੀ**

- ਕਣਕ ਦੀ ਡਬਲਯੂ ਐਚ 1105 ਕਿਸਮ ਦੀ ਬਿਜਾਈ ਪੋਪਲਰ ਦੇ ਬੂਟਿਆਂ ਵਿੱਚ ਕਰਨ ਦੀ ਸਿਫ਼ਾਰਸ਼ ਕੀਤੀ ਗਈ । ਇਸ ਕਿਸਮ ਦੀ ਬਿਜਾਈ ਨਵੰਬਰ ਦੇ ਪਹਿਲੇ ਪੰਦਰਵਾੜੇ ਹੀ ਕਰ ਦੇਣੀ ਚਾਹੀਦੀ ਹੈ ਤਾਂ ਜੋ ਵਧੀਆ ਝਾੜ ਹਾਸਲ ਹੋ ਸਕੇ ।
- ਸਫ਼ੈਦੇ ਦੇ ਬੂਟਿਆਂ ਉਤੇ ਵਾਧੇ ਦੇ ਵੱਖੋ-ਵੱਖ ਸਾਲਾਂ ਦੌਰਾਨ ਖਾਦ ਦੀ ਮਾਤਰਾ, ਸਮਾਂ ਅਤੇ ਛਿੜਕਾਅ ਦੀ ਵਿਧੀ ਦਾ ਮਿਆਰੀਕਰਨ ਕੀਤਾ ਗਿਆ ਤਾਂ ਜੋ ਵਧੇਰੇ ਉਤਪਾਦਨ ਹੋ ਸਕੇ ।

**ਸਬਜ਼ੀਆਂ ਦੀਆਂ ਫ਼ਸਲਾਂ**

- ਮਟਰਾਂ ਵਿੱਚ ਤੁਪਕਾ ਸਿੰਚਾਈ ਅਤੇ ਖਾਦਾਂ ਪਾਉਣ ਦੀ ਸਾਰਣੀ ਉਲੀਕਣ ਨਾਲ ਜਿੱਥੇ 30 ਪ੍ਰਤੀਸ਼ਤ ਪਾਣੀ ਅਤੇ 20 ਪ੍ਰਤੀਸ਼ਤ ਐਨ ਪੀ ਕੇ ਖਾਦਾਂ ਦੀ ਬੱਚਤ ਹੋਈ ਉਥੇ ਪੁਰਾਣੇ ਢੰਗ ਤਰੀਕਿਆਂ ਨਾਲੋਂ ਝਾੜ ਵਿੱਚ 30 ਪ੍ਰਤੀਸ਼ਤ ਦਾ ਵਾਧਾ ਹੋਇਆ ।
- ਹਲਦੀ ਵਿੱਚ ਤੁਪਕਾ ਸਿੰਚਾਈ ਅਤੇ ਖਾਦਾਂ ਪਾਉਣ ਦੀ ਸਾਰਣੀ ਉਲੀਕਣ ਨਾਲ ਜਿੱਥੇ 33 ਪ੍ਰਤੀਸ਼ਤ ਪਾਣੀ, 20 ਪ੍ਰਤੀਸ਼ਤ ਐਨ ਪੀ ਕੇ ਖਾਦਾਂ ਦੀ ਬੱਚਤ ਹੋਈ ਉਥੇ ਪੁਰਾਣੇ

ਢੰਗ ਤਰੀਕਿਆਂ ਨਾਲੋਂ ਝਾੜ ਵਿੱਚ 25 ਪ੍ਰਤੀਸ਼ਤ ਦਾ ਵਾਧਾ ਹੋਇਆ ।

- ਬੈਂਗਣ ਵਿੱਚ ਤੁਪਕਾ ਸਿੰਚਾਈ ਅਤੇ ਪਲਾਸਟਿਕ ਦੀ ਮਲਚ ਵਿਛਾਉਣ ਨਾਲ 70-106 ਪ੍ਰਤੀਸ਼ਤ ਝਾੜ ਦਾ ਵਾਧਾ ਹੋਇਆ ਅਤੇ ਪ੍ਰਚੱਲਤ ਢੰਗ ਨਾਲੋਂ 50 ਪ੍ਰਤੀਸ਼ਤ ਪਾਣੀ ਦੀ ਬੱਚਤ ਹੋਈ।
- ਹਲਕੀਆਂ ਜ਼ਮੀਨਾਂ ਵਿੱਚ ਆਲੂ ਦਾ ਸਹੀ ਝਾੜ ਲੈਣ ਲਈ ਸਿੰਚਾਈ ਵਾਸਤੇ ਟਿਊਬਵੈੱਲ ਦੇ ਮਾੜੀ ਗੁਣਵਤਾ ਵਾਲੇ ਪਾਣੀ ਨੂੰ ਨਹਿਰੀ ਪਾਣੀ ਨਾਲ ਸਾਇਕਲਿਕ ਮੋਡ ਤੇ ਵਰਤਿਆ ਜਾ ਸਕਦਾ ਹੈ । ਆਲੂ ਦੇ ਖੇਤਾਂ ਵਿੱਚ ਝੋਨੇ ਦੀ ਪਰਾਲੀ ਦੀ ਮਲਚ @25 ਕੁਇੰਟਲ/ਏਕੜ ਵਿਛਾਉਣ ਨਾਲ ਜਿੱਥੇ ਆਲੂ ਦੇ ਝਾੜ ਵਿੱਚ ਵਾਧਾ ਹੁੰਦਾ ਹੈ ਉਥੇ ਭੂਮੀ ਦੀ ਸਿਹਤ ਵੀ ਬਰਕਰਾਰ ਰਹਿੰਦੀ ਹੈ ।
- ਆਲੂ ਦੀ ਫ਼ਸਲ ਵਿੱਚ ਬਾਇਓ ਖਾਦ+ਐਫ ਵਾਈ ਐਮ (50 ਪ੍ਰਤੀਸ਼ਤ ਐਨ) ਦਾ ਛਿੜਕਾਅ ਉੱਤਮ ਜੈਵਿਕ ਖਾਦ ਵਜੋਂ ਸਿੱਧ ਹੋਇਆ ਕਿਉਂ ਜੋ ਇਸ ਨਾਲ ਮਾਈਕ੍ਰੋਬੀਅਲ ਗਿਣਤੀ ਅਤੇ ਭੂਮੀ ਦੀ ਐਨਜ਼ਾਇਮੈਟਿਕ ਗਤੀਵਿਧੀ ਵਿੱਚ ਅਥਾਹ ਵਾਧਾ ਹੋਇਆ ਜਿਸ ਸਦਕਾ ਭੂਮੀ ਦਾ ਐਨ ਪੀ ਕੇ ਤੱਤ ਅਤੇ ਆਲੂ ਦਾ ਝਾੜ ਵਧਿਆ ।

## ਫ਼ਸਲ ਸੁਰੱਖਿਆ ਤਕਨਾਲੋਜੀਆਂ

### ਖੇਤ ਫ਼ਸਲਾਂ

- ਨੈੱਟ ਹਾਊਸ ਵਿੱਚ ਰੂਟ ਨਾਟ ਨੀਮਾਟੋਡ ਦੀ ਰੋਕਥਾਮ ਲਈ ਗੇਂਦੇ ਦੀ 60 ਦਿਨ ਪੁਰਾਣੀ ਫ਼ਸਲ ਵਿੱਚ ਹਰੀ ਖਾਦ ਪਾਉਣੀ ਵਧੇਰੇ ਅਸਰਦਾਇਕ ਰਹੀ ।
- ਝੋਨੇ ਦੇ ਝੁਲਸ ਰੋਗ ਅਤੇ ਬਲਾਸਟ ਰੋਗ ਦੀ ਰੋਕਾਮ ਲਈ ਐਮੀਸਟਾਰ ਟਾਪ 325 ਐਸ ਸੀ (ਐਜ਼ੋਕਸੀਸਟ੍ਰੋਬਿਨ 18.2 ਪ੍ਰਤੀਸ਼ਤ + ਡਾਈਫਿਨੋਕੋਨੇਜ਼ੋਲ 11.4 ਪ੍ਰਤੀਸ਼ਤ ਐਸ ਸੀ) ਦੇ ਛਿੜਕਾਅ ਦੀ ਸਿਫ਼ਾਰਸ਼ ਕੀਤੀ ਗਈ ।
- ਕਣਕ ਦੀ ਪੀਲੀ ਕੁੰਗੀ ਲਈ ਮੌਸਮ ਦੀ ਭਵਿੱਖਬਾਣੀ ਤੇ ਅਧਾਰਿਤ ਅਗਾਊਂ ਚੇਤੰਨ ਕਰਨ ਵਾਲੇ ਇੱਕ ਮਾਡਲ ਨੂੰ ਸਿਧਾਂਤਕ ਪਹੁੰਚ ਵਿਧੀ ਵਰਤਦਿਆਂ ਵਿਕਸਤ ਕੀਤਾ ਗਿਆ। ਇਸ ਨਾਲ ਪੰਜਾਬ ਵਿੱਚ ਇਸ ਰੋਗ ਦੀ ਸਮੇਂ ਸਿਰ ਰੋਕਥਾਮ ਕਰਨ ਵਿੱਚ ਮਦਦ ਮਿਲੇਗੀ ।
- ਗੁਆਂਢੀ ਰਾਜ (ਹਿਮਾਚਲ ਪ੍ਰਦੇਸ਼) ਦੀਆਂ ਹੇਠਲੀਆਂ ਅਤੇ ਉਪਰਲੀਆਂ ਪਹਾੜੀਆਂ/ਵਾਦੀਆਂ ਵਿੱਚ ਜੁਲਾਈ ਤੋਂ ਅਕਤੂਬਰ ਦੌਰਾਨ ਪੀਲੀ ਕੁੰਗੀ ਤੇ ਨਿਰੰਤਰ ਨਿਗਾਹ ਰੱਖਣ ਤੇ ਪਤਾ ਚੱਲਿਆ ਕਿ ਇਹ ਬਿਮਾਰੀ ਦਸੰਬਰ 2015 ਦੀ ਸ਼ੁਰੂਆਤ ਵਿੱਚ ਲੱਗ ਗਈ ਸੀ ਲੇਕਿਨ ਉੱਲੀਨਾਸ਼ਕਾਂ ਦੇ ਸਮੇਂ ਸਿਰ ਛਿੜਕਾਅ ਨਾਲ ਇਸ ਦਾ ਰੋਕਥਾਮ ਹੋ ਸਕਿਆ । ਫ਼ਰਵਰੀ ਮਹੀਨੇ ਦੌਰਾਨ ਦੇ ਖੁਸ਼ਕ ਮੌਸਮ ਅਤੇ ਘੱਟ ਮੀਂਹ ਨਾਲ ਵੀ ਇਸ ਬਿਮਾਰੀ ਤੇ ਕੁਝ ਹੱਦ ਤੱਕ ਠੱਲ ਪਈ । ਇਸ ਬਿਮਾਰੀ ਦਾ ਸਭ ਤੋਂ ਵੱਧ ਹਮਲਾ ਰੋਪੜ ਅਤੇ ਸ਼ਹੀਦ ਭਗਤ ਸਿੰਘ ਨਗਰ (40 ਪ੍ਰਤੀਸ਼ਤ) ਜ਼ਿਲ੍ਹਿਆਂ ਵਿੱਚ ਵੇਖਣ ਨੂੰ ਮਿਲਿਆ। ਇਨ੍ਹਾਂ ਉਪਰੰਤ ਜਲੰਧਰ, ਪਠਾਨਕੋਟ ਅਤੇ ਕਪੂਰਥਲਾ ਜ਼ਿਲ੍ਹਿਆਂ ਵਿੱਚ 30 ਪ੍ਰਤੀਸ਼ਤ ਅਤੇ ਅੰਮ੍ਰਿਤਸਰ, ਮੋਹਾਲੀ, ਲੁਧਿਆਣਾ ਅਤੇ ਫਾਜ਼ਿਲਕਾ ਜ਼ਿਲ੍ਹਿਆਂ ਵਿੱਚ ਇਸ ਬਿਮਾਰੀ ਦਾ ਹਮਲਾ 10 ਪ੍ਰਤੀਸ਼ਤ ਵੇਖਣ ਨੂੰ ਮਿਲਿਆ । ਇਸ ਬਿਮਾਰੀ ਦਾ ਕੁਝ ਹਮਲਾ ਕਿਤੇ ਕਿਤੇ ਫਿਰੋਜ਼ਪੁਰ, ਮਾਨਸਾ ਅਤੇ ਮੁਕਤਸਰ ਸਾਹਿਬ ਜ਼ਿਲ੍ਹਿਆਂ ਵਿੱਚ ਵੀ ਵੇਖਣ ਨੂੰ ਮਿਲਿਆ । ਲੇਕਿਨ ਪੰਜਾਬ ਵਿੱਚ ਇਸ ਦਾ ਹਮਲਾ ਔਸਤਨ 15.2 ਪ੍ਰਤੀਸ਼ਤ ਰਿਕਾਰਡ ਕੀਤਾ ਗਿਆ ।
- ਕਣਕ ਵਿਚਲੇ ਸਿੱਟਿਆਂ ਦੀ ਕਾਂਗਿਆਰੀ ਅਤੇ ਝੰਡਾ ਰੋਗ ਦੀ ਰੋਕਥਾਮ ਲਈ ਇਸ ਦੇ ਬੀਜ ਨੂੰ ਰੈਕਸਿਲ ਈਜ਼ੀ (ਟੈਬੂਕੋਨਾਜ਼ੋਲ 6 ਪ੍ਰਤੀਸ਼ਤ) @ 13 ਮਿ.ਲੀ./40 ਕਿਲੋ ਬੀਜ ਜਾਂ ਸੀਡੈਕਸ 2 ਡੀ ਐਸ @ 40 ਗ੍ਰਾਮ ਪ੍ਰਤੀ 40 ਕਿਲੋ ਬੀਜ ਨਾਲ ਸੋਧਣਾ ਵਧੇਰੇ ਅਸਰਦਾਇਕ ਰਿਹਾ ।
- ਝੋਨੇ ਵਿਚਲੇ ਝੁਲਸ ਰੋਗ ਅਤੇ ਭੂਰੇ ਧੱਬਿਆਂ ਦੀ ਰੋਕਥਾਮ ਲਈ ਨੇਟੀਵੋ 75 ਡਬਲਯੂ ਜੀ (ਟੈਬੂਕੋਨੇਜ਼ੋਲ+ਟ੍ਰਾਈਫਲੋਕ ਸੀਸਟ੍ਰੋਬਿਨ) @ 80 ਗ੍ਰਾਮ ਨੂੰ 200 ਲਿਟਰ ਪਾਣੀ ਪ੍ਰਤੀ ਏਕੜ ਦਾ ਛਿੜਕਾਅ ਦੋ ਵਾਰੀ (ਪਹਿਲਾ ਬੂਟ ਅਵਸਥਾ ਤੇ ਅਤੇ ਦੂਜਾ 15 ਦਿਨਾਂ ਦੇ ਵਕਫ਼ੇ ਮਗਰੋਂ) ਕਰਨ ਦੀ ਸਿਫ਼ਾਰਸ਼ ਕੀਤੀ ਗਈ ।
- ਰਹੀਜ਼ੋਕਟੋਨੀਆ ਸੋਲਾਨੀ, ਫਿਊਜ਼ੇਰੀਅਮ ਆਕਸੀਸਪੋਰਮ, ਐਫ. ਮੋਨੀਲੀਫੋਰਮ ਅਤੇ ਸਲਿਰੋਟੀਅਮ ਐਸਪੀ ਵਿਰੁੱਧ ਐਂਡੋਫਾਇਟਿਕ ਐਕਟੀਨੋਮਾਈਸੀਟ ਆਈਸੋਲੇਟਸ, ਜੇ-3-ਐਸ-1 ਅਤੇ ਸੀ-51-ਬੀ ਨਾਲ ਪੌਦੇ ਦੇ ਵਿਕਾਸ ਨੂੰ ਵਧਾਉਣ ਵਾਲੀਆਂ ਵਿਸ਼ੇਸ਼ਤਾਵਾਂ ਵੇਖਣ ਨੂੰ ਮਿਲੀਆਂ ।
- ਕਮਾਦ ਵਿੱਚ ਤਣੇ ਦੇ ਗੜੂੰਏ ਦੀ ਰੋਕਥਾਮ ਲਈ ਕੋਰਾਜ਼ਿਨ 18.5 ਐਸ ਸੀ (ਕਲੋਰੈਂਟਰੀਨੀਲੀਪੋਲ) @150 ਮਿ.ਲੀ./ਏਕੜ ਦਾ ਛਿੜਕਾਅ ਕਰਨ ਦੀ ਸਿਫ਼ਾਰਸ਼ ਕੀਤੀ ਗਈ ।
- ਮੱਕੀ ਦੇ ਤਣੇ ਦੇ ਗੜੂੰਏ ਦੀ ਰੋਕਥਾਮ ਲਈ ਕੋਰਾਜ਼ਿਨ 18.5 ਐਸ ਸੀ (ਕਲੋਰੇਂਟਰੀਨੀਲੀਪਰੋਲ) @30 ਮਿ.ਲੀ./ਏਕੜ ਦਾ ਛਿੜਕਾਅ ਪੁੰਗਰਣ ਤੋਂ 10-15 ਦਿਨ ਬਾਅਦ ਕਰਨ ਦੀ ਸਿਫ਼ਾਰਸ਼ ਕੀਤੀ ਗਈ ।
- ਨਰਮੇ ਵਿੱਚ ਚਿੱਟੀ ਮੱਖੀ ਦੀ ਰੋਕਥਾਮ ਲਈ ਯੂਲਾਲਾ 50 ਡਬਲਯੂ ਜੀ (ਫਲੋਨੀਸਾਮਿਡ) @ 80 ਗ੍ਰਾਮ/ਏਕੜ, ਲਾਨੋ 10 ਈ ਸੀ (ਪਾਇਰੀਪ੍ਰੋਕਸੀਫਿਨ) @500 ਮਿ.ਲੀ./ਏਕੜ ਅਤੇ ਕਰੇਜ਼ 50 ਡਬਲਯੂ ਪੀ (ਡਾਇਆਫਿਨਥੀਓਰਸ) @200 ਗ੍ਰਾਮ/ਏਕੜ ਦਾ 150 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨ ਦੀ ਸਿਫ਼ਾਰਸ਼ ਕੀਤੀ ਗਈ ।
- ਨਰਮੇ ਦੇ ਜੈਸਿਡ ਦੀ ਰੋਕਥਾਮ ਲਈ ਥੋਂਪਸਨ 25 ਡਬਲਯੂ ਜੀ (ਥੀਆਮੈਥੋਕਸਮ) @40 ਗ੍ਰਾਮ/ਏਕੜ ਨੂੰ 150 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨ ਦੀ ਸਿਫ਼ਾਰਸ਼ ਕੀਤੀ ਗਈ ।

- ਝੋਨੇ ਦੇ ਤਣੇ ਦੇ ਗੜੂੰਏ ਅਤੇ ਬਾਸਮਤੀ ਚੌਲਾਂ ਦੇ ਪੱਤਾ ਲਪੇਟ ਦੀ ਰੋਕਥਾਮ ਲਈ ਮਾਈਫਪਰੋ-ਜੀ ਅਤੇ ਮਹਾਵੀਰ-ਜੀ ਆਰ (ਕਾਰਟੇਪ ਹਾਈਡ੍ਰੋਕਲੋਰਾਈਡ) @10 ਕਿਲੋ/ਏਕੜ ਦਾ ਛਿੜਕਾਅ ਕਰਨ ਦੀ ਸਿਫ਼ਾਰਸ਼ ਕੀਤੀ ਗਈ ।
- ਝੋਨੇ ਦੇ ਟਿੱਡਿਆਂ ਦੀ ਰੋਕਥਾਮ ਲਈ ਕੁਇਨਲਮਾਸ 25 ਈ ਸੀ (ਕੁਇਨਲਫਾਸ) @800 ਮਿ.ਲੀ./ਏਕੜ ਦਾ ਛਿੜਕਾਅ ਕਰਨ ਦੀ ਸਿਫ਼ਾਰਸ਼ ਕੀਤੀ ਗਈ ।
- ਕਮਾਦ ਵਿੱਚ ਬਲੈਕ ਬੱਗ ਦੀ ਰੋਕਥਾਮ ਲਈ ਗੋਲਡਬੈਨ 20 ਈ ਸੀ (ਕਲੋਰਪਾਇਰੀਫਾਸ) @350 ਮਿ.ਲੀ./ਏਕੜ ਦਾ ਛਿੜਕਾਅ ਕਰਨ ਦੀ ਸਿਫ਼ਾਰਸ਼ ਕੀਤੀ ਗਈ।
- ਕਮਾਦ ਵਿੱਚ ਤਣੇ ਦੇ ਗੜੂੰਏ ਦੀ ਰੋਕਥਾਮ ਲਈ ਰਿਪਿਨ 0.3 ਜੀ ਆਰ (ਫਿਪਰੋਨਿਲ) @10 ਕਿਲੋ/ਏਕੜ ਦਾ ਛਿੜਕਾਅ ਬਿਜਾਈ ਤੋਂ 45 ਦਿਨਾਂ ਬਾਅਦ ਕਰਨ ਦੀ ਸਿਫ਼ਾਰਸ਼ ਕੀਤੀ ਗਈ।
- ਸਿੱਧੇ ਬੀਜ ਝੋਨੇ ਵਿਚਲੇ ਐਰੋਬਿਕ ਘਾਹ ਦੀ ਰੋਕਥਾਮ ਲਈ ਇਸ ਦੇ ਉੱਗਣ ਉਪਰੰਤ ਨਦੀਨ ਨਾਸ਼ਕ, ਰਾਈਸ ਸਟਾਰ 6.7 ਈ ਸੀ (ਫਿਨੋਕਸਾਪ੍ਰੋਪ) @ 400 ਮਿ.ਲੀ./ਏਕੜ ਦਾ ਛਿੜਕਾਅ ਬਿਜਾਈ ਤੋਂ 20 ਦਿਨਾਂ ਬਾਅਦ ਕਰਨਾ ਅਸਰਦਾਇਕ ਰਿਹਾ ।
- ਬਿਜਾਈ ਕੀਤੇ ਝੋਨੇ ਵਿੱਚ ਸਲਾਨਾ ਘਾਹ, ਚੌੜੇ ਪੱਤਿਆਂ ਵਾਲੇ ਨਦੀਨ ਆਦਿ ਦੀ ਰੋਕਥਾਮ ਲਈ ਇਨ੍ਹਾਂ ਦੇ ਉੱਗਣ ਉਪਰੰਤ (ਬਿਜਾਈ ਤੋਂ 10-12 ਦਿਨਾਂ ਬਾਅਦ) ਪੀਨੋਕਸੁਲਮ (ਗਰੇਨਾਈਟ 240 ਐਸ ਸੀ) 100 ਮਿ.ਲੀ./ਹੈਕਟੇਅਰ ਦਾ ਛਿੜਕਾਅ ਵਧੇਰੇ ਅਸਰਦਾਇਕ ਰਿਹਾ ।
- ਬਿਜਾਈ ਕੀਤੇ ਝੋਨੇ ਵਿੱਚ ਘਾਹ ਦੇ ਨਦੀਨਾਂ ਦੀ ਰੋਕਥਾਮ ਲਈ ਇਨ੍ਹਾਂ ਦੇ ਉੱਗਣ ਉਪਰੰਤ ਰਾਈਸ ਸਟਾਰ 6.7 ਈ ਸੀ (ਫਿਨੋਕਸਾਪ੍ਰੋਪ) @ 400 ਮਿ.ਲੀ./ਏਕੜ ਦਾ ਛਿੜਕਾਅ ਬਿਜਾਈ ਤੋਂ 20 ਦਿਨਾਂ ਬਾਅਦ ਕਰਨਾ ਵਧੇਰੇ ਅਸਰਦਾਇਕ ਰਿਹਾ ।
- ਸਲਾਨਾ ਨਦੀਨਾਂ ਦੀ ਰੋਕਥਾਮ ਲਈ ਇਨ੍ਹਾਂ ਦੇ ਉੱਗਣ ਉਪਰੰਤ ਸੁਲਫੋਸੁਲਫਰੋਨ @ 13 ਗ੍ਰਾਮ/ਏਕੜ, ਮੈਟਸੁਲਫਰੋਨ @ 10 ਗ੍ਰਾਮ/ਏਕੜ, ਸੁਲਫੋਸੁਲਫਰੋਨ+ਮੈੱਟਸੁਲਫਰੋਨ @ 16 ਗ੍ਰਾਮ/ਏਕੜ, ਪਿਨੋਕਸਾਡਿਨ @ 400 ਮਿ.ਲੀ./ਏਕੜ, ਮੈਸੋਸੁਲਫਰੋਨ+ਲੋਡੋਸੁਲਫਰੋਨ @ 160 ਗ੍ਰਾਮ/ਏਕੜ ਅਤੇ ਕਾਰਫਿਨਟਰਾਜ਼ੋਨ ਈਥਾਈਲ @ 20 ਗ੍ਰਾਮ/ਏਕੜ ਦਾ ਛਿੜਕਾਅ ਪਤਝੜ ਰੁੱਤ ਦੇ ਕਮਾਦ ਵਿੱਚ ਕਣਕ ਦੇ ਅੰਤਰ ਫ਼ਸਲੀਕਰਨ ਤੋਂ 30-35 ਦਿਨਾਂ ਬਾਅਦ ਕਰਨਾ ਵਧੇਰੇ ਅਸਰਦਾਇਕ ਰਿਹਾ।
- ਰਲੇ ਮਿਲੇ ਨਦੀਨਾਂ ਦੀ ਰੋਕਥਾਮ ਲਈ ਝੋਨੇ ਦੀ ਨਰਸਰੀ ਬੀਜਣ ਤੋਂ 15-20 ਦਿਨਾਂ ਬਾਅਦ ਨੋਮੀਨੀ ਗੋਲਡ 10 ਐਸ ਸੀ (ਬਾਇਸਪਾਇਰੀਬੇਕਸੋਡੀਅਮ) @ 100 ਮਿ.ਲੀ./ਏਕੜ ਦਾ ਛਿੜਕਾਅ ਵਧੇਰੇ ਅਸਰਦਾਇਕ ਰਿਹਾ ।
- ਬਿਜਾਈ ਕੀਤੇ ਝੋਨੇ ਵਿੱਚ ਚੌੜੇ ਪੱਤਿਆਂ ਵਾਲੇ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਉਪਰੰਤ 20 ਦਿਨਾਂ ਬਾਅਦ ਐਲਮਿਕਸ 20 ਡਬਲਯੂ ਪੀ (ਮੈਟਸੁਲਫਰਾਨ ਮੀਥਾਈਲ 10 ਪ੍ਰਤੀਸ਼ਤ+ਕਲੋਰੀਮਿਊਰੋਨ ਈਥਾਈਲ 10 ਪ੍ਰਤੀਸ਼ਤ ਦਾ ਮਿਸ਼ਰਣ) @ 8 ਗ੍ਰਾਮ/ਏਕੜ ਦਾ ਛਿੜਕਾਅ ਵਧੇਰੇ ਅਸਰਦਾਇਕ ਰਿਹਾ।

**ਫ਼ਲਾਂ ਦੀਆਂ ਫ਼ਸਲਾਂ**

- ਅੰਬ ਅਤੇ ਆਲੂ-ਬੁਖਾਰੇ ਦੇ ਬਾਗਾਂ ਵਿੱਚ ਫ਼ਲਾਂ ਦੀਆਂ ਮੱਖੀਆਂ ਦੀ ਰੋਕਥਾਮ ਲਈ ਮਈ ਦੇ ਦੂਜੇ ਅਤੇ ਤੀਜੇ ਹਫ਼ਤੇ ਪੀ ਏ ਯੂ ਫਰੂਟ ਫਲਾਈ ਟ੍ਰੈਪਜ਼ (ਫ਼ਲਾਂ ਦੀਆਂ ਮੱਖੀਆਂ ਨੂੰ ਕਾਬੂ ਕਰਨ ਵਾਲੇ ਜਾਲ) @16 ਟ੍ਰੈਪਜ਼/ਏਕੜ ਲਗਾਉਣੇ ਵਾਤਾਵਰਨ ਦੀ ਸਾਂਭ-ਸੰਭਾਲ ਲਈ ਵੀ ਵਧੇਰੇ ਲਾਹੇਵੰਦ ਰਹੇ ।
- ਫ਼ਲਾਂ ਦੀਆਂ ਮੱਖੀਆਂ, ਬੈਕਟ੍ਰੋਸੀਰਾ ਡੋਰਸੇਲਿਸ ਅਤੇ ਬੈਕਟ੍ਰੋਸੀਰਾ ਜ਼ੋਨਾਟਾ ਨੂੰ ਅੰਬ ਅਤੇ ਆਲੂ ਬੁਖਾਰੇ ਦੇ ਕ੍ਰਮਵਾਰ ਨਵੇਂ ਕੀੜਿਆਂ ਮਕੌੜਿਆਂ ਵਜੋਂ ਦਰਜ ਕੀਤਾ ਗਿਆ ।
- ਸਿਟਰਸ (ਨਿੰਬੂ ਜਾਤੀ) ਦੇ ਤੇਲੇ ਅਤੇ ਚੇਪੇ ਦੀ ਰੋਕਥਾਮ ਲਈ ਇੱਕ ਏਕੜ ਵਾਸਤੇ 6.25 ਐਮ ਏ ਕੇ ਹਾਰਟੀਕਲਚਰ ਮਿਨਰਲ ਆਇਲ ਨੂੰ 500 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨ ਦੀ ਸਿਫ਼ਾਰਸ਼ ਕੀਤੀ।
- ਸਿਟਰਸ (ਨਿੰਬੂ ਜਾਤੀ) ਦੇ ਤੇਲੇ ਅਤੇ ਚੇਪੇ ਦੀ ਰੋਕਥਾਮ ਲਈ ਇੱਕ ਏਕੜ ਵਾਸਤੇ 160 ਗ੍ਰਾਮ ਡੋਟਾਰਾ 25 ਡਬਲਯੂ ਜੀ (ਥੀਆਮੀਥੋਕਸਮ) ਨੂੰ 500 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨ ਦੀ ਸਿਫ਼ਾਰਸ਼ ਕੀਤੀ ਗਈ।

**ਸਬਜ਼ੀਆਂ ਦੀਆਂ ਫ਼ਸਲਾਂ**

- ਰੂਟ ਨਾਟ ਨੀਮਾਟੋਡ ਦੀ ਰੋਕਥਾਮ ਲਈ ਟਮਾਟਰਾਂ ਦੀ ਨਰਸਰੀ ਦੇ ਕਿਆਰਿਆਂ ਦੀ ਭੂਮੀ ਨੂੰ ਬਾਸਾਮਿਡ @ 40 ਗ੍ਰਾਮ/$m^2$ ਨਾਲ ਜ਼ਰਮ ਰਹਿਤ ਕਰਨਾ ਵਧੇਰੇ ਅਸਰਦਾਇਕ ਰਿਹਾ।
- ਆਲੂਆਂ ਦੇ ਖਰੀਂਢ ਰੋਗ ਦੀ ਰੋਕਥਾਮ ਲਈ 7-8 ਹਫ਼ਤੇ ਪੁਰਾਣੀ ਸਨਹੈਂਪ ਜਾਂ ਗਰਮ ਰੁੱਤ ਦੀ ਮੂੰਗ ਦੀ ਹਰੀ ਖਾਦ ਵਧੇਰੇ ਅਸਰਦਾਇਕ ਰਹੀ ।
- ਜੈਵਿਕ ਹਲਦੀ ਵਿੱਚ ਨਦੀਨਾਂ ਦੀ ਰੋਕਥਾਮ ਲਈ ਇਸ ਦੀ ਬਿਜਾਈ ਤੋਂ ਤੁਰੰਤ ਬਾਅਦ ਝੋਨੇ ਦੀ ਪਰਾਲੀ ਦੀ ਮਲਚ @ 100 ਕੁਇੰਟਲ/ਹੈਕਟੇਅਰ ਵਿਛਾਉਣੀ ਅਤੇ ਲੋੜ ਪੈਣ ਤੇ ਤਿੰਨ ਮਹੀਨਿਆਂ ਬਾਅਦ ਇਕ ਵਾਰੀ ਹੱਥੀਂ ਗੁਡਾਈ ਕਰਨੀ ਵਧੇਰੇ ਅਸਰਦਾਇਕ ਰਹੀ ।

## ਫੂਡ ਸਾਇੰਸ ਅਤੇ ਤਕਨਾਲੋਜੀ

- ਸ਼ਕਰਕੰਦੀ (ਪੀ ਐਸ ਪੀ-21) ਤੋਂ ਆਟਾ ਤਿਆਰ ਕਰਨ ਦੀ ਵਿਧੀ ਦਾ ਮਿਆਰੀਕਰਨ ਕੀਤਾ ਗਿਆ ਅਤੇ ਇਸ ਨੂੰ ਸੋਰਗਮ ਅਤੇ ਮੱਕੀ ਵਰਗੇ ਅਨਾਜਾਂ ਨਾਲ ਰਲਾ ਕੇ ਪੌਸ਼ਟਿਕਤਾ ਭਰਪੂਰ ਭੋਜ ਪਦਾਰਥ ਜਿਵੇਂ ਕਿ ਬਿਸਕੁਟ ਅਤੇ ਸਨੈਕਸ ਆਦਿ ਤਿਆਰ ਕਰਨ ਲਈ ਵਰਤਿਆ ਗਿਆ । ਇਨ੍ਹਾਂ

ਭੋਜ-ਪਦਾਰਥਾਂ ਵਿੱਚ ਵਿਟਾਮਿਨ ਸੀ, ਪੋਟਾਸ਼ੀਅਮ ਅਤੇ ਬੀਟਾ ਕੈਰੋਟੀਨ ਤੱਤਾਂ ਦੀ ਬਹੁਲਤਾ ਪਾਈ ਗਈ ।

- ਵੱਖੋ-ਵੱਖ ਫ਼ਲਾਂ ਦੇ ਜੂਸਾਂ ਦੇ ਮਿਸ਼ਰਨ ਰਾਹੀਂ ਗੰਨੇ ਦੇ ਰਸ ਦਾ ਪੇਅ ਪਦਾਰਥ ਤਿਆਰ ਕਰਨ ਦੀ ਤਕਨਾਲੋਜੀ ਵਿਕਸਤ ਕੀਤੀ ਗਈ । ਇਹ ਉਤਪਾਦ ਤਿਆਰ ਕਰਨ ਲਈ ਗੰਨੇ ਦਾ ਰਸ (80 ਪ੍ਰਤੀਸ਼ਤ) ਕਿੰਨੋ ਜੂਸ (6 ਪ੍ਰਤੀਸ਼ਤ) ਅਤੇ ਐਨੋਲਾ ਜੂਸ (4 ਪ੍ਰਤੀਸ਼ਤ) ਦੇ ਨਾਲ ਨਾਲ ਨਿੰਬੂ ਅਤੇ ਅਦਰਕ ਦੇ ਰਸ ਦੀ ਵੀ ਵਰਤੋਂ ਕੀਤੀ ਗਈ । ਵਪਾਰਕ ਵਰਤੋਂ ਕਰਨ ਲਈ ਇਹ ਤਕਨਾਲੋਜੀ ਤਿਆਰ ਬਰ ਤਿਆਰ ਹੈ ।
- ਨਿੰਬੂ ਜਾਤੀ ਦੇ ਫ਼ਲਾਂ (ਕਿੰਨੋ, ਨਿੰਬੂ ਅਤੇ ਡਬਲਯੂ. ਮੁਰਕੋਟ) ਤੋਂ ਕੁੜੱਤਣ ਰਹਿਤ ਪੇਅ ਪਦਾਰਥ ਅਤੇ ਪਰਲਿਟ ਅੰਗੂਰਾਂ ਤੋਂ ਕੁਦਰਤੀ ਤੌਰ ਤੇ ਕਾਰਬੋਨੇਟ ਕੀਤੇ ਘੱਟ ਅਲਕੋਹਲਿਕ ਮਾਤਰਾ ਵਾਲੇ ਪੇਅ ਪਦਾਰਥ ਤਿਆਰ ਕਰਨ ਦੀਆਂ ਤਕਨਾਲੋਜੀਆਂ ਵਿਕਸਤ ਕੀਤੀਆਂ ਗਈਆਂ ।
- ਸਟਰਾਅਬੇਰੀ ਦਾ ਜੈਮ ਤਿਆਰ ਕਰਦੇ ਸਮੇਂ ਉਸ ਦਾ ਰੰਗ ਅਤੇ ਖੁਸ਼ਬੂ ਨੂੰ ਉਵੇਂ ਹੀ ਕਾਇਮ ਰੱਖਣ ਵਾਲੀ ਤਕਨਾਲੋਜੀ ਦਾ ਮਿਆਰੀਕਰਨ ਮੈਸਰਜ਼ ਕੁਲਵੰਤ ਨਿਊਟ੍ਰੀਸ਼ਨਜ਼, ਬਟਾਲਾ (ਪੰਜਾਬ) ਦੇ ਨਾਲ ਮਿਲ ਕੇ ਕੀਤਾ ਗਿਆ ।
- ਕੁਦਰਤੀ ਤੌਰ ਤੇ ਖਮੀਰ ਕੀਤੇ ਬੇਬੀ ਕਾਰਨ ਦਾ ਅਚਾਰ ਜਿਸ ਨੂੰ ਮਸਾਲਿਆਂ ਅਤੇ ਸਰ੍ਹੋਂ ਦੇ ਤੇਲ ਨਾਲ ਸੁਰੱਖਿਅਤ ਕੀਤਾ ਗਿਆ, ਨੂੰ ਤਿਆਰ ਕਰਨ ਦੀ ਤਕਨਾਲੋਜੀ ਮੈਸਰਜ਼ ਫੀਲਡ ਫਰੈਸ਼ ਪ੍ਰਾਈਵੇਟ ਲਿਮ. ਲਾਢੋਵਾਲ, ਲੁਧਿਆਣਾ (ਪੰਜਾਬ) ਨਾਲ ਮਿਲ ਕੇ ਵਿਕਸਤ ਕੀਤੀ ਗਈ ।
- 9 ਪੈਥੋਜਿਨਸ ਦੀ ਇਕੋ ਵਾਰੀ ਵਿੱਚ ਪਛਾਣ ਕਰਨ ਵਾਲੀ ਬੈਕਟੀਰੀਆਲੋਜੀਕਲ ਫੂਡ ਟੈਸਟਿੰਗ (ਬੈਕਟੀਰੀਆ ਵਾਲੇ ਭੋਜਨ ਦੀ ਪਰਖ ਕਰਨ ਵਾਲੀ) ਕਿੱਟ ਵਿਕਸਤ ਕੀਤੀ ਗਈ ਜਿਸ ਨੂੰ ਭੋਜਨ ਦੇ 100 ਨਮੂਨਿਆਂ ਦੀ ਪਰਖ ਲਈ ਉਚਿਤ ਮੰਨਿਆ ਗਿਆ।
- ਉਦਯੋਗ ਦੀ ਸਾਂਝਦਾਰੀ ਨਾਲ ਅਰਧ-ਨਿਰੰਤਰ ਖਮੀਰੀਕਰਨ ਪ੍ਰੀਕਿਰਿਆ ਤੋਂ ਗੰਨੇ ਦੇ ਰਸ ਦਾ ਸਿਰਕਾ ਤਿਆਰ ਕਰਨ ਦਾ ਕਮਰਸ਼ੀਅਲ ਸਕੇਲ (500 ਐਲ) ਤੇ ਮਿਆਰੀਕਰਨ ਕੀਤਾ ਗਿਆ ।
- ਪਰਲਿਟ ਅੰਗੂਰ ਤੋਂ ਕੁਦਰਤੀ ਸਿਰਕਾ ਅਤੇ ਪੰਜਾਬ ਐਮ ਏ ਸੀ ਐਸ ਪਰਪਲ ਅੰਗੂਰਾਂ ਤੋਂ ਲਾਲ ਵਾਈਨ ਦੇ ਉਤਪਾਦਨ ਨੂੰ 50 ਐਲ ਤੱਕ ਸਕੇਲ ਕੀਤਾ ਗਿਆ ।

## ਕਟਾਈ ਉਪਰੰਤ ਤਕਨਾਲੋਜੀਆਂ

- ਬੈਂਗਣਾਂ ਨੂੰ ਕਾਗਜ਼ ਨਾਲ ਮੋਲਡ ਕੀਤੀਆਂ ਟਰੇਆਂ ਵਿੱਚ ਅਤੇ ਉਪਰੋਂ ਸ਼ਰਿੰਕ ਅਤੇ ਕਲਿੰਗ ਫਿਲਮ ਨਾਲ ਲਪੇਟ ਕੇ ਰੱਖਣ ਨਾਲ ਉਨ੍ਹਾਂ ਦੀ ਵਰਤੋਂ ਯੋਗਤਾ ਮਿਆਦ ਵਿੱਚ ਇਕ ਹਫ਼ਤੇ ਦਾ ਵਾਧਾ ਹੋਇਆ ।
- ਟਮਾਟਰਾਂ ਨੂੰ ਕਾਗਜ਼ ਨਾਲ ਮੋਲਡ ਕੀਤੀਆਂ ਟਰੇਆਂ ਵਿੱਚ ਅਤੇ ਉਪਰੋਂ ਸ਼ਰਿੰਕ ਅਤੇ ਕਲਿੰਗ ਫਿਲਮ ਨਾਲ ਲਪੇਟ ਕੇ ਰੱਖਣ ਨਾਲ ਉਨ੍ਹਾਂ ਦੇ ਮੰਡੀਕਰਨ ਦੀ ਮਿਆਦ ਵਿੱਚ ਛੇ ਦਿਨਾਂ ਦਾ ਵਾਧਾ ਹੋਇਆ ।
- ਗੋਭੀ ਨੂੰ ਸ਼ਰਿੰਕ ਤੇ ਕਲਿੰਗ ਫਿਲਮ ਨਾਲ ਲਪੇਟਣ ਤੇ ਉਸ ਦੇ ਮੰਡੀਕਰਨ ਦੀ ਮਿਆਦ ਅਤੇ ਵਰਤੋਂ ਯੋਗਤਾ ਵਿੱਚ 15 ਦਿਨਾਂ ਦਾ ਵਾਧਾ ਹੋਇਆ ।
- ਪੀ ਏ ਯੂ ਬਾਰਾਮਾਸੀ ਨਿੰਬੂ-1 ਕਿਸਮ ਦੇ ਪੂਰੇ ਪੱਕੇ ਮੁਲਾਇਮ ਛਿਲਕੇ ਅਤੇ ਹਲਕੇ ਹਰੇ ਰੰਗੇ, ਜੂਨ ਦੇ ਪਹਿਲੇ ਹਫ਼ਤੇ ਦੌਰਾਨ ਤੋੜੇ ਨਿੰਬੂਆਂ ਨੂੰ 1250 ਪੀਪੀਐਮ (31.25 ਮਿ.ਲੀ./10 ਲਿਟਰ ਪਾਣੀ) ਈਥੀਫੋਨ ਘੋਲ ਵਿੱਚ ਪੰਜ ਮਿੰਟਾਂ ਲਈ ਆਮ ਤਾਪਮਾਨ ਤੇ 6-7 ਦਿਨ ਰੱਖਣ ਨਾਲ ਹਰੇ ਰੰਗ ਤੋਂ ਮੁਕਤ ਕੀਤਾ ਜਾ ਸਕਦਾ ਹੈ ਅਤੇ ਇਨ੍ਹਾਂ ਨੂੰ ਸੀ ਐਫ ਬੀ ਬਕਸਿਆਂ ਵਿੱਚ ਕਾਗਜ਼ ਦੀ ਲਾਇਨਿੰਗ ਵਿੱਚ ਡੱਬਾਬੰਦ ਕਰਕੇ ਗਰਮ ਰੁੱਤ ਦੇ ਅਗੇਤੇ ਮੰਡੀਕਰਨ ਲਈ ਵਰਤਿਆ ਜਾ ਸਕਦਾ ਹੈ।
- ਦੁਸਹਿਰੀ ਅਤੇ ਲੰਗੜਾ ਕਿਸਮ ਦੇ ਅੰਬਾਂ ਦੇ ਫ਼ਲਾਂ ਨੂੰ ਤੁੜਾਈ ਉਪਰੰਤ ਸੀ ਐਫ ਬੀ ਬਕਸਿਆਂ ਵਿੱਚ ਡੱਬਾਬੰਦ ਕਰਕੇ 4-5 ਦਿਨਾਂ ਲਈ 25°C ਤੇ ਰੱਖ ਕੇ ਪਕਾਇਆ ਜਾ ਸਕਦਾ ਹੈ। ਇਨ੍ਹਾਂ ਫ਼ਲਾਂ ਨੂੰ ਸੀ ਐਫ ਬੀ ਬਕਸਿਆਂ ਵਿੱਚ ਰੱਖਣ ਤੋਂ ਪਹਿਲਾਂ ਕਲੋਰੀਨੇਟਿਡ ਪਾਣੀ @ 0.01 ਪ੍ਰਤੀਸ਼ਤ (ਸੋਡੀਅਮ ਹਾਈਪਕਲੋਰਾਈਟ 4 ਪ੍ਰਤੀਸ਼ਤ @ 2.5 ਮਿਲੀ./ਲਿਟਰ) ਨਾਲ ਧੋ ਕੇ ਛਾਵੇਂ ਸੁਕਾ ਲੈਣਾ ਚਾਹੀਦਾ ਹੈ ।
- ਨਾਸ਼ਪਤੀ ਦੀ ਪੰਜਾਬ ਸਾਫ਼ਟ ਕਿਸਮ ਦੇ ਫ਼ਲ ਨੂੰ ਕੈਲਸ਼ੀਅਮ ਕਲੋਰਾਈਡ (2 ਪ੍ਰਤੀਸ਼ਤ) ਵਿੱਚ ਪੰਜ ਮਿੰਟ ਲਈ ਭਿਉਂ ਕੇ ਰੱਖਣ ਨਾਲ ਇਸ ਨੂੰ ਪੇਪਰ ਲਾਇਨਿੰਗ ਵਾਲੇ ਸੀ ਐਫ ਬੀ ਬਕਸਿਆਂ ਵਿੱਚ ਡੱਬਾਬੰਦ ਕਰਕੇ 0-1°C ਅਤੇ 90-95 ਪ੍ਰਤੀਸ਼ਤ ਆਰ ਐਚ ਤੇ 60 ਦਿਨਾਂ ਲਈ ਸੁਰੱਖਿਅਤ ਰੱਖਿਆ ਜਾ ਸਕਦਾ ਹੈ ।
- ਡੇਜ਼ੀ ਫ਼ਲ ਜਿਸ ਨੂੰ ਕਿ ਰੰਗ ਆਉਣ ਵੇਲੇ ਤੋੜ ਲਿਆ ਗਿਆ ਹੋਵੇ, ਨੂੰ ਜੇਕਰ ਪੰਜ ਮਿੰਟਾਂ ਲਈ ਈਥੀਪੋਨ @ 1000 ਪੀ ਪੀ ਐਮ ਵਿੱਚ ਡੁਬੋ ਕੇ ਰੱਖਿਆ ਜਾਵੇ ਤਾਂ 3-4 ਦਿਨਾਂ ਦੇ ਬਾਅਦ ਉਸ ਦਾ ਰੰਗ ਸੰਤਰੀ ਹੋ ਜਾਂਦਾ ਹੈ ।

## ਸਹਾਇਕ ਧੰਦੇ

### ਮਧੂ ਮੱਖੀ ਪਾਲਣ

- ਏ.ਮੈਲੀਫੇਰਾ ਦੀਆਂ ਚੁਣੀਆਂ ਹੋਈਆਂ ਕਲੋਨੀਆਂ ਦੀ ਦੁਬਾਰਾ ਸਕਰੀਨਿੰਗ ਕਰਨ ਤੇ ਪਤਾ ਚੱਲਿਆ ਕਿ ਸਾਫ਼ ਸੁਥਰੀਆਂ ਅਤੇ ਬਿਨਾਂ ਸਫ਼ਾਈ ਵਾਲੀਆਂ ਕਲੋਨੀਆਂ ਵੱਲੋਂ 24 ਘੰਟਿਆਂ ਵਿੱਚ ਕ੍ਰਮਵਾਰ 88.3 ਅਤੇ 49.4 ਪ੍ਰਤੀਸ਼ਤ ਮਰੇ ਹੋਏ ਬਰੂਡ ਨੂੰ ਬਾਹਰ ਕੱਢਿਆ ਗਿਆ । ਵਰੋਆ ਜੂੰਆਂ ਨਾਲ ਬਰੂਡ ਦੀ ਇਨੋਕੁਲੇਟਿੰਗ ਕੀਤੀਆਂ ਇਨ੍ਹਾਂ ਚੁਣੀਆਂ ਹੋਈਆਂ ਕਲੋਨੀਆਂ ਦੀ ਵੈਲਿਡੇਸ਼ਨ ਤੋਂ ਪਤਾ ਚੱਲਿਆ ਕਿ ਇਨੋਕੁਲੇਟਿਡ ਸੈੱਲਾਂ ਨੂੰ 100 ਪ੍ਰਤੀਸ਼ਤ ਖੋਲਣ ਅਤੇ ਸਾਫ਼ ਕਰਨ ਲਈ ਸਾਫ਼ ਸੁਥਰੀਆਂ ਅਤੇ ਬਿਨਾਂ ਸਫ਼ਾਈ ਵਾਲੀਆਂ ਕਲੋਨੀਆਂ ਕ੍ਰਮਵਾਰ 33.4 ਅਤੇ 51.8 ਘੰਟੇ ਲੈਂਦੀਆਂ ਹਨ ।

- ਡੰਗ ਰਹਿਤ ਮੱਖੀਆਂ (ਟੈਟ੍ਰਾਗੋਨੂਲਾ ਇਰੀਡੀਪੀਨਿਸ) ਲਈ 10 ਸੈ.ਮੀ. ਘੇਰੇ ਅਤੇ 45 ਸੈ.ਮੀ. ਲੰਬਾਈ ਵਾਲੀ ਪਲਾਸਟਿਕ ਦੀ ਪਾਈਪ ਨਾਲ ਘੱਟ ਕੀਮਤ ਵਾਲਾ ਛੱਤਾ ਤਿਆਰ ਕੀਤਾ ਗਿਆ ।
- ਸੂਰਜਮੁਖੀ ਦੀਆਂ ਵੱਖੋ-ਵੱਖ ਜੀਨੋ ਕਿਸਮਾਂ (ਡੀ ਕੇ 3849, ਐਸ ਐਚ 3322, ਪੀ ਐਸ ਐਚ 569, ਪੀ ਐਸ ਐਚ 1962 ਅਤੇ ਪੀ ਐਸ ਐਚ 996) ਉਤੇ ਪੋਲੀਨੇਟਰਾਂ ਦੇ ਆਉਣ ਨਾਲ ਬੀਜ ਦੇ ਝਾੜ ਵਿੱਚ 7-18 ਪ੍ਰਤੀਸ਼ਤ ਪ੍ਰਤੀ ਪੌਦੇ ਦਾ ਵਾਧਾ ਹੋਇਆ ।
- ਪੋਲੀਨੇਟਰਾਂ ਉਤੇ ਕੀਟਨਾਸ਼ਕ ਜ਼ਹਿਰਾਂ ਦੇ ਪ੍ਰਭਾਵ ਨੂੰ ਘਟਾਉਣ ਲਈ ਕਰੇਲੇ ਉਤੇ ਬਾਅਦ ਦੁਪਹਿਰ ਇਕ ਵਜੇ, ਖਰਬੂਜੇ ਉਤੇ ਬਾਅਦ ਦੁਪਹਿਰ ਤਿੰਨ ਵਜੇ ਅਤੇ ਘੀਆ ਤੋਰੀ ਉਤੇ ਬਾਅਦ ਦੁਪਹਿਰ ਪੰਜ ਵਜੇ ਕੀਟਨਾਸ਼ਕਾਂ ਦਾ ਛਿੜਕਾਅ ਕਰਨਾ ਚਾਹੀਦਾ ਹੈ ।

**ਖੁੰਭਾਂ**

- ਪਲਿਓਰੋਟਸ ਐਰਿਨਜੀ, ਜੋ ਕਿ ਕਿੰਗ ਓਇਸਟਰ ਖੁੰਭ ਵਜੋਂ ਜਾਣੀ ਜਾਂਦੀ ਹੈ, ਦੀ ਪੰਜਾਬ ਵਿੱਚ ਸਫ਼ਲਤਾ ਪੂਰਵਕ ਕਾਸ਼ਤ ਕੀਤੀ ਗਈ ।
- ਪੰਜਾਬ ਦੇ ਵਾਤਾਵਰਨਕ ਹਾਲਤਾਂ ਵਿੱਚ ਕਾਸ਼ਤ ਕੀਤੀ ਜਾਂਦੀ ਬਟਨ ਖੁੰਭ ਲਈ ਡਾਇਆਮੋਨੀਅਮ ਫਾਸਫੇਟ (ਡੀ ਏ ਪੀ) ਦੀ ਵਰਤੋਂ ਕਰਦਿਆਂ ਲੰਬੀ ਵਿਧੀ ਨਾਲ ਤਿਆਰ ਕੀਤੀ ਕੰਪੋਸਟ ਦੀ ਬਦਲਵੀਂ ਫਾਰਮੂਲੇਸ਼ਣ ਦੀ ਸਿਫ਼ਾਰਸ਼ ਕੀਤੀ ਗਈ ।
- ਖੁੰਭਾਂ ਦੀਆਂ ਵੱਖੋ-ਵੱਖ ਕਿਸਮਾਂ ਦਾ ਸਟ੍ਰੇਨ ਨਿਰੀਖਣ ਲਗਾਤਾਰ ਹੁੰਦਾ ਰਹਿੰਦਾ ਹੈ ।
- ਝੋਨੇ ਦੀ ਪਰਾਲੀ ਦੀ ਵਰਤੋਂ ਨੂੰ ਬਟਨ ਖੁੰਭ, ਝੋਨੇ ਦੀ ਪਰਾਲੀ ਦੀ ਖੁੰਭ ਅਤੇ ਢੀਂਗਰੀ ਦੀ ਕਾਸ਼ਤ ਕਰਨ ਲਈ ਸਿਫ਼ਾਰਸ਼ ਕੀਤਾ ਗਿਆ ।

## ਖੇਤ ਮਸ਼ੀਨੀਕਰਨ

- ਹੈਪੀ ਸੀਡਰ ਮਸ਼ੀਨ ਨਾਲ ਪ੍ਰੈੱਸ ਵੀਲਜ਼ (ਦਬਾਉਣ ਵਾਲੇ ਪਹੀਏ) ਲਗਾ ਕੇ ਨਵਿਆਇਆ ਗਿਆ ਤਾਂ ਜੋ ਸਿਆੜਾਂ ਵਿਚਕਾਰ ਡਿੱਗੀ, ਹੈਪੀ ਸੀਡਰ ਵੱਲੋਂ ਕੱਟੀ ਪਰਾਲੀ ਨੂੰ ਦਬਾਇਆ ਜਾ ਸਕੇ । ਇਸ ਨਾਲ ਕਤਾਰਾਂ ਵਿਚਲੀ ਥਾਂ ਵਿੱਚ ਮਲਚ ਦੀ ਇਕਸਾਰ ਮੋਟੀ ਤਹਿ ਬਣ ਜਾਂਦੀ ਹੈ । ਨਵਿਆਈ ਹੋਈ ਇਸ ਮਸ਼ੀਨ ਨਾਲ ਕਣਕ ਬੀਜਣ ਤੋਂ ਪਹਿਲਾਂ ਮੁੱਢਾਂ ਨੂੰ ਕੱਟਣ ਅਤੇ ਵਿਛਾਉਣ ਲਈ ਸ਼ੇਵਰ ਦੀ ਲੋੜ ਪੈਂਦੀ ਹੈ । ਇਸ ਮਸ਼ੀਨ ਦੀ ਵਰਤੋਂ ਕਰਨ ਨਾਲ ਝੋਨੇ ਦੀ ਪਰਾਲੀ ਸਿਆੜਾਂ ਨੂੰ ਢਕਦੀ ਨਹੀਂ, ਜਿਸ ਸਦਕਾ ਬੀਜ ਵਧੀਆ ਫੁੱਟਦਾ ਅਤੇ ਪੁੰਗਰਦਾ ਹੈ ਅਤੇ ਫ਼ਸਲ ਵੀ ਵਧੀਆ ਹੁੰਦੀ ਹੈ । ਮਲਚ ਦੀ ਮੋਟੀ ਅਤੇ ਇਕਸਾਰ ਤਹਿ ਨਦੀਨਾਂ ਤੇ ਵੀ ਕਾਬੂ ਪਾਉਂਦੀ ਹੈ।
- ਲੱਕੀ ਸੀਡ ਡਰਿਲ ਵਿਕਸਤ ਕੀਤੀ ਗਈ ਤਾਂ ਜੋ ਕਣਕ ਦੀ ਬਿਜਾਈ ਦੇ ਨਾਲੋ-ਨਾਲ ਨਦੀਨਾਂ ਦੇ ਉੱਗਣ ਤੋਂ ਪਹਿਲਾਂ ਨਦੀਨ-ਨਾਸ਼ਕਾਂ ਦਾ ਛਿੜਕਾਅ ਕੀਤਾ ਜਾ ਸਕੇ । ਜਿਵੇਂ ਹੀ ਬਿਜਾਈ ਸ਼ੁਰੂ ਹੁੰਦੀ ਹੈ, ਛਿੜਕਾਅ ਵੀ ਆਪਣੇ ਆਪ ਹੀ ਹੋਣ ਲੱਗਦਾ ਹੈ ਅਤੇ ਜਦੋਂ ਬਿਜਾਈ ਦਾ ਕੰਮ ਮੁਕੰਮਲ ਹੋ ਜਾਂਦਾ ਹੈ ਤਾਂ ਛਿੜਕਾਅ ਵੀ ਰੁਕ ਜਾਂਦਾ ਹੈ । ਲੱਕੀ ਸੀਡ ਡਰਿਲ ਨਾਲ ਬਿਜਾਈ ਤੋਂ ਬਾਅਦ ਮਿੱਟੀ ਪਾਉਣ ਦੀ ਵੀ ਲੋੜ ਨਹੀਂ ਰਹਿੰਦੀ ਕਿਉਂਕਿ ਡਰਿੱਲ ਦੀ ਹਰੇਕ ਨੋਕ ਨਾਲ ਧਾਤ ਦੀ ਚੇਨ ਜੁੜੀ ਹੋਈ ਹੈ ਜੋ ਕਿ ਨਦੀਨ ਨਾਸ਼ਕ ਦੇ ਛਿੜਕਾਅ ਤੋਂ ਪਹਿਲਾਂ ਬੀਜ ਉੱਤੇ ਲੋੜੀਂਦੀ ਮਿੱਟੀ ਪਾਉਂਦੀ ਹੈ । ਲੱਕੀ ਸੀਡ ਡਰਿੱਲ ਨਾਲ ਨਦੀਨ ਨਾਸ਼ਕਾਂ ਦਾ ਵਧੇਰੇ ਅਸਰ (90 ਪ੍ਰਤੀਸ਼ਤ ਤੋਂ ਵੀ ਜ਼ਿਆਦਾ) ਹਾਸਲ ਹੋਇਆ ।
- ਟਰੈਕਟਰ ਪੀ ਟੀ ਓ ਨਾਲ ਚੱਲਣ ਵਾਲਾ ਟਰੇਲ ਨੁਮਾ, ਖੁੱਲ੍ਹੀ ਪਰਾਲੀ ਕੱਟਣ ਵਾਲਾ ਚੌਪਰ ਤਿਆਰ ਕੀਤਾ ਗਿਆ, ਜੋ ਕਿ ਨਿਰੀਖਣ ਦੇ ਅੰਤਿਮ ਪੜ੍ਹਾਅ ਤੇ ਹੈ । ਇਸ ਮਸ਼ੀਨ ਨਾਲ ਕੰਘੀ ਵਰਗਾ ਪਿੱਕ-ਅਪ ਕਨਵੇਅਰ ਜੁੜਿਆ ਹੋਇਆ ਹੈ ਜੋ ਕਿ ਝੋਨੇ ਦੀ ਖੁੱਲ੍ਹੀ ਪਰਾਲੀ ਨੂੰ ਇੱਕਠਾ ਕਰਕੇ ਪਰਾਲੀ ਕੁਤਰਣ ਵਾਲੇ ਯੂਨਿਟ ਵਿੱਚ ਸੁੱਟਦਾ ਹੈ । ਪਰਾਲੀ ਕੁਤਰਣ ਵਾਲੇ ਯੂਨਿਟ ਵਿੱਚ ਇੱਕ ਚੌਪਿੰਗ ਸਿਲੰਡਰ ਲੱਗਾ ਹੋਇਆ ਹੈ ਜਿਸ ਦੇ ਲੱਗੇ ਬਲੇਡ ਖੁੱਲ੍ਹੀ ਪਰਾਲੀ ਨੂੰ ਛੋਟੇ-ਛੋਟੇ ਟੁਕੜਿਆਂ ਵਿੱਚ ਕੁਤਰ ਕੇ ਖੇਤਾਂ ਵਿੱਚ ਇਕਸਾਰ ਵਿਛਾ ਦਿੰਦੇ ਹਨ । ਇਸ ਮਸ਼ੀਨ ਦੀ ਵਰਤੋਂ ਨਾਲ ਹੈਪੀ ਸੀਡਰ ਦੇ ਕੰਮ ਵਿੱਚ ਕੋਈ ਰੁਕਾਵਟ ਨਹੀਂ ਆਉਂਦੀ ਅਤੇ ਇਸ ਦੀ ਸਮਰਥਾ ਵਿੱਚ ਵੀ ਵਾਧਾ ਹੁੰਦਾ ਹੈ ।
- ਟਰੈਕਟਰ ਨਾਲ ਚੱਲਣ ਵਾਲੇ ਉਂਗਲੀ ਨੁਮਾ ਕਾਟਨ ਸਟਰਿੱਪਰ (ਨਰਮਾ ਚੁਗਣ) ਦਾ ਪ੍ਰੋਟੋਟਾਈਪ ਵਿਕਸਤ ਕੀਤਾ ਗਿਆ ਅਤੇ ਇਸ ਦਾ ਨਿਰੀਖਣ ਕੀਤਾ ਗਿਆ । ਵਿਕਸਤ ਕੀਤੇ ਇਸ ਸਟ੍ਰਿਪਰ ਦੀ ਨਰਮਾ ਚੁਗਣ ਦੀ ਸਮਰਥਾ ਲਗਭਗ 90 ਪ੍ਰਤੀਸ਼ਤ ਪਾਈ ਗਈ ਜਦੋਂ ਕਿ ਚੁਗੇ ਹੋਏ ਨਰਮੇ ਵਿੱਚ ਛਿਟੀਆਂ ਆਦਿ ਦੀ ਮਾਤਰਾ ਲਗਭਗ 20 ਪ੍ਰਤੀਸ਼ਤ ਹੀ ਰਹੀ।
- ਸੂਰਜੀ ਸੁਕਾਵਾ, ਜਿਸਨੂੰ ਕਿ ਪਹਿਲਾਂ ਪਿੰਡ ਕੰਗ ਖੁਰਦ, ਜ਼ਿਲ੍ਹਾ ਕਪੂਰਥਲਾ ਵਿਖੇ ਇੱਕ ਫਾਰਮ ਤੇ ਲਗਾਇਆ ਗਿਆ ਸੀ, ਦਾ ਨਵੀਨੀਕਰਨ ਕੀਤਾ ਗਿਆ ਤਾਂ ਜੋ ਉਸ ਦੀ ਕਾਰਗੁਜ਼ਾਰੀ ਵਿੱਚ ਵਾਧਾ ਹੋ ਸਕੇ । ਇਹ ਸੁਕਾਵਾ ਹੁਣ ਸਿਰਫ਼ ਸੂਰਜੀ ਊਰਜਾ ਦੇ ਸਹਾਰੇ ਹੀ ਚੱਲਦਾ ਹੈ । ਬਿਜਲਈ ਊਰਜਾ ਜੋ ਕਿ ਇੱਕ ਹਾਰਸ ਪਾਵਰ ਦਾ ਏਅਰ ਬਲੋਅਰ ਚਲਾਉਣ ਲਈ ਲੋੜੀਂਦੀ ਹੈ ਦੀ ਸਪਲਾਈ ਵੀ ਹੁਣ ਸੋਲਰ ਫੋਟੋਵੋਲਟਿਕ ਪੈਨਲਾਂ ਰਾਹੀਂ ਮਿਲਦੀ ਹੈ । ਏਅਰ ਬਲੋਅਰ ਦਾ ਵੀ ਨਵੀਨੀਕਰਨ ਕਰਕੇ ਉਸ ਨੂੰ ਡੀ ਸੀ ਇਲੈਕਟ੍ਰਸਿਟੀ ਤੇ ਚਲਾਇਆ ਜਾ ਸਕਦਾ ਹੈ।
- ਕਿਸਾਨਾਂ ਦੇ ਖੇਤਾਂ ਤੇ ਪਾਣੀ ਗਰਮ ਕਰਨ ਲਈ ਝੋਨੇ ਦੀ ਪਰਾਲੀ ਦੇ ਬੇਲ ਕੰਬਸਟਰ/ਗੀਜ਼ਰ ਦੀ ਤਕਨਾਲੋਜੀ ਵਿਕਸਤ ਕੀਤੀ ਗਈ ।

## ਖੇਤੀ ਮੰਡੀਕਰਨ

ਦੁੱਧ ਦੇ ਮੰਡੀਕਰਨ ਦੇ ਆਧੁਨਿਕ ਢੰਗ ਤਰੀਕਿਆਂ ਨੂੰ ਨਿਮਨ ਵਰਗ ਅਤੇ ਹਾਸ਼ੀਆਗਤ ਕਿਸਾਨ ਕਿੰਨਾ ਕੁ ਅਪਣਾ ਰਹੇ ਹਨ, ਇਸ ਬਾਰੇ ਇੱਕ ਅਧਿਐਨ ਕੀਤਾ ਗਿਆ, ਜਿਸ ਤੋਂ ਸਪੱਸ਼ਟ ਹੋਇਆ ਕਿ ਆਧੁਨਿਕ ਤਰੀਕਿਆਂ ਨਾਲ 62.3 ਪ੍ਰਤੀਸ਼ਤ ਅਤੇ 60.3 ਪ੍ਰਤੀਸ਼ਤ ਦੁੱਧ ਦਾ ਮੰਡੀਕਰਨ ਕ੍ਰਮਵਾਰ ਨਿਮਨ ਵਰਗ ਅਤੇ ਹਾਸ਼ੀਆਗਤ ਕਿਸਾਨਾਂ ਵੱਲੋਂ ਕੀਤਾ ਜਾਂਦਾ ਹੈ । ਆਧੁਨਿਕ ਢੰਗ ਨਾਲ ਕੀਤੇ ਜਾਂਦੇ ਦੁੱਧ ਦੇ ਮੰਡੀਕਰਨ ਦੇ ਫੈਸਲੇ ਉੱਤੇ ਡੇਅਰੀ ਪਾਲਕਾਂ ਦੀ ਉਮਰ, ਦੁੱਧ ਦੇ ਉਤਪਾਦਨ, ਸਿੱਖਿਆ ਦਾ ਪੱਧਰ ਅਤੇ ਜ਼ਮੀਨ ਦੇ ਆਕਾਰ ਅਨੁਸਾਰ ਹੁੰਦੇ ਹਨ । ਨਿਮਨ ਵਰਗ ਦੇ ਕਿਸਾਨਾਂ ਨੂੰ ਦੁੱਧ ਦੇ ਮੰਡੀਕਰਨ ਦੇ ਆਧੁਨਿਕ ਚੈਨਲਾਂ ਨਾਲ ਜੋੜਨ ਲਈ ਉਨ੍ਹਾਂ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ ਕਿ ਉਹ ਸਹਿਕਾਰੀ ਸਭਾਵਾਂ ਅਤੇ ਸੈਲਫ਼ ਹੈਲਪ ਗਰੁੱਪਾਂ ਨਾਲ ਰਲ ਕੇ ਦੁੱਧ ਦਾ ਚੰਗਾ ਮੁੱਲ ਵੱਟ ਸਕਣ ਅਤੇ ਨਵੀਂ ਤਕਨਾਲੋਜੀ, ਮੁਹੱਈਆ ਕੀਤੀਆਂ ਜਾ ਰਹੀਆਂ ਸੇਵਾਵਾਂ, ਲਾਗਤਾਂ ਆਦਿ ਸੰਬੰਧੀ ਲੋੜੀਂਦੀ ਜਾਣਕਾਰੀ ਨੂੰ ਵਧਾ ਸਕਣ ।

## ਹੋਮ ਸਾਇੰਸ

- ਅਰਜੁਨ (ਟੈਰਮੀਨੇਲੀਆ ਅਰਜੁਨਾ) ਰੰਗਾਈ ਨਾਲ ਛਪਾਈ ਨੂੰ ਉਤਸ਼ਾਹਿਤ ਕਰਨ ਲਈ ਤਜ਼ਰਬੇ ਕੀਤੇ ਗਏ । ਗੁਆਰ ਗਮ (ਸਾਇਆਮੋਪਸਿਸ ਟੈਟ੍ਰਾਗੋਨੋਲੋਬਸ) ਜਿਸ ਨੂੰ ਕਿ ਕੁਦਰਤੀ ਤੌਰ ਤੇ ਗਾੜ੍ਹਾ ਕਰਨ ਦੇ ਏਜੰਟ ਵਜੋਂ ਚਿਰਾਂ ਤੋਂ ਵਰਤਿਆ ਜਾ ਰਿਹਾ ਸੀ, ਦੀ ਥਾਂ ਤੇ ਕੇਸੀਆ ਗਮ (ਕੇਸੀਆ ਓਬਟੂਸੀਫੋਲੀਆ) ਦੀ ਵਰਤੋਂ ਕੀਤੀ ਗਈ । ਇਹ ਸੂਤੀ ਅਤੇ ਸਿਲਕ ਦੋਵਾਂ ਤਰ੍ਹਾਂ ਦੇ ਕੱਪੜਿਆਂ ਤੇ ਬਲਾਕ ਅਤੇ ਸਕਰੀਨ ਪ੍ਰਿੰਟਿੰਗ ਲਈ ਵਧੀਆ ਸੀ । ਕੁਸ਼ਨ ਕਵਰ, ਵਾਲ ਹੈਂਗਿੰਗ ਅਤੇ ਟਰੇਅ ਆਦਿ ਵਸਤਾਂ ਤੇ ਪ੍ਰਿੰਟਿੰਗ ਕਰਕੇ ਦੇਖੀ ਗਈ । ਇਹ ਖੋਜ ਅਜੇ ਪਹਿਲੇ ਪੜਾਅ ਤੇ ਹੀ ਹੈ । ਇਨ੍ਹਾਂ ਨਾਲ ਹੋਰ ਵੀ ਵਸਤਾਂ ਨੂੰ ਵੱਡੀ ਗਿਣਤੀ ਵਿੱਚ ਤਿਆਰ ਕੀਤਾ ਜਾਵੇਗਾ ਅਤੇ ਨੁਮਾਇਸ਼ਾਂ ਲਗਾ ਕੇ ਵੇਚਿਆ ਜਾਵੇਗਾ ।
- ਸਿਟਰੋਨੈਲਾ, ਸਫ਼ੈਦਾ ਅਤੇ ਰੋਜ਼ਮੈਰੀ ਵਰਗੇ ਤੇਲ ਜਿਨ੍ਹਾਂ ਵਿੱਚ ਮੱਛਰਾਂ ਨੂੰ ਭਜਾਉਣ ਦੇ ਗੁਣ ਮੌਜੂਦ ਹਨ, ਦੇ ਘੋਲ ਨਾਲ ਤਿਆਰ ਕੀਤੇ ਮਾਈਕ੍ਰੋਕੈਪਸੂਲਾਂ ਨਾਲ ਸੂਤੀ ਕੱਪੜੇ ਨੂੰ ਫਿਨਿਸ਼ ਕੀਤਾ ਗਿਆ। ਤੇਲਾਂ ਦਾ ਵਧੀਆ ਪ੍ਰਭਾਵ 10 ਪ੍ਰਤੀਸ਼ਤ ਘੋਲ ਰਾਹੀਂ ਹਾਸਲ ਹੋਇਆ । ਮਾਈਕ੍ਰੋਕੈਪਸੂਲੇਸ਼ਨ ਵਿਧੀ ਨਾਲ ਫਿਨਿਸ਼ ਕੀਤੇ ਕੱਪੜੇ ਵਿੱਚ 30 ਧੁਆਈਆਂ ਤੱਕ ਮੱਛਰ ਨੇੜੇ ਨਹੀਂ ਆਇਆ । ਇਹ ਖੋਜ ਪਹਿਲੇ ਪੜ੍ਹਾਅ ਤੇ ਹੈ । ਮੱਛਰ ਭਜਾਉਣ ਦੇ ਇਹ ਤਜ਼ਰਬੇ ਵੱਡੇ ਪੱਧਰ ਤੇ ਕੀਤੇ ਜਾਣਗੇ ਅਤੇ ਤਿਆਰ ਕੀਤੀਆਂ ਵਸਤਾਂ ਨੂੰ ਕਿਸਾਨ ਮੇਲਿਆਂ ਅਤੇ ਨੁਮਾਇਸ਼ਾਂ ਵਿੱਚ ਵੇਚਿਆ ਜਾਵੇਗਾ ।
- ਬਜ਼ੁਰਗਾਂ ਲਈ ਸਰਦੀਆਂ ਵਿੱਚ ਪਹਿਨਣ ਵਾਲੇ ਮੋਟੇ ਕੱਪੜੇ ਤਿਆਰ ਕੀਤੇ ਗਏ, ਜੋ ਕਿ 65-70 ਸਾਲ ਦੀ ਉਮਰ ਵਾਲੇ 10 ਉੱਤਰ-ਦਾਤਾਵਾਂ (ਪੰਜ ਮਰਦ ਅਤੇ ਪੰਜ ਔਰਤਾਂ) ਦੀਆਂ ਕੱਪੜਿਆਂ ਦੀ ਲੋੜਾਂ ਦੇ ਅਧਿਐਨ ਤੇ ਅਧਾਰਿਤ ਸਨ । ਵੱਖੋ-ਵੱਖ ਤਰ੍ਹਾਂ ਦੇ ਕੱਪੜਿਆਂ ਦੀਆਂ ਦਸ ਤਹਿਆਂ ਤਿਆਰ ਕੀਤੀਆਂ ਗਈਆਂ । ਤਹਿਆਂ ਲਈ ਸਭ ਤੋਂ ਵਧੇਰੇ ਪਸੰਦ ਕੀਤੇ ਜਾਣ ਵਾਲਿਆਂ ਵਿਚੋਂ ਬੁਣੇ ਹੋਏ ਸੂਤੀ ਅਤੇ ਉੱਨ ਵਾਲੇ ਕੱਪੜੇ ਸਨ । ਬਹੁ ਤਹਿਆਂ ਵਾਲੇ ਸਰਦੀਆਂ ਦੇ ਕੱਪੜਿਆਂ ਦੀ ਸਿਲਾਈ ਕਰਕੇ ਇਨ੍ਹਾਂ ਨੂੰ ਵੇਚਿਆ ਜਾਵੇਗਾ । ਇਹ ਅਧਿਐਨ ਪਹਿਲੇ ਪੜਾਅ ਤੇ ਹੈ ।
- ਬਜ਼ੁਰਗਾਂ ਵਿੱਚ ਮਾਨਸਿਕ ਪ੍ਰੇਸ਼ਾਨੀ ਅਤੇ ਰਚਣ ਮਿਚਣ ਨੂੰ ਲੈ ਕੇ ਆਉਂਦੀਆਂ ਸਮੱਸਿਆਵਾਂ ਦੇ ਅਧਿਐਨ ਤੋਂ ਪਤਾ ਚੱਲਿਆ ਕਿ ਵੱਡੀ ਉਮਰ ਦੀਆਂ ਔਰਤਾਂ ਆਮ ਤੌਰ ਤੇ ਸਰੀਰਕ ਸਮੱਸਿਆਵਾਂ ਦਾ ਸ਼ਿਕਾਰ ਹੁੰਦੀਆਂ ਹਨ ਜਦੋਂ ਕਿ ਵੱਡੀ ਉਮਰ ਦੇ ਮਰਦਾਂ ਨੂੰ ਮਾਨਸਿਕ ਸਮੱਸਿਆਵਾਂ ਨਾਲ ਜੂਝਣਾ ਪੈਂਦਾ ਹੈ। ਨੀਵੇਂ ਦਰਜੇ ਦੇ ਸਮਾਜਿਕ-ਆਰਥਿਕ ਭਾਈਚਾਰੇ ਨਾਲ ਸੰਬੰਧਤ ਬਜ਼ੁਰਗਾਂ ਨੂੰ ਮੱਧਮ ਅਤੇ ਉੱਚ ਦਰਜੇ ਦੇ ਸਮਾਜਿਕ ਭਾਈਚਾਰੇ ਨਾਲ ਸੰਬੰਧਤ ਬਜ਼ੁਰਗਾਂ ਨਾਲੋਂ ਵਧੇਰੇ ਸਰੀਰਕ ਅਤੇ ਮਾਨਸਿਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਦੋਂ ਕਿ ਮੱਧਮ ਦਰਜੇ ਦੇ ਭਾਈਚਾਰੇ ਨਾਲ ਸੰਬੰਧਤ ਜ਼ਿਆਦਾਤਰ ਬਜ਼ੁਰਗਾਂ ਨੂੰ ਆਰਥਿਕ ਸਮੱਸਿਆਵਾਂ ਨਾਲ ਜੂਝਣਾ ਪੈਂਦਾ ਹੈ। ਇਸੇ ਤਰ੍ਹਾਂ ਨੀਵੇਂ ਸਮਾਜਿਕ-ਆਰਥਿਕ ਭਾਈਚਾਰੇ ਨਾਲ ਸੰਬੰਧਤ ਜ਼ਿਆਦਾਤਰ ਬਜ਼ੁਰਗ ਔਰਤਾਂ ਮਾਨਸਿਕ ਪ੍ਰੇਸ਼ਾਨੀ ਵਿੱਚ ਵੀ ਘਿਰੀਆਂ ਰਹਿੰਦੀਆਂ ਹਨ ।

## ਤਕਨਾਲੋਜੀਆਂ ਦਾ ਵਪਾਰੀਕਰਨ

- **ਸਬਜ਼ੀਆਂ ਦੀਆਂ ਕਿਸਮਾਂ** (2015) : ਪੀ ਏ ਯੂ ਨੇ ਮਿਰਚਾਂ ਦੀ ਹਾਈਬ੍ਰਿਡ ਸੀ ਐਚ-27, ਬੈਂਗਣਾਂ ਦੀ ਹਾਈਬ੍ਰਿਡਜ਼ ਪੀ ਬੀ ਐਚ 3 ਅਤੇ ਪੀ ਬੀ ਐਚ 4, ਖਰਬੂਜੇ ਦੀ ਹਾਈਬ੍ਰਿਡ ਐਮ ਐਚ-27 ਅਤੇ ਪਿਆਜਾਂ ਦੀ ਪੀ ਆਰ ਓ-6 ਕਿਸਮ ਦੇ ਬੀਜ ਤਿਆਰ ਕਰਨ ਅਤੇ ਵੇਚਣ ਲਈ ਮੈਸਰਜ਼ ਕਲਾਸ਼ ਸੀਡਜ਼ ਪ੍ਰਾਈਵੇਟ ਲਿਮਟਿਡ ਜਲਣਾ ਨੂੰ ਨਾਨ-ਐਕਸਕਲਿਊਜ਼ਿਵ ਅਧਿਕਾਰ ਦਿੱਤੇ ।
- **ਮਲਟੀਗ੍ਰੇਨ ਆਟਾ** (2015) : ਪੀ ਏ ਯੂ ਨੇ ਮਲਟੀਗ੍ਰੇਨ ਆਟਾ ਤਿਆਰ ਕਰਨ ਲਈ ਮੈਸਰਜ਼ ਗੁੱਡ ਬਰਾਂਡਜ਼ ਫਾਰ ਏ ਹੈਲਥੀ ਲਾਈਫ਼ ਪ੍ਰਾਈਵੇਟ ਲਿਮਟਿਡ ਨੂੰ ਨਾਨ-ਐਕਸਕਲਿਊਜ਼ਿਵ ਆਧਾਰ ਤੇ ਅਧਿਕਾਰ ਦਿੱਤੇ ।
- **ਮਲਟੀਗ੍ਰੇਨ ਇੰਸਟੈਂਟ ਦਲੀਆ** (2015) : ਪੀ ਏ ਯੂ ਨੇ ਮਲਟੀਗ੍ਰੇਨ ਇੰਸਟੈਂਟ ਦਲੀਆ ਤਿਆਰ ਕਰਨ ਅਤੇ ਵੇਚਣ ਲਈ ਨਾਨ-ਐਕਸਕਲਿਊਜ਼ਿਵ ਆਧਾਰ ਤੇ ਮੈਸਰਜ਼ ਹਰਸ਼ ਇੰਟਰਨੈਸ਼ਨਲ ਫੂਡਜ਼ ਲੁਧਿਆਣਾ ਨੂੰ ਅਧਿਕਾਰ ਦਿੱਤੇ ।
- **ਫੋਰਸਡ ਸਰਕੂਲੇਸ਼ਨ ਸੋਲਰ ਡਰਾਇਰ** (2015) : ਪੀ ਏ ਯੂ ਨੇ ਸੂਰਜੀ ਊਰਜਾ ਨਾਲ ਚੱਲਣ ਵਾਲੇ ਸਰਕੂਲੇਸ਼ਨ ਸੁਕਾਵੇ ਨੂੰ ਤਿਆਰ ਕਰਨ ਅਤੇ ਵੇਚਣ ਲਈ ਨਾਨ-ਐਕਸਕਲਿਊਜ਼ਿਵ ਆਧਾਰ ਤੇ ਮੈਸਰਜ਼ ਵਿਸ਼ਵਕਰਮਾ ਸੋਲਰ ਐਨਰਜੀ ਕਾਰਪੋਰੇਸ਼ਨ ਫਿਲੌਰ ਨੂੰ ਅਧਿਕਾਰ ਦਿੱਤੇ ।

## ਫਾਈਲ ਕੀਤੇ ਪੇਟੈਂਟ

| ਕ੍ਰਮ ਨੰਬਰ | ਸਾਲ | ਕਾਢ/ਖੋਜ | ਵਿਭਾਗ | ਅਰਜ਼ੀ ਨੰਬਰ |
|---|---|---|---|---|
| 1. | 2016 | ਮੋਡੀਫਾਈਡ ਪੀ ਏ ਯੂ ਫਰੂਟ ਫਲਾਈ ਟਰੈਪ | ਫ਼ਲ ਵਿਗਿਆਨ ਵਿਭਾਗ ਅਤੇ ਕੀਟ ਵਿਗਿਆਨ ਵਿਭਾਗ | ਇੰਤਜ਼ਾਰ ਅਧੀਨ |
| 2. | 2016 | ਬੈਕਟੀਰੀਆਲੋਜੀਕਲ ਫੂਡ ਟੈਸਟਿੰਗ ਕਿੱਟ (ਬੀ ਐਫ ਟੀ ਕੇ) | ਮਾਈਕ੍ਰੋਬਾਇਓਲੋਜੀ ਵਿਭਾਗ | ਇੰਤਜ਼ਾਰ ਅਧੀਨ |
| 3. | 2016 | ਨਹਿਰੀ ਪਾਣੀ ਦੀ ਪੀਣ ਯੋਗਤਾ ਲਈ ਫਿਲਟਰ ਦੀ ਸੋਧ ਅਤੇ ਪਰਖ | ਭੂਮੀ ਅਤੇ ਪਾਣੀ ਇੰਜਨੀਅਰਿੰਗ ਵਿਭਾਗ | ਇੰਤਜ਼ਾਰ ਅਧੀਨ |
| 4. | 2016 | ਮੱਛਰ ਭਜਾਉਣ ਲਈ ਸੂਤੀ ਕੱਪੜੇ ਉੱਤੇ ਰੋਜ਼ਮੈਰੀ ਤੇਲ ਦੀ ਮਾਈਕ੍ਰੋਇਨਕੈਪਸੁਲੇਸ਼ਨ | ਐਪੇਰਿਲ ਅਤੇ ਟੈਕਸਟਾਈਲ ਵਿਗਿਆਨ ਵਿਭਾਗ | ਇੰਤਜ਼ਾਰ ਅਧੀਨ |

# ਸਿੱਖਿਆ

ਯੂਨੀਵਰਸਿਟੀ ਦੇ ਅਕਾਦਮਿਕ ਪ੍ਰੋਗਰਾਮ ਇਸਦੇ ਲੁਧਿਆਣਾ ਕੈਂਪਸ ਵਿਖੇ ਸਥਿਤ ਚਾਰ ਕਾਲਜਾਂ; ਖੇਤੀਬਾੜੀ ਕਾਲਜ, ਖੇਤੀ ਇੰਜੀਨੀਅਰਿੰਗ ਅਤੇ ਤਕਨਾਲੋਜੀ ਕਾਲਜ, ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ, ਹੋਮ ਸਾਇੰਸ ਕਾਲਜ ਅਤੇ ਗੁਰਦਾਸਪੁਰ ਅਤੇ ਬਠਿੰਡਾ ਵਿਖੇ ਸਥਿਤ ਖੇਤੀਬਾੜੀ ਇੰਸਟੀਚਿਊਟ ਰਾਹੀਂ ਚਲਾਏ ਜਾਂਦੇ ਹਨ ।

## ਦਾਖਲੇ

ਸਾਲ 2015-16 ਦੌਰਾਨ ਯੂਨੀਵਰਸਿਟੀ ਵੱਲੋਂ 10 ਅੰਡਰਗ੍ਰੈਜੂਏਟ ਪ੍ਰੋਗਰਾਮਾਂ, 44 ਮਾਸਟਰਜ਼ ਪ੍ਰੋਗਰਾਮਾਂ, 29 ਡਾਕਟਰੇਟ ਪ੍ਰੋਗਰਾਮਾਂ ਅਤੇ ਇਕ ਡਿਪਲੋਮਾ ਪ੍ਰੋਗਰਾਮ ਵਿੱਚ ਦਾਖਲੇ ਕੀਤੇ ਗਏ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

| ਪ੍ਰੋਗਰਾਮ | ਸੀਟਾਂ ਦੀ ਗਿਣਤੀ | | ਦਾਖਲ ਹੋਏ ਵਿਦਿਆਰਥੀਆਂ ਦੀ ਗਿਣਤੀ | ਪਾਸ ਹੋਏ ਵਿਦਿਆਰਥੀਆਂ ਦੀ ਗਿਣਤੀ |
|---|---|---|---|---|
| ਕਲਾਸ/ਪ੍ਰੋਗਰਾਮ | ਜਨਰਲ ਅਤੇ ਰਾਖਵੀਆਂ | ਆਈ ਸੀ ਏ ਆਰ | | |
| ਅੰਡਰਗਰੈਜੁਏਟ | | | | |
| ਬੀ ਐਸ ਸੀ ਐਗਰੀਕਲਚਰ (ਆਨਰਜ਼)-4 ਸਾਲ | 85 | 15 | 100 | 95 |
| ਬੀ ਐਸ ਸੀ ਐਗਰੀਕਲਚਰ (ਆਨਰਜ਼)-6 ਸਾਲ* | - | - | - | 87 |
| ਬੀ ਐਸ ਸੀ ਐਗਰੀਕਲਚਰ (ਆਨਰਜ਼)-6 ਸਾਲ (ਗੁਰਦਾਸਪੁਰ)** | 61 | - | 61 | - |
| ਬੀ ਐਸ ਸੀ ਐਗਰੀਕਲਚਰ (ਆਨਰਜ਼)-6 ਸਾਲ (ਬਠਿੰਡਾ)** | 67 | - | 67 | - |
| ਬੀ ਟੈੱਕ (ਐਗਰੀ. ਇੰਜ.)-4 ਸਾਲ | 78 | 11 | 89 | 44 |
| ਬੀ ਐਸ ਸੀ (ਆਨਰਜ਼) ਹੋਮ ਸਾਇੰਸ-4 ਸਾਲ | 42 | 8 | 44 | 34 |
| ਬੀ ਐਸ ਸੀ (ਆਨਰਜ਼) ਹੋਮ ਸਾਇੰਸ-6 ਸਾਲ*** | - | - | - | 28 |
| ਬੀ ਐਸ ਸੀ ਨਿਊਟ੍ਰੀਸ਼ਨ ਐਂਡ ਡਾਇਟਿਟਿਕਸ-4 ਸਾਲ | 61 | - | 61 | 11 |
| ਬੀ ਐਸ ਸੀ ਬਾਇਓਟੈੱਕ (ਆਨਰਜ਼)-4 ਸਾਲ | 54 | 9 | 63 | 43 |
| ਬੀ ਟੈੱਕ ਫੂਡ ਟੈੱਕ-4 ਸਾਲ | 56 | 9 | 65 | 28 |
| ਬੀ ਐੱਸ ਸੀ (ਆਨਰਜ਼) ਫੈਸ਼ਨ ਡਿਜ਼ਾਇਨਿੰਗ-4 ਸਾਲ | 60 | - | 37 | 1 |
| ਬੀ ਐਸ ਸੀ ਇੰਟਰੀਅਰ ਡਿਜ਼ਾਈਨ-4 ਸਾਲ | 60 | - | 26 | - |

| ਪੋਸਟ ਗਰੈਜੂਏਟ | | | | |
|---|---|---|---|---|
| ਐਮ ਐਸ ਸੀ ਐਗਰੀਕਲਚਰ | 132 | 33 | 165 | ਐੱਮ ਐੱਸ ਸੀ/ ਐੱਮ ਟੈੱਕ ਪ੍ਰੋਗਰਾਮਾਂ ਵਿੱਚ 235 |
| ਐਮ ਐਸ ਸੀ ਹੋਮ ਸਾਇੰਸ | 49 | 10 | 40 | |
| ਐਮ ਐਸ ਸੀ ਬੇਸਿਕ ਸਾਇੰਸਜ਼ | 107 | 23 | 100 | |
| 5-ਸਾਲ ਇੰਟੈਗ੍ਰੇਟਿਡ ਐਮ ਐਸ ਸੀ (ਆਨਰਜ਼) | 90 | - | 90 | |
| ਐਮ. ਟੈੱਕ | 51 | 6 | 22 | |
| ਰਿਮੋਟ ਸੈਂਸਿੰਗ ਅਤੇ ਭੂਗੋਲਿਕ ਜਾਣਕਾਰੀ ਸਿਸਟਮ (ਜੀ ਆਈ ਐਸ)**** | 15 | - | - | - |
| ਐਮ ਬੀ ਏ | 50 | - | 43 | 31 |
| ਐਮ ਬੀ ਏ ਐਗ੍ਰੀਬਿਜ਼ਨੈੱਸ | 30 | 7 | 11 | 5 |
| ਐਮ ਸੀ ਏ | 61 | - | 20 | 47 |
| ਪੀ ਐਚ ਡੀ | 137 | 12 | 111 | 73 |
| ਹਾਈਬ੍ਰਿਡ ਬੀਜ ਉਤਪਾਦਨ ਤਕਨਾਲੋਜੀ ਵਿੱਚ ਡਿਪਲੋਮਾ ਕੋਰਸ | 40 | - | 20 | 11 |

* ਸਾਲ 2014-15 ਤੋਂ ਪ੍ਰੋਗਰਾਮ ਪੀ ਏ ਯੂ ਕੈਂਪਸ ਵਿਖੇ ਬੰਦ/ਮੁਲਤਵੀ ਕਰ ਦਿੱਤਾ ਗਿਆ ।

** ਵਿਦਿਆਰਥੀ ਪਹਿਲੇ ਦੋ ਸਾਲ ਪੜ੍ਹਣ ਉਪਰੰਤ ਅਗਲੇਰੀ ਪੜ੍ਹਾਈ ਪੀ ਏ ਯੂ ਕੈਂਪਸ ਲੁਧਿਆਣਾ ਵਿਖੇ ਹਾਸਲ ਕਰਨਗੇ ।

*** ਸਾਲ 2010-11 ਤੋਂ ਪ੍ਰੋਗਰਾਮ ਬੰਦ/ਮੁਲਤਵੀ ਕਰ ਦਿੱਤਾ ਗਿਆ ।

**** ਸਾਲ 2015-16 ਤੋਂ ਪ੍ਰੋਗਰਾਮ ਬੰਦ/ਮੁਲਤਵੀ ਕਰ ਦਿੱਤਾ ਗਿਆ ।

## ਪ੍ਰੀਖਿਆ ਸੈੱਲ

ਯੂਨੀਵਰਸਿਟੀ ਦੇ ਵਿਭਿੰਨ ਅਕਾਦਮਿਕ ਪ੍ਰੋਗਰਾਮਾਂ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦੀਆਂ ਪੀ ਏ ਯੂ ਪ੍ਰੀਖਿਆ ਸੈੱਲ ਵੱਲੋਂ ਦਾਖਲਾ/ਪ੍ਰਵੇਸ਼ ਪ੍ਰੀਖਿਆਵਾਂ ਲਈਆਂ ਗਈਆਂ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :-

- ਜੂਨ 2016 ਦੌਰਾਨ ਬੀ ਐਸ ਸੀ ਐਗਰੀ (ਆਨਰਜ਼) 4-ਸਾਲ, ਬੀ ਐੱਸ ਸੀ ਬਾਇਓਟੈੱਕ (ਆਨਰਜ਼) 4-ਸਾਲ, ਬੀ ਟੈਕ ਫੂਡ ਟੈੱਕ 4-ਸਾਲ, ਬੀ ਐੱਸ ਸੀ ਐਗਰੀ (ਆਨਰਜ਼) 6-ਸਾਲ, ਬੀ ਐੱਸ ਸੀ (ਆਨਰਜ਼) ਹੋਮ ਸਾਇੰਸ 4-ਸਾਲ, ਬੀ ਐੱਸ ਸੀ (ਆਨਰਜ਼) ਨਿਊਟ੍ਰੀਸ਼ਨ ਐਂਡ ਡਾਇਟਿਟਿਕਸ 4-ਸਾਲ, ਬੀ ਐੱਸ ਸੀ (ਆਨਰਜ਼) ਫੈਸ਼ਨ ਡੀਜ਼ਾਈਨਿੰਗ 4-ਸਾਲ, ਬੀ ਐੱਸ ਸੀ (ਆਨਰਜ਼) ਇੰਟੀਰੀਅਰ ਡੀਜ਼ਾਈਨਿੰਗ 4-ਸਾਲ ਅਤੇ 5-ਸਾਲ ਇੰਟੈਗ੍ਰੇਟਿਡ ਐਮ ਐਸ ਸੀ (ਆਨਰਜ਼) ਦੇ ਪ੍ਰੋਗਰਾਮਾਂ ਵਿੱਚ ਦਾਖਲਾ ਲੈਣ ਵਾਲੇ 6529 ਉਮੀਦਵਾਰਾਂ ਦੀਆਂ ਦਾਖਲਾ ਪ੍ਰੀਖਿਆਵਾਂ (ਸੀ ਈ ਟੀ) ਲਈਆਂ ।
- ਮਈ-ਜੂਨ 2016 ਦੌਰਾਨ ਐਮ ਐਸ ਸੀ/ਐਮ ਬੀ ਏ (ਏ ਬੀ)/ਐਮ ਜੇ ਐਮ ਸੀ/ਐਮ ਟੈੱਕ ਪ੍ਰੋਗਰਾਮਾਂ ਵਿੱਚ ਦਾਖਲਾ ਲੈਣ ਵਾਲੇ 1215 ਉਮੀਦਵਾਰਾਂ ਦੀਆਂ 16 ਮਾਸਟਰ'ਜ਼ ਦਾਖਲਾ ਪ੍ਰੀਖਿਆਵਾਂ ਲਈਆਂ ।
- ਨਵੰਬਰ 2015 ਦੌਰਾਨ 29 ਪੀ ਐਚ ਡੀ ਪ੍ਰੋਗਰਾਮਾਂ ਵਿੱਚ ਦਾਖਲਿਆਂ ਲਈ ਦਾਖਲਾ/ਪ੍ਰਵੇਸ਼ ਪ੍ਰੀਖਿਆਵਾਂ ਲਈਆਂ ।
- ਸਤੰਬਰ 8, 2015 ਅਤੇ ਅਪ੍ਰੈਲ 11, 2016 ਨੂੰ ਤਰਸ ਦੇ ਅਧਾਰ ਕਲਰਕਾਂ ਦੀ ਭਰਤੀ ਲਈ ਲਿਖਤੀ ਪ੍ਰੀਖਿਆ ਲਈ ਗਈ । ਨਵੰਬਰ 5, 2015 ਨੂੰ ਕੇ ਵੀ ਕੇ ਵਿਖੇ ਸਹਾਇਕਾਂ ਦੀ ਭਰਤੀ ਲਈ ਕੰਪਿਊਟਰ ਟੈਸਟ ਲਿਆ ਗਿਆ । ਅਪ੍ਰੈਲ 11, 2016 ਨੂੰ 87 ਉਮੀਦਵਾਰਾਂ ਦੀ ਪ੍ਰੋਗਰਾਮ ਅਸਿਸਟੈਂਟ (ਕੰਪਿਊਟਰ) ਦੀ ਭਰਤੀ ਲਈ ਲਿਖਤੀ ਪ੍ਰੀਖਿਆ ਲਈ ਗਈ । ਮਈ 18-19, 2016 ਨੂੰ 211 ਉਮੀਦਵਾਰਾਂ ਦੀ ਸਟੈਨੋਟਾਈਪਿਸਟ ਭਰਤੀ ਲਈ ਸ਼ਾਰਟਹੈਂਡ ਡਿਕਟੇਸ਼ਨ ਟੈਸਟ (ਪੰਜਾਬੀ ਅਤੇ ਅੰਗਰੇਜ਼ੀ) ਲਿਆ ਗਿਆ । ਅਪ੍ਰੈਲ 11, 2016 ਨੂੰ 109 ਉਮੀਦਵਾਰਾਂ ਦਾ ਪੰਜਾਬ ਰੀਮੋਟ ਸੈਂਸਿੰਗ ਸੈਂਟਰ ਵਿੱਚ ਸੀਨੀਅਰ ਸਹਾਇਕ ਅਤੇ ਕਲਰਕ ਦੀ ਭਰਤੀ ਲਈ ਲਿਖਤੀ ਪ੍ਰੀਖਿਆ ਲਈ ਗਈ। ਇਸ ਤੋਂ ਇਲਾਵਾ ਲਿਖਤੀ ਪ੍ਰੀਖਿਆ ਪਾਸ ਕਰ ਚੁੱਕੇ ਉਮੀਦਵਾਰਾਂ ਦੀ ਯੋਗਤਾ ਪ੍ਰੀਖਿਆ (ਐਮ ਐਸ ਐਕਸਲ ਅਤੇ ਪੰਜਾਬੀ ਵਿੱਚ ਟਾਈਪ ਰਾਈਟਿੰਗ) 31 ਮਈ 2016 ਨੂੰ ਲਈ ਗਈ । ਇਸ ਦੇ ਨਾਲ ਨਾਲ ਸਤੰਬਰ 2015 ਅਤੇ ਅਪ੍ਰੈਲ 2016 ਦੌਰਾਨ ਪੀ ਏ ਯੂ

ਕਰਮਚਾਰੀਆਂ ਦੇ ਹਾਇਰ ਸਟੈਂਡਰਡ ਵਿਭਾਗੀ ਪ੍ਰੀਖਿਆ ਦੇ 6 ਪੇਪਰ ਲਏ ਗਏ । ਸੈੱਲ ਵੱਲੋਂ ਫਰਵਰੀ-ਮਾਰਚ 2016 ਦੌਰਾਨ ਹਾਇਰ ਸਟੈਂਡਰਡ ਵਿਭਾਗੀ ਪ੍ਰੀਖਿਆਵਾਂ ਵਿੱਚ ਦਾਖਲ ਹੋਣ ਵਾਲੇ ਉਮੀਦਵਾਰਾਂ ਲਈ ਦਸ ਰੋਜ਼ਾ ਸਿਖਲਾਈ ਪ੍ਰੋਗਰਾਮ ਵੀ ਲਗਾਇਆ ਗਿਆ ।

- ਅਗਸਤ 23, 2015 ਨੂੰ ਯੂ ਪੀ ਐਸ ਸੀ ਦੀ ਸਿਵਲ ਸਰਵਸਿਜ਼ (ਪ੍ਰੀਲਿਮਨਰੀ ਪ੍ਰੀਖਿਆ) ਲੈਣ ਲਈ ਪੀ ਏ ਯੂ ਕੈਂਪਸ ਵਿੱਚ ਇੱਕ ਸੈਂਟਰ ਬਣਾਇਆ ਗਿਆ ।

## ਨਵੇਂ ਕੋਰਸ

**ਖੇਤੀਬਾੜੀ ਕਾਲਜ**

| ਕੋਰਸ ਦਾ ਸਿਰਲੇਖ | ਕੋਰਸ ਨੰਬਰ | ਕਰੈਡਿਟ ਆਵਰਜ਼ |
|---|---|---|
| ਪ੍ਰੋਡਕਸ਼ਨ ਟੈਕਨਾਲੋਜੀ ਆਫ਼ ਇਕਨੋਮਿਕ ਫੋਰੈਸਟ ਟਰੀਜ਼ | ਫੋਰੈਸਟ 433 | 2+1 |
| ਪ੍ਰਿੰਸੀਪਲਜ਼ ਐਂਡ ਪ੍ਰੈਕਟਿਸਜ਼ ਆਫ਼ ਸਿਲਵੀਕਲਚਰ ਐਂਡ ਐਗਰੋ-ਫੋਰੈਸਟਰੀ | ਫੋਰੈਸਟ 434 | 2+1 |
| ਫੋਰੈਸਟ ਮੈਨਸੂਰੇਸ਼ਨ ਐਂਡ ਮੈਨੇਜਮੈਂਟ | ਫੋਰੈਸਟ 435 | 2+1 |
| ਫੰਡਾਮੈਂਟਲਜ਼ ਆਫ਼ ਹਾਰਟੀਕਲਚਰ | ਹਾਰਟ. 103 | 1+1 |
| ਐਲੀਮੈਂਟਰੀ ਫਰੂਟ ਕਲਟੀਵੇਸ਼ਨ | ਹਾਰਟ. 51 | 2+1 |
| ਐਲੀਮੈਂਟਸ ਆਫ਼ ਵੈਜੀਟੇਬਲ ਕਲਟੀਵੇਸ਼ਨ | ਵੈੱਜ. 51 | 2+1 |

**ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ**

| ਕੋਰਸ ਦਾ ਸਿਰਲੇਖ | ਕੋਰਸ ਨੰਬਰ | ਕਰੈਡਿਟ ਆਵਰਜ਼ |
|---|---|---|
| ਇੰਟ੍ਰੈਕਟਿਵ ਲੈਂਗੂਏਜ ਪ੍ਰੋਫੀਸ਼ੈਂਸੀ | ਇੰਗ. 201 | 0+1 |
| ਬੇਸਿਕ ਪਲਾਂਟ ਫਿਜ਼ੀਓਲੋਜੀ | ਬਾਟ. 91 | 3+1 |
| ਪਲਾਂਟ ਰੀਪ੍ਰੋਡਕਸ਼ਨ ਐਂਡ ਬਾਇਓਟੈਕਨਾਲੋਜੀ | ਬਾਟ. 92 | 3+1 |
| ਇੰਟਰੋਡਕਟ੍ਰੀ ਬਾਇਓਲੋਜੀ | ਬਾਇਓ 91 | 3+1 |
| ਸੈਲ ਸਟ੍ਰਕਚਰ ਐਂਡ ਫੰਕਸ਼ਨ | ਬਾਇਓ. 92 | 3+1 |
| ਜੈਨੇਟਿਕਸ ਐਂਡ ਐਵੋਲੂਸ਼ਨ/ਬਾਇਓਲੋਜੀ III | ਬਾਇਓ. 93 | 3+1 |
| ਇਕੋਲੋਜੀ ਐਂਡ ਐਨਵਾਇਰਨਮੈਂਟ | ਬਾਇਓ. 94 | 3+1 |
| ਇੰਟਰੋਡਕਟ੍ਰੀ ਇਨਆਰਗੈਨਿਕ ਕੈਮਿਸਟਰੀ | ਕੈਮ. 91 | 4+1 |
| ਆਰਗੈਨਿਕ ਕੈਮਿਸਟਰੀ-II | ਕੈਮ. 92 | 3+1 |
| ਫੰਡਾਮੈਂਟਲਜ਼ ਆਫ਼ ਫਿਜ਼ੀਕਲ ਕੈਮਿਸਟਰੀ | ਕੈਮ. 93 | 3+1 |
| ਆਰਗੈਨਿਕ ਕੈਮਿਸਟਰੀ-II | ਕੈਮ. 94 | 3+1 |
| ਮੈਕੇਨਿਕਸ | ਫਿਜ਼ੀਕਸ 91 | 4+1 |
| ਮੈਟਰ ਐਂਡ ਥਰਮੋ ਡਾਇਨੈਮਿਕਸ | ਫਿਜ਼ੀਕਸ 92 | 4+1 |
| ਇਲੈਕਟ੍ਰੀਸਿਟੀ ਐਂਡ ਮੈਗਨੈਟਿਜ਼ਮ | ਫਿਜ਼ੀਕਸ 93 | 4+1 |
| ਆਪਟਿਕਸ, ਨਿਊਕਲੀਅਰ ਐਂਡ ਇਲੈਕਟ੍ਰੋਨਿਕਸ | ਫਿਜ਼ੀਕਸ 94 | 4+1 |
| ਬੇਸਿਕਸ ਆਫ਼ ਐਨੀਮਲ ਫਿਜ਼ਿਓਲੋਜੀ | ਜ਼ੂਅ. 91 | 3+1 |
| ਐਨੀਮਲ ਰੀਪ੍ਰੋਡਕਸ਼ਨ ਐਂਡ ਹਿਊਮਨ ਵੈਲਫੇਅਰ | ਜ਼ੂਅ. 92 | 3+1 |

## ਵਿਦਿਆਰਥੀਆਂ ਦੀਆਂ ਅਕਾਦਮਿਕ ਪ੍ਰਾਪਤੀਆਂ

### ਖੇਤੀਬਾੜੀ ਕਾਲਜ

- ਮਨਪ੍ਰੀਤ ਸਿੰਘ (ਐਲ-2010-ਏ-2-ਡੀ) ਨੇ ਡਾਕਟਰੇਟ ਦੀ ਡਿਗਰੀ ਲਈ ਲਿਖੇ ਸਰਵੋਤਮ ਥੀਸਿਜ਼ ਕਰਕੇ ਭਾਰਤੀ ਖੇਤੀ ਖੋਜ ਪ੍ਰੀਸ਼ਦ, ਨਵੀਂ ਦਿੱਲੀ ਤੋਂ "ਜਵਾਹਰ ਲਾਲ ਨਹਿਰੂ ਪੁਰਸਕਾਰ 2015" ਹਾਸਲ ਕੀਤਾ ।
- ਹੇਮੰਤ ਠਾਕੁਰ (ਐਲ-2014-ਏ-44-ਡੀ) ਅਤੇ ਅਸ਼ੋਕ ਬੀ ਜਗਤਾਪ (ਐਲ-2014-ਏ-17-ਡੀ) ਨੇ ਆਪਣੀ ਡਾਕਟਰੇਟ ਖੋਜ ਲਈ ਕਨਫਡਰੇਸ਼ਨ ਆਫ਼ ਇੰਡੀਅਨ ਇੰਡਸਟਰੀ (ਸੀ ਆਈ ਆਈ) ਨਵੀਂ ਦਿੱਲੀ ਤੋਂ "ਪ੍ਰਧਾਨ ਮੰਤਰੀ ਫੈਲੋਸ਼ਿਪ 2016" ਹਾਸਲ ਕੀਤੀ । ਇਨ੍ਹਾਂ ਵਿਚੋਂ ਹੇਮੰਤ ਦੀ ਖੋਜ "ਮਿਰਚ (ਕੈਪਸੀਕਮ ਐਨਮ ਐਲ) ਵਿੱਚ ਪੱਤਾ ਮਰੋੜ ਵਿਸ਼ਾਣੂੰ ਰੋਗ ਪ੍ਰਤੀਰੋਧਕ ਜੀਨ ਦੀ ਮੋਲੀਕਿਊਲਰ ਪਛਾਣ ਅਤੇ ਜੈਨੇਟਿਕਸ" ਤੇ ਸੀ ਜਦੋਂ ਕਿ ਅਸ਼ੋਕ ਦੀ ਖੋਜ "ਮੱਕੀ (ਜੀਅ ਮੇਜ਼ ਐਲ) ਵਿੱਚ ਵੱਧ ਤਾਪਮਾਨ ਦੇ ਦਬਾਅ ਪ੍ਰਤੀ ਸਹਿਣਸ਼ੀਲ ਜੀਨ ਦੀ ਪਛਾਣ ਅਤੇ ਵਿਸ਼ੇਸ਼ਤਾਵਾਂ" ਤੇ ਸੀ ।
- ਕਰਮਿੰਦਰਬੀਰ ਕੌਰ (ਐਲ-2014-ਏ-16-ਡੀ) ਨੇ ਕੈਲੇਫੋਰਨੀਆ ਯੂਨੀਵਰਸਿਟੀ, ਡੇਵਿਸ, ਯੂ ਐਸ ਏ ਤੋਂ "ਮੋਨਸੈਂਟੋ ਬੀਚਲ ਬਾਰਲਾਗ ਇੰਟਰਨੈਸ਼ਨਲ ਸਕਾਲਰਸ਼ਿਪ 2016" ਹਾਸਲ ਕੀਤੀ । ਉਹ "ਅੰਤਰ ਜੈਨੇਟਿਕ ਕਰਾਸਿਸ ਅਤੇ $CenH_3gene$ ਰਾਹੀਂ ਝੋਨੇ ਵਿੱਚ ਹੈਪਲਾਇਡ ਇੰਡਕਸ਼ਨ ਸਿਸਟਮ ਦਾ ਵਿਕਾਸ" ਉੱਤੇ ਖੋਜ ਕਾਰਜ ਕਰਨਗੇ ।
- ਮਿਤਾਲੀ ਬਾਂਸਲ (ਐਲ-2011-ਏ-50-ਡੀ) ਨੂੰ ਆਪਣੀਆਂ ਸਰਵੋਤਮ ਖੋਜ ਪ੍ਰਾਪਤੀਆਂ ਵਜੋਂ "ਜੀਨੀ ਬਾਰਲਾਗ ਲਾਇਫੁਬ ਵਿਮਨ ਇੰਨ ਟ੍ਰਿਟੀਕਮ (ਡਬਲਯੂ ਆਈ ਟੀ) ਅਰਲੀ ਕੈਰੀਅਰ ਐਵਾਰਡ 2016" ਹਾਸਲ ਹੋਇਆ ।
- ਅਸ਼ਵਨੀ ਕੁਮਾਰ (ਐਲ-2013-ਏ-17-ਡੀ) ਨੇ ਕਨਸੋਰਟੀਅਮ ਗਰੁੱਪ ਆਫ਼ ਇੰਟਰਨੈਸ਼ਨਲ ਐਗਰੀਕਲਚਰਲ ਰਿਸਰਚ ਵੱਲੋਂ ਵਿੱਤੀ ਸਹਾਇਤਾ ਪ੍ਰਾਪਤ ਅਤੇ ਖੇਤੀਬਾੜੀ ਖੋਜ ਸੰਸਥਾਵਾਂ ਦੀ ਏਸ਼ੀਆ-ਪੈਸੇਫਿਕ ਐਸੋਸੀਏਸ਼ਨ, ਬੈਂਕਾਂਕ ਵੱਲੋਂ ਜ਼ਾਰੀ ਕੀਤਾ "ਡਰਾਈਲੈਂਡ ਸੀਰੀਅਲਜ਼ ਸਕਾਲਰਸ਼ਿਪ 2015" ਹਾਸਲ ਕੀਤਾ । ਇਸ ਦੌਰਾਨ ਉਹ "ਬਾਜਰੇ ਅਤੇ ਜਵੀ ਤੋਂ ਸਿਨਬਾਇਓਟਿਕ ਪੇਅ ਪਦਾਰਥ ਤਿਆਰ ਕਰਨ" ਉੱਤੇ ਖੋਜ ਕਰਨਗੇ ।
- ਸ਼ਿਖਾ (ਐਲ-2014-ਏ-56-ਡੀ) ਅਤੇ ਇਰਫਾਨ ਖਾਨ (ਐਲ-2013-ਏ-90-ਐਮ) ਨੂੰ 24-27 ਅਗਸਤ 2015 ਦੌਰਾਨ ਬਰਲਿਨ, ਜਰਮਨੀ ਵਿਖੇ ਹੋਈ XVIIIਵੀਂ ਅੰਤਰ-ਰਾਸ਼ਟਰੀ ਪੌਦ-ਸੁਰੱਖਿਆ ਕਾਂਗਰਸ (ਆਈ ਪੀ ਸੀ ਸੀ) ਦੌਰਾਨ ਖੋਜ ਪੇਪਰ ਪ੍ਰਸਤੁਤ ਕਰਨ ਲਈ ਸਾਇੰਸ ਅਤੇ ਤਕਨਾਲੋਜੀ ਵਿਭਾਗ (ਡੀ ਐਸ ਟੀ) ਭਾਰਤ ਸਰਕਾਰ ਵੱਲੋਂ ਅੰਤਰਰਾਸ਼ਟਰੀ ਟਰੈਵਲ ਗ੍ਰਾਂਟਸ ਪ੍ਰਦਾਨ ਕੀਤੇ ਗਏ ।

### ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ

- ਰਿਮਲਜੀਤ ਕੌਰ (ਐਲ-2010-ਬੀ ਐਸ-49-ਡੀ) ਨੂੰ ਡਾਕਟਰੇਟ ਖੋਜ ਲਈ "ਅਰਹਰ ਵਿੱਚ ਐਂਟੀ-ਆਕਸੀਡੈਂਟਜ਼ ਦੀ ਸਥਿਤੀ ਅਤੇ ਹੈਲੀਕੋਵਰਪਾ ਅਰਮੀਗੇਰਾ $\alpha$-ਐਮੀਲੇਜ਼ ਦੀਆਂ ਵਿਸ਼ੇਸ਼ਤਾਵਾਂ" ਸਿਰਲੇਖ ਤੇ ਲਿਖੇ ਸਰਵੋਤਮ ਥੀਸਿਜ਼ ਕਰਕੇ ਭਾਰਤੀ ਖੇਤੀ ਖੋਜ ਪ੍ਰੀਸ਼ਦ, ਨਵੀਂ ਦਿੱਲੀ ਵੱਲੋਂ "ਜਵਾਹਰ ਲਾਲ ਨਹਿਰੂ ਪੁਰਸਕਾਰ 2015" ਹਾਸਲ ਹੋਇਆ ।
- ਅੰਕਿਤਾ ਠਾਕੁਰ (ਐਲ-2013-ਬੀ ਐਸ-83-ਡੀ) ਨੇ ਦਸੰਬਰ 7-21, 2015 ਦੌਰਾਨ ਹੈਦਰਾਬਾਦ ਵਿਖੇ ਸਾਇੰਸ ਅਤੇ ਤਕਨਾਲੋਜੀ ਵਿਭਾਗ ਨਵੀਂ ਦਿੱਲੀ ਵੱਲੋਂ ਆਯੋਜਿਤ 15 ਰੋਜ਼ਾ ਵਿੱਤੀ ਸਹਾਇਤਾ ਪ੍ਰਾਪਤ ਸਿਖਲਾਈ ਪ੍ਰੋਗਰਾਮ "ਕੀਟ ਵਿਗਿਆਨ ਵਿੱਚ ਐਸ ਈ ਆਰ ਬੀ ਸਕੂਲ" ਵਿੱਚ ਸ਼ਮੂਲੀਅਤ ਕੀਤੀ ।
- ਅਮਨਿੰਦਰ ਕੌਰ (ਐਲ-2012-ਬੀ ਐਸ-78-ਡੀ) ਨੇ ਅਪ੍ਰੈਲ 11-12, 2016 ਦੌਰਾਨ ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼, ਫਰੀਦਕੋਟ ਵਿਖੇ "ਮੈਡੀਕਲ ਐਂਡ ਲਾਈਫ ਸਾਇੰਸਜ਼" ਉੱਤੇ ਹੋਈ ਰਾਸ਼ਟਰੀ ਕਾਨਫਰੰਸ ਮੌਕੇ ਸਰਵੋਤਮ ਪੋਸਟਰ ਪੁਰਸਕਾਰ ਹਾਸਲ ਕੀਤਾ ।
- ਰਮਨਦੀਪ ਕੌਰ (ਐਲ-2012-ਬੀ ਐਸ-79-ਡੀ) ਨੇ ਅਪ੍ਰੈਲ 11-12, 2016 ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼, ਫਰੀਦਕੋਟ ਵਿਖੇ "ਮੈਡੀਕਲ ਐਂਡ ਲਾਈਫ ਸਾਇੰਸਜ਼" ਉੱਤੇ ਹੋਈ ਰਾਸ਼ਟਰੀ ਕਾਨਫਰੰਸ ਮੌਕੇ ਦੂਜਾ ਸਰਵੋਤਮ ਪੋਸਟਰ ਪੁਰਸਕਾਰ ਹਾਸਲ ਕੀਤਾ ।

### ਹੋਮ ਸਾਇੰਸ ਕਾਲਜ

- ਵਨੀਤਾ ਪਾਂਡੇ (ਐਲ-2012-ਐਚ ਐਸ ਸੀ-98-ਡੀ) ਨੇ ਇੰਟਰਨੈਸ਼ਨਲ ਸਾਇੰਸ ਕਮਿਊਨਿਟੀ ਐਸੋਸੀਏਸ਼ਨ, ਕਾਰਪੋਰੇਟ ਮਾਮਲੇ ਮੰਤਰਾਲਾ, ਭਾਰਤ ਤੋਂ "ਇੰਟਰਨੈਸ਼ਨਲ ਯੰਗ ਸਾਇੰਟਿਸਟ ਐਵਾਰਡ" ਹਾਸਲ ਕੀਤਾ ।
- ਮੋਨਿਕਾ ਚੌਧਰੀ (ਐਲ-2010-ਐਚ ਐਸ ਸੀ-78-ਡੀ) ਨੇ ਨੈਸਲੇ ਫਾਊਂਡੇਸ਼ਨ, ਗੁਰੂਗਰਾਮ, ਹਰਿਆਣਾ ਤੋਂ "ਨੈਸਲੇ ਰਿਸਰਚ ਇੰਟਰਨੈਸ਼ਨਲ ਯੰਗ ਸਾਇੰਟਿਸਟ ਐਵਾਰਡ 2015" ਹਾਸਲ ਕੀਤਾ ।

## ਵਜ਼ੀਫੇ ਅਤੇ ਵਿੱਤੀ ਸਹਾਇਤਾ

### ਖੇਤੀਬਾੜੀ ਕਾਲਜ

- 22 ਵਿਦਿਆਰਥੀਆਂ ਨੇ ਆਈ ਸੀ ਏ ਆਰ-ਨੈਸ਼ਨਲ ਟੇਲੈਂਟ ਸਕਾਲਰਸ਼ਿਪ ਪ੍ਰਾਪਤ ਕੀਤੀ । ਚਾਰ ਵਿਦਿਆਰਥੀਆਂ ਨੇ

ਆਈ ਸੀ ਏ ਆਰ-ਸੀਨੀਅਰ ਰਿਸਰਚ ਫੈਲੋਸ਼ਿਪ, 25 ਵਿਦਿਆਰਥੀਆਂ ਨੇ ਆਈ ਸੀ ਏ ਆਰ-ਜੂਨੀਅਰ ਰਿਸਰਚ ਫੈਲੋਸ਼ਿਪ, 7 ਵਿਦਿਆਰਥੀਆਂ ਨੇ ਆਈ ਸੀ ਏ ਆਰ ਫੈਲੋਸ਼ਿਪ (ਵਿਦੇਸ਼ੀ ਵਿਦਿਆਰਥੀ) ਅਤੇ 21 ਵਿਦਿਆਰਥੀਆਂ ਨੇ ਇੰਸਪਾਇਰਡ ਰਿਸਰਚ ਫੈਲੋਸ਼ਿਪ (ਡੀ ਐਸ ਟੀ) ਹਾਸਲ ਕੀਤੀ ।

- 3 ਵਿਦਿਆਰਥੀਆਂ ਨੇ ਮਾਨਸੈਂਟੋ ਬੀਚਲ ਬਾਰਲਾਗ ਇੰਟਰਨੈਸ਼ਨਲ ਸਕਾਲਰਸ਼ਿਪ ਅਤੇ ਚਾਰ ਵਿਦਿਆਰਥੀਆਂ ਨੇ ਮਾਨਸੈਂਟੋ ਮੈਰਿਟ ਫੈਲੋਸ਼ਿਪ ਪ੍ਰਾਪਤ ਕੀਤੀ ।
- 4 ਵਿਦਿਆਰਥੀਆਂ ਨੇ ਰਾਜੀਵ ਗਾਂਧੀ ਨੈਸ਼ਨਲ ਫੈਲੋਸ਼ਿਪ (ਯੂ ਜੀ ਸੀ), 55 ਨੇ ਪੋਸਟ-ਮੈਟਰਿਕ ਸਕਾਲਰਸ਼ਿਪ (ਭਲਾਈ ਵਿਭਾਗ, ਪੰਜਾਬ), 30 ਨੇ ਡਾ. ਜੀ.ਐਸ. ਖੁਸ਼ ਸਕਾਲਰਸ਼ਿਪ (ਪੀ ਏ ਯੂ) ਅਤੇ 188 ਨੇ ਪੀ ਏ ਯੂ ਮੈਰਿਟ ਸਕਾਲਰਸ਼ਿਪ/ਫੈਲੋਸ਼ਿਪ/ਵਜ਼ੀਫੇ ਪ੍ਰਾਪਤ ਕੀਤੇ ।
- ਦੋ ਵਿਦਿਆਰਥੀਆਂ ਨੇ ਯੂ ਜੀ ਸੀ-ਨੈੱਟ ਅਤੇ ਜੇ ਆਰ ਐਫ ਪ੍ਰੀਖਿਆ ਪਾਸ ਕੀਤੀ ਅਤੇ ਦੋ ਨੇ ਨੇਪਾਲ ਏਡ ਫੰਡ ਪ੍ਰਾਪਤ ਕੀਤਾ।
- ਇੱਕ-ਇੱਕ ਵਿਦਿਆਰਥੀ ਨੇ ਯੂ ਜੀ ਸੀ-ਸੀਨੀਅਰ ਰਿਸਰਚ ਫੈਲੋਸ਼ਿਪ, ਬਾਇਓ ਟੈਕਨਾਲੋਜੀ ਵਿਭਾਗ - ਜੂਨੀਅਰ ਰਿਸਰਚ ਫੈਲੋਸ਼ਿਪ ਅਤੇ ਨੈਸ਼ਨਲ ਫੈਲੋਸ਼ਿਪ ਫਾਰ ਹਾਇਰ ਐਜੂਕੇਸ਼ਨ (ਯੂ ਜੀ ਸੀ) ਪ੍ਰਾਪਤ ਕੀਤੀ ।
- ਪੰਜ ਵਿਦਿਆਰਥੀਆਂ ਨੇ ਭਾਰਤੀ ਫੀਲਡ ਫਰੈਸ਼ ਫੈਲੋਸ਼ਿਪ ਪ੍ਰਾਪਤ ਕੀਤੀ ।

**ਖੇਤੀਬਾੜੀ ਇੰਜੀਨੀਅਰਿੰਗ ਅਤੇ ਤਕਨਾਲੋਜੀ ਕਾਲਜ**

- 14 ਵਿਦਿਆਰਥੀਆਂ ਨੇ ਆਈ ਸੀ ਏ ਆਰ - ਨੈਸ਼ਨਲ ਟੇਲੈਂਟ ਸਕਾਲਰਸ਼ਿਪ ਪ੍ਰਾਪਤ ਕੀਤੀ, 3 ਨੇ ਆਈ ਸੀ ਏ ਆਰ-ਜੂਨੀਅਰ ਰਿਸਰਚ ਫੈਲੋਸ਼ਿਪ, 2 ਨੇ ਰਾਜੀਵ ਗਾਂਧੀ ਨੈਸ਼ਨਲ ਫੈਲੋਸ਼ਿਪ (ਯੂ ਜੀ ਸੀ) ਅਤੇ 2 ਨੇ ਇਨੋਵੇਸ਼ਨ ਇਨ ਸਾਇੰਸ ਪਰਸਿਊਟ ਫਾਰ ਇੰਸਪਾਇਰਡ ਰਿਸਰਚ ਫੈਲੋਸ਼ਿਪ (ਡੀ ਐਸ ਵੀ) ਪ੍ਰਾਪਤ ਕੀਤੀ ।
- ਇੱਕ ਵਿਦਿਆਰਥੀ ਨੇ ਆਈ ਸੀ ਏ ਆਰ-ਨੈੱਟ ਪਾਸ ਕੀਤਾ ਅਤੇ ਇੱਕ ਨੇ ਆਈ ਸੀ ਏ ਆਰ-ਸੀਨੀਅਰ ਰਿਸਰਚ ਫੈਲੋਸ਼ਿਪ ਪ੍ਰਾਪਤ ਕੀਤੀ ।
- 17 ਵਿਦਿਆਰਥੀਆਂ ਨੇ ਪੋਸਟ-ਮੈਟ੍ਰਿਕ ਸਕਾਲਰਸ਼ਿਪ (ਭਲਾਈ ਵਿਭਾਗ ਪੰਜਾਬ) ਪ੍ਰਾਪਤ ਕੀਤੀ । ਛੇ ਨੇ ਡਾ. ਜੀ.ਐਸ. ਖੁਸ਼ ਸਕਾਲਰਸ਼ਿਪ (ਪੀ ਏ ਯੂ), 29 ਨੇ ਪੀ ਏ ਯੂ ਅੰਡਰਗ੍ਰੈਜੂਏਟ ਮੈਰਿਟ ਫੈਲੋਸ਼ਿਪ (ਬੀ.ਟੈਕ. ਲਈ), 15 ਨੇ ਪੀ ਏ ਯੂ ਮੈਰਿਟ ਫੈਲੋਸ਼ਿਪ (ਐਮ ਟੈਕ, ਪੀ ਐਚ ਡੀ ਲਈ) ਅਤੇ 3 ਨੇ ਵਜ਼ੀਫੇ ਪ੍ਰਾਪਤ ਕੀਤੇ ।

**ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ**

- ਦੋ ਵਿਦਿਆਰਥੀਆਂ ਨੇ ਆਈ ਸੀ ਐਮ ਆਰ ਫੈਲੋਸ਼ਿਪ, 8 ਨੇ ਯੂ ਜੀ ਸੀ - ਸੀਨੀਅਰ ਰਿਸਰਚ ਫੈਲੋਸ਼ਿਪ ਅਤੇ ਜੂਨੀਅਰ ਰਿਸਰਚ ਫੈਲੋਸ਼ਿਪ, 2 ਨੇ ਸੀ ਐਸ ਆਈ ਆਰ-ਯੂ ਜੀ ਸੀ ਜੂਨੀਅਰ ਰਿਸਰਚ ਫੈਲੋਸ਼ਿਪ ਅਤੇ 10 ਨੇ ਇੰਨੋਵੇਸ਼ਨ ਇਨ ਸਾਇੰਸ ਪਰਸਿਊਟ ਫਾਰ ਇੰਸਪਾਇਰਡ ਰਿਸਰਚ ਫੈਲੋਸ਼ਿਪ (ਡੀ ਐਸ ਟੀ) ਪ੍ਰਾਪਤ ਕੀਤਾ ।
- 10 ਵਿਦਿਆਰਥੀਆਂ ਨੇ ਰਾਜੀਵ ਗਾਂਧੀ ਨੈਸ਼ਨਲ ਫੈਲੋਸ਼ਿਪ (ਯੂ.ਜੀ.ਸੀ), 11 ਨੇ ਮੌਲਾਨਾ ਆਜ਼ਾਦ ਨੈਸ਼ਨਲ ਫੈਲੋਸ਼ਿਪ (ਯੂ ਜੀ ਸੀ), 17 ਨੇ ਪੋਸਟ ਮੈਟ੍ਰਿਕ ਫੈਲੋਸ਼ਿਪ (ਪੰਜਾਬ ਸਰਕਾਰ) ਅਤੇ 5 ਨੇ ਡਾ. ਜੀ.ਐਸ. ਖੁਸ਼ ਸਕਾਲਰਸ਼ਿਪ (ਪੀ ਏ ਯੂ) ਪ੍ਰਾਪਤ ਕੀਤੀ ।
- 91 ਵਿਦਿਆਰਥੀਆਂ ਨੇ ਪੀ ਏ ਯੂ ਮੈਰਿਟ ਫੈਲੋਸ਼ਿਪ ਅਤੇ 38 ਵਿਦਿਆਰਥੀਆਂ ਨੇ ਸਟੂਡੈਂਟ ਏਡ ਫੰਡ ਪ੍ਰਾਪਤ ਕੀਤਾ।
- ਇੱਕ-ਇੱਕ ਵਿਦਿਆਰਥੀ ਨੇ ਆਈ ਸੀ ਏ ਆਰ-ਸੀਨੀਅਰ ਰਿਸਰਚ ਫੈਲੋਸ਼ਿਪ, ਆਈ ਸੀ ਏ ਆਰ-ਜੂਨੀਅਰ ਰਿਸਰਚ ਫੈਲੋਸ਼ਿਪ, ਆਈ ਸੀ ਐਸ ਐਸ ਆਰ ਫੈਲੋਸ਼ਿਪ, ਪੀ ਜੀ ਇੰਦਰਾ ਗਾਂਧੀ ਸਕਾਲਰਸ਼ਿਪ (ਯੂ ਜੀ ਸੀ), ਨੈਸ਼ਨਲ ਫੈਲੋਸ਼ਿਪ ਫਾਰ ਓ ਬੀ ਸੀ (ਯੂ ਜੀ ਸੀ), ਵੂਮੈਨ ਸਾਇੰਟਿਸਟ ਸਕਾਲਰਸ਼ਿਪ (ਯੂ ਜੀ ਸੀ) ਅਤੇ ਬਿਹਾਰ ਸਮਾਜ ਕਲਿਆਣ ਵਿਭਾਗ ਫੈਲੋਸ਼ਿਪ ਪ੍ਰਾਪਤ ਕੀਤੀ । ਇੱਕ ਵਿਦਿਆਰਥੀ ਨੇ ਆਈ ਸੀ ਏ ਆਰ-ਨੈਸ਼ਨਲ ਐਲਜੀਬੀਲਿਟੀ ਟੈਸਟ (ਨੈੱਟ) ਪਾਸ ਕੀਤਾ ।

**ਹੋਮ ਸਾਇੰਸ ਕਾਲਜ**

- 11 ਵਿਦਿਆਰਥੀਆਂ ਨੇ ਇਨੋਵੇਸ਼ਨ ਇੰਨ ਸਾਇੰਸ ਪਰਸਿਊਟ ਫਾਰ ਇੰਸਪਾਇਰਡ ਰਿਸਰਚ ਫੈਲੋਸ਼ਿਪ (ਡੀ ਐਸ ਟੀ) ਦੋ ਨੇ ਆਈ ਸੀ ਐਮ ਆਰ ਸੀਨੀਅਰ ਰਿਸਰਚ ਫੈਲੋਸ਼ਿਪ, 7 ਨੇ ਆਈ ਸੀ ਏ ਆਰ-ਜੂਨੀਅਰ ਰਿਸਰਚ ਫੈਲੋਸ਼ਿਪ ਅਤੇ 8 ਨੇ ਪੀ ਏ ਯੂ ਮੈਰਿਟ ਫੈਲੋਸ਼ਿਪ ਪ੍ਰਾਪਤ ਕੀਤੀ ।
- 15 ਵਿਦਿਆਰਥੀਆਂ ਨੇ ਯੂ ਜੀ ਸੀ-ਜੂਨੀਅਰ ਰਿਸਰਚ ਫੈਲੋਸ਼ਿਪ/ਨੈਸ਼ਨਲ ਐਲੀਜੀਬੀਲਿਟੀ ਟੈਸਟ (ਨੈੱਟ) ਪਾਸ ਕੀਤਾ ।
- ਇੱਕ-ਇੱਕ ਵਿਦਿਆਰਥੀ ਨੇ ਆਈ ਸੀ ਏ ਆਰ-ਸੀਨੀਅਰ ਰਿਸਰਚ ਫੈਲੋਸ਼ਿਪ, ਘੱਟ ਗਿਣਤੀ ਵਿਦਿਆਰਥੀਆਂ ਲਈ ਮੌਲਾਨਾ ਅਜ਼ਾਦ ਨੈਸ਼ਨਲ ਫੈਲੋਸ਼ਿਪ (ਯੂ ਜੀ ਸੀ), ਨੈਸ਼ਨਲ ਫੈਲੋਸ਼ਿਪ ਫਾਰ ਓ ਬੀ ਸੀ (ਯੂ ਜੀ ਸੀ) ਅਤੇ ਯੂ ਐਸ ਏ ਆਈ ਡੀ/ਤਨਜ਼ਾਨੀਆ ਪ੍ਰੋਜੈਕਟ (ਓਹਾਈਓ ਸਟੇਟ ਯੂਨੀਵਰਸਿਟੀ, ਯੂ ਐਸ ਏ) ਪ੍ਰਾਪਤ ਕੀਤਾ ।

## ਕਨਵੋਕੇਸ਼ਨ

- ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀ ਸਲਾਨਾ ਕਨਵੋਕੇਸ਼ਨ 16 ਅਕਤੂਬਰ 2015 ਨੂੰ ਆਯੋਜਿਤ ਹੋਈ। ਪ੍ਰੋ. ਕਪਤਾਨ ਸਿੰਘ ਸੋਲੰਕੀ, ਸਾਬਕਾ ਰਾਜਪਾਲ ਪੰਜਾਬ ਅਤੇ ਹਰਿਆਣਾ ਦੇ ਮੌਜੂਦਾ ਰਾਜਪਾਲ ਨੇ ਕਨਵੋਕੇਸ਼ਨ ਦੀ ਪ੍ਰਧਾਨਗੀ ਕੀਤੀ ਅਤੇ ਡਾ. ਵੇਦ ਪ੍ਰਕਾਸ਼, ਚੇਅਰਮੈਨ, ਯੂ ਜੀ ਸੀ, ਨਵੀਂ ਦਿੱਲੀ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਲ ਹੋਏ। ਕਨਵੋਕੇਸ਼ਨ ਦੌਰਾਨ ਕੁੱਲ 393 ਵਿਦਿਆਰਥੀਆਂ ਨੂੰ ਪੀ ਐਚ ਡੀ, ਐਮ ਐਸ ਸੀ, ਐਮ ਟੈੱਕ, ਐਮ ਸੀ ਏ, ਐਮ ਬੀ ਏ, ਐਮ ਬੀ ਏ (ਐਗਰੀ-ਬਿਜਨੈੱਸ) ਅਤੇ ਐਮ ਜੇ ਐਮ ਸੀ (ਜਰਨਲਿਜ਼ਮ ਅਤੇ ਮਾਸ ਕਮਿਊਨੀਕੇਸ਼ਨ) ਦੀਆਂ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ । ਇਸ ਤੋਂ ਇਲਾਵਾ 17 ਵਿਦਿਆਰਥੀਆਂ ਨੂੰ ਮੈਡਲ ਅਤੇ ਗੋਲਡ ਮੈਡਲ ਅਤੇ ਕਈਆਂ ਨੂੰ ਮੈਰਿਟ ਸਰਟੀਫਿਕੇਟ ਪ੍ਰਦਾਨ ਕੀਤੇ ਗਏ । ਪੀ ਏ ਯੂ ਫੈਕਲਟੀ ਦੇ 6 ਮੈਂਬਰਾਂ ਨੂੰ ਨਕਦ ਇਨਾਮ ਅਤੇ ਸਨਮਾਨ ਪੱਤਰ ਪ੍ਰਦਾਨ ਕੀਤੇ ਗਏ । ਇਸ ਮੌਕੇ ਡਾਕਟਰੇਟ ਆਫ਼ ਸਾਇੰਸ ਡਿਗਰੀ (ਸਨਮਾਨ ਵਜੋਂ) ਪੀ ਏ ਯੂ ਦੇ ਸਾਬਕਾ ਵਾਈਸ-ਚਾਂਸਲਰ ਡਾ. ਕੇ.ਐਸ. ਗਿੱਲ ਨੂੰ ਦਿੱਤੀ ਗਈ ।
- ਕਾਲਜ ਆਫ਼ ਐਗਰੀਕਲਚਰ ਦੀ ਸਲਾਨਾ ਕਨਵੋਕੇਸ਼ਨ 25 ਜਨਵਰੀ, 2016 ਨੂੰ ਹੋਈ । ਪ੍ਰੋ. ਰਮੇਸ਼ ਚੰਦ, ਮੈਂਬਰ ਨੀਟੀ ਆਯੋਗ, ਭਾਰਤ ਸਰਕਾਰ ਮੁੱਖ ਮਹਿਮਾਨ ਦੇ ਤੌਰ ਤੇ ਹਾਜ਼ਰ ਹੋਏ ਸਨ । ਕੁੱਲ 421 ਵਿਦਿਆਰਥੀਆਂ ਨੂੰ ਬੀ ਐਸ ਸੀ ਐਗਰੀ (ਆਨਰਜ਼), ਬੀ ਐਸ ਸੀ ਬਾਇਓਤਕਨਾਲੋਜੀ (ਆਨਰਜ਼) ਅਤੇ ਬੀ ਟੈਕ ਫੂਡ ਤਕਨਾਲੋਜੀ (ਆਨਰਜ਼) ਦੀਆਂ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ । ਤਿੰਨ ਵਿਦਿਆਰਥੀਆਂ ਨੇ ਯੂਨੀਵਰਸਿਟੀ ਗੋਲਡ ਮੈਡਲ ਅਤੇ ਸੱਤ ਵਿਦਿਆਰਥੀਆਂ ਨੇ ਦੂਜੇ ਮੈਡਲ ਪ੍ਰਾਪਤ ਕੀਤੇ । ਤਿੰਨ ਵਿਦਿਆਰਥੀਆਂ ਨੇ ਅਕਾਦਮਿਕ ਰੋਲ ਆਫ਼ ਆਨਰ ਅਤੇ 79 ਵਿਦਿਆਰਥੀਆਂ ਨੇ ਮੈਰਿਟ ਸਰਟੀਫਿਕੇਟ ਪ੍ਰਾਪਤ ਕੀਤੇ। ਬੀ ਐਸ ਸੀ ਐਗਰੀ (ਆਨਰਜ਼) 4 ਸਾਲ ਅਤੇ 6 ਸਾਲ ਪ੍ਰੋਗਰਾਮ ਦੇ 29 ਵਿਦਿਆਰਥੀਆਂ ਨੇ ਆਪਣੇ ਡਿਗਰੀ ਪ੍ਰੋਗਰਾਮਾਂ ਦੌਰਾਨ ਅਕਾਦਮਿਕ ਪ੍ਰਾਪਤੀਆਂ ਹਾਸਲ ਕਰਕੇ ਇਨਾਮ ਪ੍ਰਾਪਤ ਕੀਤੇ ।

## ਵਿਦਿਆਰਥੀ ਭਲਾਈ ਗਤੀਵਿਧੀਆਂ

### ਮਹੱਤਵਪੂਰਨ ਖੇਡ ਪ੍ਰਾਪਤੀਆਂ

### ਅੰਤਰ-ਯੂਨੀਵਰਸਿਟੀ ਟੂਰਨਾਮੈਂਟ

ਪੀ ਏ ਯੂ ਟੀਮ ਨੇ ਲਾਅਨ ਟੈਨਿਸ (ਪੁਰਸ਼), ਕ੍ਰਿਕਟ (ਪੁਰਸ਼), ਫੁੱਟਬਾਲ (ਪੁਰਸ਼), ਟੇਬਲ ਟੈਨਿਸ (ਪੁਰਸ਼ ਅਤੇ ਮਹਿਲਾ), ਬਾਸਕਟਬਾਲ (ਪੁਰਸ਼ ਅਤੇ ਮਹਿਲਾ), ਤੈਰਾਕੀ (ਪੁਰਸ਼ ਅਤੇ ਮਹਿਲਾ), ਕਬੱਡੀ (ਪੁਰਸ਼), ਸਾਈਕਲਿੰਗ (ਪੁਰਸ਼ ਅਤੇ ਮਹਿਲਾ), ਹੈਂਡਬਾਲ (ਪੁਰਸ਼ ਅਤੇ ਮਹਿਲਾ), ਬੈਡਮਿੰਟਨ (ਪੁਰਸ਼ ਅਤੇ ਮਹਿਲਾ), ਵਾਲੀਬਾਲ (ਪੁਰਸ਼), ਹਾਕੀ (ਪੁਰਸ਼), ਐਥਲੈਟਿਕਸ (ਪੁਰਸ਼), ਸ਼ੂਟਿੰਗ (ਪੁਰਸ਼ ਅਤੇ ਮਹਿਲਾ) ਅਤੇ ਵੇਟ ਲਿਫਟਿੰਗ (ਪੁਰਸ਼) ਦੇ ਨਾਰਥ ਜ਼ੋਨ/ਆਲ ਇੰਡੀਆ ਅੰਤਰ-ਵਰਸਿਟੀ ਟੂਰਨਾਮੈਂਟਾਂ ਵਿੱਚ ਭਾਗ ਲਿਆ ।

### ਯੂਨੀਵਰਸਿਟੀ ਪੱਧਰ ਦੇ ਟੂਰਨਾਮੈਂਟ

ਪੀ ਏ ਯੂ ਦੇ ਕਾਲਜਾਂ ਦੀਆਂ ਟੀਮਾਂ ਨੇ ਵਾਲੀਬਾਲ (ਪੁਰਸ਼), ਬਾਸਕਟਬਾਲ (ਪੁਰਸ਼ ਅਤੇ ਮਹਿਲਾ), ਫੁੱਟਬਾਲ (ਪੁਰਸ਼), ਤੈਰਾਕੀ (ਪੁਰਸ਼ ਅਤੇ ਮਹਿਲਾ), ਲਾਅਨ ਟੈਨਿਸ (ਪੁਰਸ਼), ਹੈਂਡਬਾਲ (ਪੁਰਸ਼ ਅਤੇ ਮਹਿਲਾ), ਹਾਕੀ (ਪੁਰਸ਼), ਬੈਡਮਿੰਟਨ (ਪੁਰਸ਼ ਅਤੇ ਮਹਿਲਾ), ਵੇਟ ਲਿਫਟਿੰਗ (ਪੁਰਸ਼), ਕ੍ਰਿਕਟ (ਪੁਰਸ਼), ਟੇਬਲ ਟੈਨਿਸ (ਪੁਰਸ਼ ਅਤੇ ਮਹਿਲਾ) ਅਤੇ ਸਾਈਕਲਿੰਗ (ਪੁਰਸ਼ ਅਤੇ ਮਹਿਲਾ) ਦੇ ਅੰਤਰ-ਕਾਲਜ ਟੂਰਨਾਮੈਂਟਾਂ ਵਿੱਚ ਭਾਗ ਲਿਆ । ਐਗਰੀਕਲਚਰ ਕਾਲਜ ਦੇ ਵਿਦਿਆਰਥੀਆਂ ਵਿੱਚੋਂ ਕਰਨ ਜਾਖੜ ਨੇ ਬੇਹਤਰੀਨ ਸਾਈਕਲਿਸਟ, ਮਨਜਿੰਦਰ ਸਿੰਘ ਨੇ ਬੇਹਤਰੀਨ ਹਾਕੀ ਖਿਡਾਰੀ, ਅੰਮ੍ਰਿਤਪਾਲ ਸਿੰਘ ਅਤੇ ਖੁਸ਼ਮਨਪ੍ਰੀਤ ਹੰਜਰਾ ਨੇ ਕ੍ਰਮਵਾਰ ਪੁਰਸ਼ ਅਤੇ ਮਹਿਲਾ ਵਰਗ ਵਿੱਚ ਬੇਹਤਰੀਨ ਤੈਰਾਕ ਦਾ ਖਿਤਾਬ ਜਿੱਤਿਆ ।

### ਸਾਲਾਨਾ ਐਥਲੈਟਿਕ ਮੀਟ

ਪੀ ਏ ਯੂ ਦੀ 50ਵੀਂ ਸਾਲਾਨਾ ਐਥਲੈਟਿਕ ਮੀਟ 2015-16, 9 ਅਤੇ 10 ਮਾਰਚ 2016 ਨੂੰ ਪੀ ਏ ਯੂ ਐਥਲੈਟਿਕ ਟਰੈਕ ਤੇ ਹੋਈ । ਖੇਤੀਬਾੜੀ ਇੰਜਨੀਅਰਿੰਗ ਅਤੇ ਤਕਨਾਲੋਜੀ ਕਾਲਜ ਦੇ ਵਿਦਿਆਰਥੀ ਜਪਜੀਤ ਸਿੰਘ ਅਤੇ ਖੇਤੀਬਾੜੀ ਕਾਲਜ ਦੀ ਵਿਦਿਆਰਥਣ ਪ੍ਰਤਿਸ਼ਠਾ ਵਰਮਾ ਕ੍ਰਮਵਾਰ ਪੁਰਸ਼ ਅਤੇ ਮਹਿਲਾ ਵਰਗ ਵਿੱਚੋਂ ਬੇਹਤਰੀਨ ਐਥਲੀਟ ਐਲਾਨੇ ਗਏ ।

### ਯੂਨੀਵਰਸਿਟੀ ਕਲਰ/ਮੈਰਿਟ ਸਰਟੀਫਿਕੇਟ

ਪੀ ਏ ਯੂ ਖੇਡਾਂ ਅਤੇ ਯੁਵਕ ਗਤੀਵਿਧੀਆਂ ਕੌਂਸਲ ਦੀ 9 ਦਸੰਬਰ 2015 ਨੂੰ ਹੋਈ 52ਵੀਂ ਮੀਟਿੰਗ ਮੌਕੇ ਸੈਸ਼ਨ 2014-15 ਦੌਰਾਨ ਖੇਡਾਂ, ਸਾਹਿਤਕ ਅਤੇ ਸਭਿਆਚਾਰਕ ਗਤੀਵਿਧੀਆਂ ਵਿੱਚ ਉਪਲਬਧੀਆਂ ਪ੍ਰਾਪਤ ਕਰਨ ਵਾਲੇ ਸਰਵੋਤਮ ਵਿਦਿਆਰਥੀਆਂ ਨੂੰ 57 ਮੈਰਿਟ ਸਰਟੀਫਿਕੇਟ, 9 ਯੂਨੀਵਰਸਿਟੀ ਕਲਰ ਅਤੇ 7 ਰੋਲ ਆਫ਼ ਆਨਰ ਨਾਲ ਸਨਮਾਨਿਤ ਕੀਤਾ ਗਿਆ । ਵਿਦਿਆਰਥੀਆਂ ਨੂੰ ਇਹ ਮਾਣ-ਸਨਮਾਨ ਯੂਨੀਵਰਸਿਟੀ ਦੀ 50ਵੀਂ ਸਾਲਾਨਾ ਅਥਲੈਟਿਕ ਮੀਟ ਦੌਰਾਨ ਪ੍ਰਦਾਨ ਕੀਤੇ ਗਏ ।

### ਸਪੋਰਟਸ ਕੋਚਿੰਗ ਕੈਂਪ

ਪੀ ਏ ਯੂ ਵਿਖੇ ਰਾਸ਼ਟਰੀ ਸਪੋਰਟਸ ਸੰਸਥਾ (ਐਨ ਐਸ ਓ) ਵੱਲੋਂ ਸੈਸ਼ਨ 2015-16 ਦੌਰਾਨ ਸਾਲਾਨਾ ਕੋਚਿੰਗ ਕੈਂਪ ਆਯੋਜਿਤ ਕਰਵਾਏ ਗਏ । ਇਸ ਕੈਂਪ ਵਿੱਚ 179 ਸਿਖਲਾਈ ਪ੍ਰਾਪਤ ਕਰਨ ਵਾਲਿਆਂ ਦੇ ਨਾਲ ਨਾਲ ਪੀ ਏ ਯੂ ਅਧਿਕਾਰੀਆਂ ਨੇ ਐਨ ਐਸ ਓ ਪ੍ਰੋਗਰਾਮ ਅਧੀਨ ਭਾਗ ਲਿਆ । ਪੀ ਏ ਯੂ ਟੀਮਾਂ ਨੇ ਆਲ ਇੰਡੀਆ ਅੰਤਰ ਵਰਸਿਟੀ/ਅੰਤਰ ਐਗਰੀਕਲਚਰਲ ਯੂਨੀਵਰਸਿਟੀ ਟੂਰਨਾਮੈਂਟਾਂ ਵਿੱਚ ਭਾਗ ਲੈਣ ਤੋਂ ਪਹਿਲਾਂ ਯੂਨੀਵਰਸਿਟੀ ਵਿਖੇ 15-20 ਦਿਨਾਂ ਦੇ ਕੋਚਿੰਗ ਕੈਂਪ ਵਿੱਚ ਵੀ ਭਾਗ ਲਿਆ।

**ਖੇਡ ਵਜ਼ੀਫੇ**

ਸਪੋਰਟਸ ਸਕਾਲਰਸ਼ਿਪ ਕਮੇਟੀ ਨੇ ਜੂਨ 6,2016 ਨੂੰ ਆਪਣੀ ਮੀਟਿੰਗ ਦੌਰਾਨ ਅਕਾਦਮਿਕ ਸ਼ੈਸ਼ਨ 2015-16 ਦੀਆਂ ਚਾਰ ਵੱਡੀਆਂ ਅਤੇ ਛੇ ਛੋਟੀਆਂ ਖੇਡਾਂ ਵਿੱਚ 10 ਸਰਵਤੋਮ ਖਿਡਾਰੀਆਂ ਨੂੰ 350 ਰੁਪਏ ਪ੍ਰਤੀ ਮਹੀਨਾ ਦੇਣ ਦਾ ਫੈਸਲਾ ਕੀਤਾ।

**ਸਰਵਤੋਮ ਖਿਡਾਰੀ**

- ਪੀ ਏ ਯੂ ਟੀਮਾਂ ਨੇ ਤਾਮਿਲਨਾਡੂ ਐਗਰੀਕਲਚਰਲ ਯੂਨੀਵਰਸਿਟੀ, ਕੋਇੰਬਟੂਰ ਵਿੱਚ ਫਰਵਰੀ 22-26, 2016 ਨੂੰ ਆਯੋਜਿਤ ਹੋਈ 16ਵੀਂ ਸਰਵ-ਭਾਰਤੀ ਅੰਤਰ-ਐਗਰੀਕਲਚਰਲ ਯੂਨੀਵਰਸਿਟੀ ਖੇਡਾਂ ਦੀ ਮੀਟ ਦੌਰਾਨ ਸੋਨੇ ਅਤੇ ਚਾਂਦੀ ਦੇ ਤਗਮੇ ਜਿੱਤੇ।
- ਬਾਸਕਟਬਾਲ ਟੀਮ (ਪੁਰਸ਼) ਨੇ ਸੋਨੇ ਦਾ ਤਗਮਾ ਜਿੱਤਿਆ। ਟੀਮ ਵਿੱਚ ਆਲਮਦੀਪ ਸਿੰਘ (ਖੇਤੀਬਾੜੀ ਕਾਲਜ), ਹਰਸਿਮਰ ਸਿੰਘ (ਖੇਤੀਬਾੜੀ ਇੰਜਨਿਅਰਿੰਗ ਅਤੇ ਤਕਨਾਲੋਜੀ ਕਾਲਜ), ਗੁਰਜੀਤ ਸਿੰਘ (ਖੇਤੀਬਾੜੀ ਕਾਲਜ), ਹਰਪ੍ਰੀਤ ਸਿੰਘ (ਖੇਤੀਬਾੜੀ ਕਾਲਜ), ਪੁਖਰਾਜ ਸਿੰਘ ਬਰਾੜ (ਖੇਤੀਬਾੜੀ ਕਾਲਜ), ਕਰਨ ਬਾਵਾ (ਖੇਤੀਬਾੜੀ ਕਾਲਜ), ਸਿਮਰਨਜੀਤ ਸਿੰਘ (ਖੇਤੀਬਾੜੀ ਕਾਲਜ), ਸਵਤੰਤਰਪ੍ਰੀਤ ਸਿੰਘ (ਖੇਤੀਬਾੜੀ ਇੰਜਨਿਅਰਿੰਗ ਅਤੇ ਤਕਨਾਲੋਜੀ ਕਾਲਜ) ਅਤੇ ਹਰਦੀਪ ਸਿੰਘ (ਖੇਤੀਬਾੜੀ ਕਾਲਜ) ਸ਼ਾਮਿਲ ਸਨ।
- ਬੈਡਮਿੰਟਨ ਟੀਮ (ਪੁਰਸ਼) ਨੇ ਸੋਨ ਤਗਮਾ ਜਿੱਤਿਆ। ਟੀਮ ਵਿੱਚ ਗੁਰਅੰਜਨ ਸਿੰਘ ਮਠਾੜੂ (ਖੇਤੀਬਾੜੀ ਇੰਜਨਿਅਰਿੰਗ ਅਤੇ ਤਕਨਾਲੋਜੀ ਕਾਲਜ), ਪੁਨੀਤਇੰਦਰ ਸਿੰਘ (ਖੇਤੀਬਾੜੀ ਕਾਲਜ), ਚੰਨਪ੍ਰੀਤ ਸਿੰਘ (ਖੇਤੀਬਾੜੀ ਕਾਲਜ) ਅਤੇ ਅਮਿਤ ਭਸੀਨ (ਖੇਤੀਬਾੜੀ ਕਾਲਜ) ਸ਼ਾਮਿਲ ਸਨ।
- ਵਾਲੀਬਾਲ ਟੀਮ (ਪੁਰਸ਼) ਨੇ ਸੋਨ ਤਗਮਾ ਜਿੱਤਿਆ। ਟੀਮ ਵਿੱਚ ਕਮਲਜੀਤ ਸਿੰਘ (ਖੇਤੀਬਾੜੀ ਕਾਲਜ), ਸਿਮਰਜੀਤ ਸਿੰਘ (ਖੇਤੀਬਾੜੀ ਕਾਲਜ), ਅਮਨਪ੍ਰੀਤ ਸਿੰਘ (ਖੇਤੀਬਾੜੀ ਕਾਲਜ), ਮਿਲਾਪਦੀਪ ਸਿੰਘ (ਖੇਤੀਬਾੜੀ ਕਾਲਜ), ਵਿਕਰਮਜੀਤ ਸਿੰਘ ਬਰਾੜ (ਖੇਤੀਬਾੜੀ ਕਾਲਜ), ਸ਼ਹਿਬਾਜ਼ ਸਿੰਘ (ਖੇਤੀਬਾੜੀ ਕਾਲਜ), ਲਵਜੀਤ ਸਿੰਘ (ਖੇਤੀਬਾੜੀ ਕਾਲਜ), ਯੋਗਰਾਜਦੀਪ ਸਿੰਘ (ਖੇਤੀਬਾੜੀ ਕਾਲਜ) ਅਤੇ ਜਤਿੰਦਰ ਸਿੰਘ (ਖੇਤੀਬਾੜੀ ਇੰਜਨਿਅਰਿੰਗ ਅਤੇ ਤਕਨਾਲੋਜੀ ਕਾਲਜ) ਸ਼ਮਿਲ ਸਨ।
- ਬੈਡਮਿੰਟਨ ਟੀਮ (ਮਹਿਲਾ) ਨੇ ਚਾਂਦੀ ਦਾ ਤਗਮਾ ਜਿੱਤਿਆਂ । ਟੀਮ ਵਿੱਚ ਹਰਵੀਨ ਕੌਰ (ਹੋਮ ਸਾਇੰਸ ਕਾਲਜ), ਨਵਦੀਪ (ਖੇਤੀਬਾੜੀ ਕਾਲਜ) ਅਤੇ ਗਗਨਦੀਪ ਕੌਰ (ਬੇਸਿਕ ਸਾਇੰਸ ਅਤੇ ਹਿਓਮੈਨਟੀਜ਼ ਕਾਲਜ) ਸ਼ਾਮਿਲ ਸਨ।
- ਤੇਜਿੰਦਰ ਪਾਲ ਸਿੰਘ (ਖੇਤੀਬਾੜੀ ਕਾਲਜ), ਨੇ ਸ਼ਾਟ ਪੁੱਟ ਵਿੱਚ ਪਹਿਲਾ ਅਤੇ ਡਿਸਕਸ ਥਰੋਅ ਵਿੱਚ ਤੀਜਾ ਸਥਾਨ ਹਾਸਲ ਕੀਤਾ।
- ਮਹਿਕਪ੍ਰੀਤ ਕੌਰ ਰੰਧਾਵਾ (ਖੇਤੀਬਾੜੀ ਕਾਲਜ) ਨੇ 1500 ਮੀ. ਵਿੱਚ ਪਹਿਲਾ, 800 ਮੀ. ਵਿੱਚ ਦੂਜਾ ਅਤੇ 400 ਮੀ. ਵਿੱਚ ਤੀਜਾ ਸਥਾਨ ਹਾਸਲ ਕੀਤਾ।
- ਪ੍ਰਤਿਸ਼ਠਾ ਵਰਮਾ (ਖੇਤੀਬਾੜੀ ਕਾਲਜ) ਨੇ ਅਥਲੈਟਿਕਸ 100 ਮੀ. ਵਿੱਚ ਦੂਜਾ ਸਥਾਨ ਹਾਸਲ ਕੀਤਾ।
- ਨਾਗਪੁਰ ਵਿਖੇ ਜਨਵਰੀ 30 ਤੋਂ ਫਰਵਰੀ 5, 2016 ਦੌਰਾਨ ਹੋਈ ਯੂਥ ਨੈਸ਼ਨਲ ਵਾਲੀਬਾਲ ਚੈਂਪੀਅਨਸ਼ਿਪ ਵਿੱਚ ਅਮਨਪ੍ਰੀਤ ਸਿੰਘ (ਖੇਤੀਬਾੜੀ ਕਾਲਜ) ਨੇ ਤੀਜਾ ਸਥਾਨ ਹਾਸਲ ਕੀਤਾ।
- ਨਵੀਂ ਦਿੱਲੀ ਵਿਖੇ ਅਕਤੂਬਰ 27-30, 2015 ਨੂੰ ਹੋਈ ਨਾਰਥ ਜ਼ੋਨ ਇੰਟਰ-ਸਟੇਟ ਸੀਨੀਅਰ ਬੈਡਮਿੰਟਨ ਚੈਪੀਅਨਸ਼ਿਪ 2015-16 ਵਿੱਚ ਪੁਨੀਤਇੰਦਰ ਸਿੰਘ ਗਰੇਵਾਲ (ਖੇਤੀਬਾੜੀ ਕਾਲਜ) ਅਤੇ ਹਰਵੀਨ ਕੌਰ (ਹੋਮ ਸਾਇੰਸ ਕਾਲਜ) ਨੇ ਤੀਜਾ ਸਥਾਨ ਹਾਸਲ ਕੀਤਾ। ਦੋਵਾਂ ਵਿਦਿਆਰਥੀਆਂ ਨੇ ਪੰਜਾਬ ਦੀਆਂ ਟੀਮਾਂ ਦੀ ਪ੍ਰਤੀਨਿਧਤਾ ਕੀਤੀ।
- ਸੰਗਰੂਰ ਵਿਖੇ ਸਤੰਬਰ 16-18, 2015 ਨੂੰ ਹੋਏ ਸੀਨੀਅਰ ਪੰਜਾਬ ਸਟੇਟ ਹੈਂਡਬਾਲ ਪੁਰਸ਼ ਅਤੇ ਮਹਿਲਾ ਟੂਰਨਾਮੈਂਟ ਵਿੱਚ ਅਮਨਦੀਪ ਸਿੰਘ (ਖੇਤੀਬਾੜੀ ਕਾਲਜ) ਨੇ ਪਹਿਲਾ ਸਥਾਨ ਹਾਸਲ ਕੀਤਾ।
- ਕਪੂਰਥਲਾ ਵਿਖੇ ਅਕਤੂਬਰ 30 ਤੋਂ ਨਵੰਬਰ 1, 2015 ਨੂੰ ਹੋਈ ਸੀਨੀਅਰ ਸਟੇਟ ਹਾਕੀ ਚੈਂਪੀਅਨਸ਼ਿਪ ਦੌਰਾਨ ਅਰਜੁਨ ਸਿੰਘ (ਖੇਤੀਬਾੜੀ ਕਾਲਜ) ਨੇ ਪਹਿਲਾ ਸਥਾਨ ਹਾਸਲ ਕੀਤਾ।
- ਸੰਗਰੂਰ ਵਿਖੇ ਸਤੰਬਰ 16-18, 2015 ਨੂੰ ਹੋਏ ਸੀਨੀਅਰ ਪੰਜਾਬ ਸਟੇਟ ਹੈਂਡਬਾਲ ਪੁਰਸ਼ ਅਤੇ ਮਹਿਲਾ ਟੂਰਨਾਮੈਂਟ ਦੌਰਾਨ ਪਾਰਸਦੀਪ ਸਿੰਘ (ਖੇਤੀਬਾੜੀ ਕਾਲਜ) ਨੇ ਦੂਜਾ ਸਥਾਨ ਹਾਸਲ ਕੀਤਾ।
- ਸੰਗਰੂਰ ਵਿਖੇ ਅਕਤੂਬਰ 30 ਤੋਂ ਨਵੰਬਰ 1, 2015 ਨੂੰ ਹੋਈ ਸੀਨੀਅਰ ਸਟੇਟ ਹਾਕੀ ਚੈਂਪੀਅਨਸ਼ਿਪ ਦੌਰਾਨ ਜਗਪਾਲ ਸਿੰਘ (ਖੇਤੀਬਾੜੀ ਕਾਲਜ), ਬਰਿੰਦਰਪਾਲ ਸਿੰਘ (ਖੇਤੀਬਾੜੀ ਕਾਲਜ) ਅਤੇ ਮਨਵੀਰ ਸਿੰਘ (ਖੇਤੀਬਾੜੀ ਕਾਲਜ) ਨੇ ਦੂਜਾ ਸਥਾਨ ਹਾਸਲ ਕੀਤਾ।
- ਪੀ ਏ ਪੀ, ਜਲੰਧਰ ਵਿਖੇ ਅਗਸਤ 26-30,2015 ਨੂੰ ਹੋਈ 50ਵੀਂ ਪੰਜਾਬ ਸਟੇਟ ਸ਼ੂਟਿੰਗ ਚੈਂਪੀਅਨਸ਼ਿਪ ਦੌਰਾਨ ਅਦਿਤੀ ਸੇਵਕ (ਹੋਮ ਸਾਇੰਸ ਕਾਲਜ) ਨੇ ਤੀਜਾ ਸਥਾਨ ਹਾਸਲ ਕੀਤਾ।
- ਪਟਿਆਲਾ ਵਿਖੇ ਨਵੰਬਰ 3-6, 2015 ਨੂੰ ਹੋਈ ਸੀਨੀਅਰ ਓਪਨ ਪੰਜਾਬ ਸਟੇਟ ਅਤੇ ਇੰਟਰ ਡਿਸਟ੍ਰਿਕ ਬੈਂਡਮਿੰਟਨ ਚੈਂਪੀਅਨਸ਼ਿਪ (ਪੁਰਸ਼ ਅਤੇ ਮਹਿਲਾ ਵਰਗ) ਦੌਰਾਨ ਪੁਨੀਤਇੰਦਰ ਸਿੰਘ ਗਰੇਵਾਲ (ਖੇਤੀਬਾੜੀ ਕਾਲਜ), ਚੰਨਪ੍ਰੀਤ

ਸਿੰਘ (ਖੇਤੀਬਾੜੀ ਕਾਲਜ), ਗੁਰਅੰਜਨ ਸਿੰਘ (ਖੇਤੀਬਾੜੀ ਇੰਜਨਿਅਰਿੰਗ ਅਤੇ ਤਕਨਾਲੋਜੀ ਕਾਲਜ) ਅਤੇ ਹਰਵੀਨ ਕੌਰ (ਹੋਮ ਸਾਇੰਸ ਕਾਲਜ) ਨੇ ਦੂਜਾ ਸਥਾਨ ਹਾਸਲ ਕੀਤਾ।

## ਰਾਸ਼ਟਰੀ ਸੇਵਾ ਸਕੀਮ ਗਤੀਵਿਧੀਆਂ

- ਪੀ ਏ ਯੂ ਦੇ ਤਿੰਨ ਐਨ ਐਸ ਐਸ ਵਲੰਟੀਅਰਾਂ ਨੂੰ ਸਮਾਜ ਵਿੱਚ ਆਪਣਾ ਯੋਗਦਾਨ ਪਾਉਣ ਸਦਕਾ 'ਸਵਾਮੀ ਵਿਵੇਕਾਨੰਦ ਯੂਥ ਐਵਾਰਡ' ਦਿੱਤਾ ਗਿਆ।
- ਐਨ ਐਸ ਐਸ ਵਲੰਟੀਅਰ ਅਸ਼ੀਸ਼ ਕੁਮਾਰ ਪਾਂਡੇ ਵੱਲੋਂ ਖੇਤੀਬਾੜੀ ਖੇਤਰ ਵਿੱਚ ਸਮਾਜ ਸੇਵਕ ਵਜੋਂ ਯੋਗਦਾਨ ਪਾਉਣ ਸਦਕਾ ਭਾਰਤੀ ਖੇਤੀ ਖੋਜ ਪ੍ਰੀਸ਼ਦ ਅਤੇ ਸਰਵ ਭਾਰਤੀ ਖੇਤੀਬਾੜੀ ਵਿਦਿਆਰਥੀ ਸੰਸਥਾ ਤੋਂ ਰਾਸ਼ਟਰੀ ਐਵਾਰਡ ਪ੍ਰਾਪਤ ਹੋਇਆ ।
- ਅਕਾਦਮਿਕ ਸ਼ੈਸ਼ਨ 2015-16, ਐਨ ਐਸ ਐਸ ਗਤੀਵਿਧੀਆਂ ਅਤੇ ਸਿਸਟਮ ਵਿੱਚ ਆਏ ਬਦਲਾਅ ਦੀ ਗਵਾਹੀ ਭਰਦਾ ਹੈ। ਵਿਦਿਆਰਥੀਆਂ ਵਿੱਚ ਲੀਡਰਸ਼ਿਪ ਅਤੇ ਸੰਚਾਲਨ ਵਰਗੇ ਗੁਣਾ ਨੂੰ ਵਿਕਸਤ ਕਰਨ ਲਈ ਵਿਦਿਆਰਥੀ ਸੰਚਾਲਨ ਕਮੇਟੀ (ਐਸ ਸੀ ਸੀ) ਬਣਾਈ ਗਈ। ਇਸ ਲਈ ਵਲੰਟੀਅਰਾਂ ਨੇ ਆਪਣੇ ਦੋ ਸਾਲ ਦੇ ਐਨ ਐਸ ਐਸ ਕੋਰਸ ਨੂੰ ਪੂਰਾ ਕਰਨ ਤੋਂ ਬਾਅਦ ਵੀ ਆਪਣੀਆਂ ਐਨ ਐਸ ਐਸ ਸੇਵਾਵਾਂ ਨੂੰ ਵਿਸਤਾਰ ਦਿੱਤਾ। ਪ੍ਰੋਗਰਾਮ ਤੋਂ ਪ੍ਰਭਾਵਿਤ ਹੋ ਕੇ, ਲਗਭਗ 50 ਐਨ ਐਸ ਐਸ ਵਲੰਟੀਅਰਾਂ ਨੇ ਜਨਵਰੀ 14-18, 2016 ਨੂੰ ਹੋਏ ਨਾਰਥ ਜ਼ੋਨ ਯੂਥ ਫੈਸਟੀਵਲ (ਗੂੰਜ) ਮੌਕੇ ਪ੍ਰਤਿਭਾਗੀ ਯੂਨੀਵਰਸਿਟੀਆਂ ਦੀ ਅਗਵਾਈ ਕਰਨ ਲਈ ਹੈਲਪ ਡੈਸਕ ਸਟਾਲ ਦਾ ਸੁਚੱਜਾ ਪ੍ਰਬੰਧ ਕੀਤਾ ।
- 'ਕੈਂਪਸ ਸੁੰਦਰਤਾ' ਤੇ ਇੱਕ ਖਾਸ ਸੱਤ ਰੋਜ਼ਾ ਕੈਂਪ ਜਨਵਰੀ 21-27, 2016 ਦੌਰਾਨ ਆਯੋਜਿਤ ਕੀਤਾ ਗਿਆ।
- ਮਹਾਂਰਾਸ਼ਟਰ ਅਕੈਡਮੀ ਆਫ ਇੰਜਨਿਅਰਿੰਗ ਅਤੇ ਐਜੂਕੇਸ਼ਨਲ ਰਿਸਰਚ ਦੇ (ਐਮ ਆਈ ਟੀ) ਕੈਂਪਸ, ਪੂਨੇ ਵਿਖੇ ਜਨਵਰੀ 27-30, 2016 ਨੂੰ ਹੋਈ 6ਵੀਂ ਭਾਰਤੀਯ ਛੱਤਰਾ ਸੰਸਦ ਵਿੱਚ ਯੂਨੀਵਰਸਿਟੀ ਦੇ 7 ਐਨ ਐਸ ਐਸ ਵਲੰਟੀਅਰਾਂ ਨੇ ਭਾਗ ਲਿਆ।
- ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਦਾਇਆਨੰਦ ਮੈਡੀਕਲ ਕਾਲਜ ਅਤੇ ਹਸਪਤਾਲ, ਕ੍ਰਿਸਚਿਅਨ ਮੈਡੀਕਲ ਕਾਲਜ ਅਤੇ ਹਸਪਤਾਲ ਅਤੇ ਰਘੂਨਾਥ ਹਸਪਤਾਲ ਦੇ ਸਾਂਝੇ ਸਹਿਯੋਗ ਸਦਕਾ ਮਾਰਚ 18-19, 2016 ਨੂੰ ਖੂਨ ਦਾਨ ਅਤੇ ਮੁਫਤ ਖੂਨ ਗਰੁੱਪ ਜਾਂਚ ਕੈਂਪ ਲਗਾਇਆ ਗਿਆ। ਖੂਨ ਦੇ 305 ਯੂਨਿਟ ਇੱਕਠੇ ਕੀਤੇ ਗਏ ਅਤੇ 500 ਕਿਸਾਨ ਆਪਣੇ ਖੂਨ ਗਰੁੱਪ ਦੀ ਜਾਂਚ ਕਰਵਾਉਣ ਲਈ ਆਏ। ਸੀ ਐਮ ਸੀ ਅਤੇ ਐਚ ਦੇ ਡਾ. ਅਿਕਜ ਜਿੰਦਲ ਦੀ ਅਗਵਾਈ ਹੇਠ ਇਹ ਕੈਂਪ ਲਗਾਇਆ ਗਿਆ ।
- ਐਨ ਐਸ ਐਸ ਸੈੱਲ ਪੀ ਏ ਯੂ, ਨੈਸ਼ਨਲ ਬਾਇਓਡਾਇਵਰਸਿਟੀ ਅਥਾਰਟੀ ਅਤੇ ਪੰਜਾਬ ਬਾਇਓਡਾਇਵਰਸਿਟੀ ਬੋਰਡ, ਚੰਡੀਗੜ੍ਹ ਦੁਆਰਾ ਸਾਂਝੇ ਤੌਰ ਤੇ ਮਈ 22, 2016 ਨੂੰ 'ਅੰਤਰਰਾਸ਼ਟਰੀ ਬਾਇਓਡਾਇਵਰਸਿਟੀ ਦਿਵਸ' ਮਨਾਇਆ ਗਿਆ। ਇਸ ਮੌਕੇ ਇੱਕ ਤਕਨੀਕੀ ਸ਼ੈਸ਼ਨ ਅਤੇ ਪੋਸਟਰ ਬਣਾਉਣ ਦਾ ਮੁਕਾਬਲਾ ਵੀ ਆਯੋਜਿਤ ਕੀਤਾ ਗਿਆ।
- ਐਨ ਐਸ ਐਸ ਵਲੰਟੀਅਰਾਂ ਨੇ ਇੰਡੀਅਨ ਸੁਸਾਇਟੀ ਆਫ਼ ਜਿਓਮੈਟਿਕਸ ਐਂਡ ਇੰਡੀਅਨ ਇਕੋਲੋਜੀਕਲ ਸੁਸਾਇਟੀ ਦੁਆਰਾ ਪੰਜਾਬ ਰਿਮੋਟ ਸੈਂਸਿਗ ਸੈਂਟਰ, ਲੁਧਿਆਣਾ ਵਿਖੇ ਜੂਨ 5, 2016 ਨੂੰ ਮਨਾਏ ਗਏ 'ਵਿਸ਼ਵ ਵਾਤਾਵਰਣ ਦਿਵਸ'ਵਿੱਚ ਭਾਗ ਲਿਆ।
- ਐਨ ਐਸ ਐਸ ਯੂਨਿਟ ਦੁਆਰਾ ਜੂਨ 21, 2016 ਨੂੰ 'ਅੰਤਰਰਾਸ਼ਟਰੀ ਯੋਗ ਦਿਵਸ' ਮਨਾਇਆ ਗਿਆ।
- ਕਿਸਾਨ ਮੇਲਿਆਂ ਅਤੇ ਸ਼ਹਿਰ ਵਿੱਚ ਰੈਲੀਆਂ ਦੌਰਾਨ ਬੈਨਰਾਂ, ਪੋਸਟਰਾਂ ਅਤੇ ਇਸ਼ਤਿਹਾਰਾਂ ਰਾਹੀ ਪੇਂਡੂ ਅਤੇ ਸ਼ਹਿਰੀ ਲੋਕਾਂ ਨੂੰ ਏਡਜ਼, ਨਸ਼ਾ, ਵਾਤਾਵਰਣ ਸੁਰੱਖਿਆ ਅਤੇ ਬਾਇਓਡਾਇਵਰਸਿਟੀ ਸੁਰੱਖਿਆ ਬਾਰੇ ਜਾਗਰੂਕ ਕੀਤਾ ਗਿਆ। ਭਰੂਣ ਹੱਤਿਆ, ਨਸ਼ਾ, ਚਿੰਤਾ ਆਦਿ ਬਾਰੇ ਵਿਸ਼ੇਸ਼ ਭਾਸ਼ਣ ਆਯੋਜਿਤ ਕੀਤੇ ਗਏ।

## ਸਭਿਆਚਾਰਕ ਗਤੀਵਿਧੀਆਂ

- 15 ਅਗਸਤ 2015 ਅਤੇ 26 ਜਨਵਰੀ 2016 ਨੂੰ ਸੁਤੰਤਰਤਾ ਦਿਵਸ ਅਤੇ ਗਣਤੰਤਰ ਦਿਵਸ ਮਨਾਏ ਗਏ। ਯੂਨੀਵਰਸਿਟੀ ਦੇ ਵਿਦਿਆਰਥੀਆਂ, ਅਧਿਕਾਰੀਆਂ ਅਤੇ ਸਟਾਫ ਨੇ ਇਹਨਾਂ ਸਮਾਗਮਾਂ ਵੱਡੀ ਗਿਣਤੀ ਵਿੱਚ ਭਾਗ ਲਿਆ।
- ਨਵੰਬਰ 27 ਤੋਂ ਦਸੰਬਰ 4, 2015 ਨੂੰ ਪੀ ਏ ਯੂ ਅੰਤਰ-ਕਾਲਜ ਯੁਵਕ ਮੇਲਾ ਆਯੋਜਿਤ ਕੀਤਾ ਗਿਆ। ਪੀ ਏ ਯੂ ਦੇ ਕਾਲਜਾਂ ਅਤੇ ਬਾਹਰਲੇ ਅਦਾਰਿਆਂ ਤੋਂ ਲਗਭਗ 400 ਵਿਦਿਆਰਥੀਆਂ ਨੇ ਸਾਹਿਤਕ, ਸੂਖਮ ਕਲਾਵਾਂ, ਸੰਗੀਤ, ਰੰਗਮੰਚ ਅਤੇ ਨਾਚ ਗਤੀਵਿਧੀਆਂ ਵਿੱਚ ਭਾਗ ਲਿਆ । ਓਵਰ ਆਲ ਟਰਾਫੀ ਖੇਤੀਬਾੜੀ ਕਾਲਜ ਨੇ ਜਿੱਤੀ।
- ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਅਤੇ ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ਼ ਨਵੀਂ ਦਿੱਲੀ ਦੁਆਰਾ ਸਾਂਝੇ ਤੌਰ ਤੇ 31ਵਾਂ ਅੰਤਰ ਯੂਨੀਵਰਸਿਟੀ ਨਾਰਥ ਜ਼ੋਨ ਯੁਵਕ ਮੇਲਾ 2015-16 ਜਨਵਰੀ 14-18, 2016 ਨੂੰ ਆਯੋਜਿਤ ਕੀਤਾ ਗਿਆ। ਉੱਤਰੀ ਭਾਰਤ ਦੀਆਂ 29 ਯੂਨੀਵਰਸਿਟੀਆਂ ਦੇ ਲਗਭਗ 1200 ਵਿਦਿਆਰਥੀਆਂ ਨੇ ਇਸ ਯੁਵਕ ਮੇਲੇ ਵਿੱਚ ਭਾਗ ਲਿਆ।
- 31ਵੇਂ ਅੰਤਰ ਯੂਨੀਵਰਸਿਟੀ ਨਾਰਥ ਜ਼ੋਨ ਯੁਵਕ ਮੇਲੇ 2015-16 ਦੌਰਾਨ ਪੀ ਏ ਯੂ ਦੇ 40 ਵਿਦਿਆਰਥੀਆਂ ਨੇ

ਭਾਗ ਲਿਆ। ਵਿਦਿਆਰਥੀਆਂ ਨੇ ਇੰਸਟਾਲੇਸ਼ਨ ਮੁਕਾਬਲੇ ਵਿੱਚ ਚਾਂਦੀ ਅਤੇ ਭਾਸ਼ਣ, ਕਾਰਟੂਨਿੰਗ, ਰੰਗੋਲੀ ਅਤੇ ਕਲੇਅ ਮਾਡਲਿੰਗ ਮੁਕਾਬਲਿਆਂ ਵਿੱਚ ਕਾਂਸੇ ਦਾ ਤਗਮਾ ਹਾਸਲ ਕੀਤਾ।

- ਪੰਜਾਬ ਆਰਟ ਕੌਂਸਲ, ਚੰਡੀਗੜ੍ਹ ਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਇੰਜਨਿਅਰਿੰਗ ਕਾਲਜ, ਫਤਹਿਗੜ੍ਹ ਸਾਹਿਬ ਵਿਖੇ ਜਨਵਰੀ 21-23, 2016 ਨੂੰ ਕਰਵਾਏ ਗਏ ਪੰਜਾਬ ਰਾਜ ਅੰਤਰ ਯੂਨੀਵਰਸਿਟੀ ਯੁਵਕ ਮੇਲੇ ਵਿੱਚ ਪੀ ਏ ਯੂ ਵਿਦਿਆਰਥੀਆਂ ਨੇ ਭਾਗ ਲਿਆ। ਵਿਦਿਆਰਥੀਆਂ ਨੇ ਔਰਤਾਂ ਦੇ ਰਵਾਇਤੀ ਗਾਣ ਵਿੱਚ ਸੋਨ, ਨਾਹਰਾ ਲੇਖਣ, ਕਾਰਟੂਨਿੰਗ, ਫੋਟੋਗ੍ਰਾਫੀ, ਭਾਸ਼ਣ ਵਿੱਚ ਚਾਂਦੀ ਅਤੇ ਵਨ-ਐਕਟ ਪਲੇਅ (ਇਕਾਂਗੀ), ਮੋਨੋਐਕਟਿੰਗ ਅਤੇ ਗੀਤ ਗਜ਼ਲ ਮੁਕਾਬਲਿਆਂ ਵਿੱਚ ਕਾਂਸੇ ਦਾ ਤਗਮਾ ਜਿੱਤਿਆ ।
- ਪੀ ਏ ਯੂ ਕਾਲਜਾਂ ਤੋਂ 27 ਵਿਦਿਆਰਥੀਆਂ ਨੇ ਭਾਰਤੀ ਖੇਤੀ ਖੋਜ ਪ੍ਰੀਸ਼ਦ ਦੁਆਰਾ 1-4 ਫਰਵਰੀ, 2016 ਨੂੰ ਉੜੀਸਾ ਖੇਤੀਬਾੜੀ ਅਤੇ ਤਕਨਾਲੋਜੀ, ਭੁਵਨੇਸ਼ਵਰ (ਉਡੀਸ਼ਾ) ਵਿਖੇ ਆਯੋਜਿਤ 16ਵੀਂ ਸਰਵ ਭਾਰਤੀ ਅੰਤਰ ਖੇਤੀਬਾੜੀ ਯੂਨੀਵਰਸਿਟੀ ਯੁਵਕ ਮੇਲੇ ਵਿੱਚ ਭਾਗ ਲਿਆ। ਵਿਦਿਆਰਥੀਆਂ ਨੇ ਗਰੁੱਪ ਗੀਤ (ਭਾਰਤੀ) ਵਿੱਚ ਸੋਨ ਤਗਮਾ, ਦੇਸ਼ ਭਗਤੀ ਗਰੁੱਪ ਗੀਤ ਵਿੱਚ ਚਾਂਦੀ ਦਾ ਤਗਮਾ ਅਤੇ ਪੋਸਟਰ ਬਣਾਉਣ ਅਤੇ ਕੁਇਜ਼ ਮੁਕਾਬਲਿਆਂ ਵਿੱਚ ਕਾਂਸੇ ਦਾ ਤਗਮਾ ਜਿੱਤਿਆ ।
- ਪੀ ਏ ਯੂ ਦੀ ਇੰਨਸਟਾਲੇਸ਼ਨ ਟੀਮ ਨੇ ਮੈਸੂਰ ਯੂਨੀਵਰਸਿਟੀ, ਮੈਸੂਰ, ਕਰਨਾਟਕ ਦੁਆਰਾ ਫਰਵਰੀ 15-19, 2016 ਨੂੰ ਕਰਵਾਏ ਗਏ ਅੰਤਰ ਯੂਨੀਵਰਸਿਟੀ ਰਾਸ਼ਟਰੀ ਯੁਵਕ ਮੇਲੇ 2015-16 ਦੌਰਾਨ ਉੱਤਰ ਭਾਰਤ ਦੀ ਪ੍ਰਤਿਨਿਧਤਾ ਕੀਤੀ। ਯੂਨੀਵਰਸਿਟੀ ਦੀ ਟੀਮ ਨੇ ਚਾਂਦੀ ਦਾ ਤਗਮਾ ਜਿੱਤਿਆ।

# ਪਸਾਰ

ਯੂਨੀਵਰਸਿਟੀ ਵੱਲੋਂ ਵਿਕਸਤ ਕੀਤੀਆਂ ਖੇਤੀ ਤਕਨਾਲੋਜੀਆਂ ਨੂੰ ਕਿਸਾਨਾਂ ਦੀਆਂ ਬਰੂਹਾਂ ਤੱਕ ਪਹੁੰਚਾਉਣ ਦਾ ਕਾਰਜ ਪੰਜਾਬ ਦੇ ਵਿਭਿੰਨ ਜ਼ਿਲ੍ਹਾ ਹੈੱਡਕੁਆਟਰਾਂ ਵਿਖੇ ਸਥਿਤ ਇਸ ਦੇ 15 ਫਾਰਮ ਐਡਵਾਇਜ਼ਰੀ ਸਰਵਿਸ ਕੇਂਦਰਾਂ ਅਤੇ 17 ਕ੍ਰਿਸ਼ੀ ਵਿਗਿਆਨ ਕੇਂਦਰਾਂ ਤੋਂ ਇਲਾਵਾ ਵੱਖੋ-ਵੱਖ ਵਿਭਾਗਾਂ, ਖੇਤੀ ਤਕਨਾਲੋਜੀ ਸੂਚਨਾ ਕੇਂਦਰ ਅਤੇ ਮੇਨ ਕੈਂਪਸ ਵਿਖੇ ਸਥਿਤ ਕੈਰੋਂ ਕਿਸਾਨ ਘਰ ਵਿੱਚ ਚੱਲ ਰਹੇ ਅਡਵਾਂਸ ਸੈਂਟਰ ਆਫ਼ ਟ੍ਰੇਨਿੰਗ ਰਾਹੀਂ ਕੀਤੇ ਜਾਂਦੇ ਹਨ। ਇਨ੍ਹਾਂ ਕੇਂਦਰਾਂ ਵੱਲੋਂ ਤਕਨਾਲੋਜੀ ਦਾ ਪਸਾਰ ਵੱਖੋ ਵੱਖ ਪਸਾਰ ਸਾਧਨਾਂ ਜਿਵੇਂ ਕਿ ਕਿਸਾਨ ਮੇਲੇ/ਕਿਸਾਨ ਦਿਵਸ, ਖੇਤ ਦਿਵਸ, ਵਰਕਸ਼ਾਪਾਂ, ਅਨੁਕੂਲਣਸ਼ੀਲ ਖੇਤ ਤਜ਼ਰਬਿਆਂ, ਆਨ ਫਾਰਮ ਤਜ਼ਰਬਿਆਂ, ਪ੍ਰਦਰਸ਼ਨੀਆਂ, ਸਿਖਲਾਈਆਂ (ਥੋੜ੍ਹੇ ਸਮੇਂ ਦੀਆਂ, ਵੋਕੇਸ਼ਨਲ ਅਤੇ ਇਨ-ਸਰਵਿਸ), ਨੁਮਾਇਸ਼ਾਂ, ਕੈਂਪਾਂ, ਤਕਨੀਕੀ ਅਗਵਾਈ, ਟੀ ਵੀ/ਰੇਡੀਓ ਟਾਕਜ਼, ਕਿਸਾਨ ਕਲੱਬ/ਕਮੇਟੀਆਂ ਦੀਆਂ ਮੀਟਿੰਗਾਂ, ਖੇਤੀ-ਪ੍ਰਕਾਸ਼ਨਾਵਾਂ ਅਤੇ ਖੇਤੀ ਸਾਹਿਤ ਦੀ ਵਿਕਰੀ ਰਾਹੀਂ ਕੀਤਾ ਜਾਂਦਾ ਹੈ। ਯੂਨੀਵਰਸਿਟੀ ਵੱਲੋਂ ਕਿਸਾਨਾਂ, ਕਿਸਾਨ ਬੀਬੀਆਂ ਅਤੇ ਪਸਾਰ ਮਾਹਿਰਾਂ ਨੂੰ ਵਿਗਿਆਨਿਕ ਖੇਤੀ ਤਕਨਾਲੋਜੀਆਂ ਅਤੇ ਸਹਾਇਕ ਧੰਦਿਆਂ ਵਿੱਚ ਵੱਖੋ-ਵੱਖ ਸਿਖਲਾਈ ਪ੍ਰੋਗਰਾਮਾਂ ਰਾਹੀਂ ਜਾਣਕਾਰੀ ਦੇਣ ਵਿੱਚ ਵੀ ਅਹਿਮ ਭੂਮਿਕਾ ਨਿਭਾਈ ਜਾਂਦੀ ਹੈ।

## ਕਿਸਾਨ ਮੇਲੇ ਅਤੇ ਖੇਤ ਦਿਵਸ

ਖੇਤੀ ਸੰਬੰਧੀ ਨਵੀਂ ਜਾਣਕਾਰੀ ਨੂੰ ਕਿਸਾਨਾਂ ਤੱਕ ਪਹੁੰਚਾਉਣ ਵਿੱਚ ਕਿਸਾਨ ਮੇਲੇ/ਕਿਸਾਨ ਦਿਵਸ ਅਹਿਮ ਭੂਮਿਕਾ ਨਿਭਾਉਂਦੇ ਹਨ। ਨਵੀਆਂ ਤਕਨਾਲੋਜੀਆਂ ਬਾਰੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਪ੍ਰਦਰਸ਼ਨੀਆਂ, ਨੁਮਾਇਸ਼ਾਂ ਅਤੇ ਤਕਨੀਕੀ ਸੈਸ਼ਨ ਕਰਵਾਏ ਜਾਂਦੇ ਹਨ। ਇਨ੍ਹਾਂ ਮੇਲਿਆਂ/ਦਿਵਸਾਂ ਦੌਰਾਨ ਕਰਵਾਏ ਜਾਂਦੇ ਪ੍ਰਸ਼ਨੋਤਰੀ ਸੈਸ਼ਨਾਂ ਰਾਹੀਂ ਯੂਨੀਵਰਸਿਟੀ ਮਾਹਿਰ ਕਿਸਾਨਾਂ ਦੀਆਂ ਖੇਤੀ ਸੰਬੰਧਤ ਸਮੱਸਿਆਵਾਂ ਦੇ ਸੁਯੋਗ ਹੱਲ ਸੁਝਾਉਂਦੇ ਹਨ। ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਯੂਨੀਵਰਸਿਟੀ ਵੱਲੋਂ 14 ਕਿਸਾਨ ਮੇਲੇ/ਕਿਸਾਨ ਦਿਵਸ ਲਗਾਏ ਗਏ, ਜਿਨ੍ਹਾਂ ਵਿਚੋਂ ਸੱਤ ਕਿਸਾਨ ਮੇਲੇ/ਕਿਸਾਨ ਦਿਵਸ ਸਤੰਬਰ 2015 ਦੌਰਾਨ ਅਤੇ 7 ਕਿਸਾਨ ਮੇਲੇ/ਕਿਸਾਨ ਦਿਵਸ ਮਾਰਚ 2016 ਦੌਰਾਨ ਲੁਧਿਆਣਾ ਦੇ ਮੇਨ ਕੈਂਪਸ, ਖੇਤਰੀ ਖੋਜ ਸਟੇਸ਼ਨ ਬਠਿੰਡਾ, ਆਰ ਆਰ ਐਸ ਗੁਰਦਾਸਪੁਰ, ਆਰ ਆਰ ਐਸ ਫਰੀਦਕੋਟ ਅਤੇ ਆਰ ਆਰ ਐਸ ਬੱਲੋਵਾਲ ਸੌਂਖੜੀ, ਕੇ ਵੀ ਕੇ ਰੌਣੀ (ਪਟਿਆਲਾ) ਅਤੇ ਕੇ ਵੀ ਕੇ ਨਾਗ ਕਲਾਂ (ਅੰਮ੍ਰਿਤਸਰ) ਵਿਖੇ ਲਗਾਏ ਗਏ। ਇਨ੍ਹਾਂ ਮੇਲਿਆਂ/ਦਿਵਸਾਂ ਵਿੱਚ ਪੰਜਾਬ ਅਤੇ ਨਾਲ ਲੱਗਦੇ ਸੂਬਿਆਂ ਵਿਚੋਂ ਵੱਡੀ ਗਿਣਤੀ ਕਿਸਾਨਾਂ ਨੇ ਸ਼ਮੂਲੀਅਤ ਕੀਤੀ। ਇਨ੍ਹਾਂ ਮੇਲਿਆਂ/ਦਿਵਸਾਂ ਵਿੱਚ ਕਿਸਾਨਾਂ ਲਈ ਸੁਧਰੀਆਂ ਕਿਸਮਾਂ, ਉਤਪਾਦਨ ਅਤੇ ਸੁਰੱਖਿਅਤ ਤਕਨਾਲੋਜੀਆਂ, ਮਧੂ-ਮੱਖੀ ਪਾਲਣ, ਖੁੰਭਾਂ ਦੀ ਕਾਸ਼ਤ, ਪੌਸ਼ਟਿਕ ਬਗੀਚੀ, ਸੁਰੱਖਿਅਤ ਕਾਸ਼ਤਕਾਰੀ ਆਦਿ ਉੱਤੇ ਖੇਤ ਪ੍ਰਦਰਸ਼ਨੀਆਂ ਅਤੇ ਨੁਮਾਇਸ਼ਾਂ ਲਗਾਈਆਂ ਗਈਆਂ। ਕਿਸਾਨਾਂ ਨੂੰ ਫ਼ਸਲਾਂ, ਸਬਜ਼ੀਆਂ, ਚਾਰੇ ਦੇ ਸੁਧਰੇ ਬੀਜ, ਫ਼ਲਾਂ ਦੇ ਬੂਟੇ ਅਤੇ ਖੇਤੀ ਸਾਹਿਤ ਵੇਚਿਆ ਗਿਆ। ਇਸ ਤੋਂ ਇਲਾਵਾ ਖਾਦਾਂ, ਕੀਟਨਾਸ਼ਕਾਂ, ਖੇਤੀ ਸੰਦਾਂ ਅਤੇ ਮਸ਼ੀਨਰੀ ਆਦਿ ਉੱਤੇ ਵੀ ਪ੍ਰਦਰਸ਼ਨੀਆਂ ਲਗਾਈਆਂ ਗਈਆਂ।

## ਅਗਾਂਹਵਧੂ ਕਿਸਾਨਾਂ ਨੂੰ ਪੁਰਸਕਾਰ

ਪੀ ਏ ਯੂ ਕਿਸਾਨ ਮੇਲਿਆਂ ਵਿੱਚ ਖੇਤੀਬਾੜੀ, ਬਾਗਬਾਨੀ ਅਤੇ ਸਹਾਇਕ ਧੰਦਿਆਂ ਵਿੱਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਅਗਾਂਹਵਧੂ ਕਿਸਾਨਾਂ ਨੂੰ ਸਨਮਾਨਤ ਵੀ ਕੀਤਾ ਗਿਆ। 25 ਅਤੇ 26 ਸਤੰਬਰ ਦੇ ਕਿਸਾਨ ਮੇਲੇ (ਲੁਧਿਆਣਾ) ਦੌਰਾਨ ਪੰਜਾਬ ਦੇ ਚਾਰ ਅਗਾਂਹਵਧੂ ਕਿਸਾਨਾਂ ਅਤੇ ਇੱਕ ਕਿਸਾਨ ਬੀਬੀ ਨੂੰ ਸਨਮਾਨਿਤ ਕੀਤਾ ਗਿਆ। ਇਹਨਾਂ ਵਿੱਚ ਗੁਰਪ੍ਰੀਤ ਸਿੰਘ ਵਾਸੀ ਪਿੰਡ ਮਹਿਰਾਜ (ਬਠਿੰਡਾ), ਸ. ਜਿੰਦਰ ਸਿੰਘ ਵਾਸੀ ਸੰਧੂਆਂ (ਰੋਪੜ) ਸ. ਗੁਰਦੀਪ ਸਿੰਘ ਵਾਸੀ ਪਿੰਡ ਮਹਿਮਾ ਸਵਾਈ (ਬਠਿੰਡਾ), ਸ. ਹਰਬੰਸ ਸਿੰਘ ਵਾਸੀ ਪਿੰਡ ਤਰਪਾਈ (ਅੰਮ੍ਰਿਤਸਰ) ਅਤੇ ਬੀਬੀ ਸ਼ਹਿਨਾਜ਼ (ਬਠਿੰਡਾ) ਨੂੰ ਕ੍ਰਮਵਾਰ ਸ. ਦਲੀਪ ਸਿੰਘ ਧਾਲੀਵਾਲ ਯਾਦਗਾਰੀ ਐਵਾਰਡ, ਪ੍ਰਵਾਸੀ ਭਾਰਤੀ ਐਵਾਰਡ, ਸ. ਸੁਰਜੀਤ ਸਿੰਘ ਢਿੱਲੋਂ ਯਾਦਗਾਰੀ ਐਵਾਰਡ, ਸ. ਉਜਾਗਰ ਸਿੰਘ ਧਾਲੀਵਾਲ ਯਾਦਗਾਰੀ ਐਵਾਰਡ ਅਤੇ ਸਟੇਟ ਐਵਾਰਡੀ ਸਰਦਾਰਨੀ ਜਗਬੀਰ ਕੌਰ ਗਰੇਵਾਲ ਯਾਦਗਾਰੀ ਉੱਦਮੀ ਕਿਸਾਨ ਔਰਤ ਐਵਾਰਡ ਪ੍ਰਦਾਨ ਕੀਤੇ ਗਏ।

18-19 ਮਾਰਚ, 2016 ਦੇ ਕਿਸਾਨ ਮੇਲੇ (ਲੁਧਿਆਣਾ) ਦੌਰਾਨ ਪੰਜਾਬ ਦੇ 5 ਅਗਾਂਹਵਧੂ ਕਿਸਾਨਾਂ ਨੂੰ ਸਨਮਾਨਿਤ ਕੀਤਾ ਗਿਆ। ਇਨ੍ਹਾਂ ਵਿੱਚੋਂ ਸ. ਸੋਹਣ ਸਿੰਘ ਵਾਸੀ ਪਿੰਡ ਬਿਸ਼ਨਪੁਰਾ (ਸੰਗਰੂਰ) ਅਤੇ ਸ. ਅਵਤਾਰ ਸਿੰਘ ਰਟੋਲ ਵਾਸੀ ਪਿੰਡ ਸਰੋਦ (ਸੰਗਰੂਰ) ਨੂੰ ਕ੍ਰਮਵਾਰ ਖੇਤੀਬਾੜੀ ਅਤੇ ਬਾਗਬਾਨੀ ਵਿੱਚ ਸਰਵਤੋਮਤਾ ਦਿਖਾਉਣ ਕਰਕੇ 'ਮੁੱਖ ਮੰਤਰੀ ਐਵਾਰਡ' ਪ੍ਰਦਾਨ ਕੀਤਾ ਗਿਆ। ਇਨ੍ਹਾਂ ਤੋਂ ਇਲਾਵਾ ਸ. ਗੁਰਮੇਲ ਸਿੰਘ ਵਾਸੀ ਪਿੰਡ ਉੱਚਾ ਗਾਓਂ (ਪਟਿਆਲਾ), ਸ. ਹਰਜੀਤ ਸਿੰਘ ਵਾਸੀ ਪਿੰਡ ਝੀਠਾ ਕਲਾਂ (ਅੰਮ੍ਰਿਤਸਰ) ਅਤੇ ਸ. ਸੁਰਿੰਦਰਪਾਲ ਸਿੰਘ ਵਾਸੀ ਪਿੰਡ ਢੀਂਗਵਾਲੀ (ਅਬੋਹਰ) ਨੂੰ ਕ੍ਰਮਵਾਰ ਪਾਣੀ ਬਚਾਓ ਤਕਨੀਕਾਂ, ਖੇਤ ਮਸ਼ੀਨਰੀ ਦੀ ਵਰਤੋਂ ਕਰਨ ਅਤੇ ਜੈਵਿਕ ਖੇਤੀ ਵਿੱਚ ਸਰਵੋਤਮਤਾ ਹਾਸਲ ਕਰਨ ਵਜੋਂ 'ਸੀ ਆਰ ਆਈ ਪੰਪਸ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ।

## ਖੇਤ ਦਿਵਸ

'ਦੇਖੋ ਅਤੇ ਵਿਸ਼ਵਾਸ਼ ਕਰੋ' ਦੇ ਸਿਧਾਂਤ ਦੇ ਮੱਦੇਨਜ਼ਰ ਕਿਸਾਨਾਂ ਵਿੱਚ ਖੇਤੀ ਸੰਬੰਧਤ ਤਕਨੀਕਾਂ ਅਤੇ ਸਿਫ਼ਾਰਸ਼ਾਂ ਦੀ ਪ੍ਰਸਿੱਧੀ ਲਈ ਯੂਨੀਵਰਸਿਟੀ ਵੱਲੋਂ ਖੇਤ ਦਿਵਸ ਵੀ ਆਯੋਜਿਤ ਕਰਵਾਏ ਗਏ।

ਅਲੱਗ-ਅਲੱਗ ਪਿੰਡਾਂ ਵਿੱਚ ਨਵੀਆਂ ਫ਼ਸਲ ਕਿਸਮਾਂ, ਝੋਨਾ/ ਬਾਸਮਤੀ ਵਿੱਚ ਆਈ ਪੀ ਐਮ, ਝੋਨੇ ਦੀ ਮਸ਼ੀਨੀ ਲੁਆਈ, ਹੈਪੀਸੀਡਰਾਂ ਦੀ ਵਰਤੋਂ, ਪੌਸ਼ਟਿਕ ਬਗੀਚੀ, ਖੁੰਬਾਂ ਦੀ ਕਾਸ਼ਤਕਾਰੀ ਆਦਿ ਨੂੰ ਉਤਸ਼ਾਹਿਤ ਕਰਨ ਸੰਬੰਧੀ ਕੁੱਲ 232 ਖੇਤ ਦਿਵਸ ਆਯੋਜਿਤ ਕੀਤੇ ਗਏ ।

## ਅਨੁਕੂਲਣਸ਼ੀਲ ਖੋਜ ਤਜ਼ਰਬੇ

ਪੀ ਏ ਯੂ ਦੇ ਮਾਹਿਰਾਂ ਵੱਲੋਂ ਵਿਕਸਿਤ ਕੀਤੀਆਂ ਨਵੀਆਂ ਤਕਨਾਲੋਜੀਆਂ ਨੂੰ ਵੱਖੋ-ਵੱਖ ਖੇਤੀ-ਵਾਤਾਵਰਣਕ ਸਥਿਤੀਆਂ ਅਧੀਨ ਪਰਖਣ ਲਈ ਕਿਸਾਨਾਂ ਦੇ ਖੇਤਾਂ ਵਿੱਚ ਅਨੁਕੂਲਣਸ਼ੀਲ ਖੋਜ ਤਜ਼ਰਬੇ ਕੀਤੇ ਗਏ । ਵਿਕਸਿਤ ਕੀਤੀਆਂ ਫ਼ਸਲਾਂ ਦੀਆਂ ਨਵੀਆਂ ਕਿਸਮਾਂ, ਉਤਪਾਦਨ ਅਤੇ ਸੁਰੱਖਿਆ ਤਕਨਾਲੋਜੀਆਂ ਦੀ ਪਰਖ ਕਰਨ ਲਈ ਵੱਖੋ-ਵੱਖ ਸਥਾਨਾਂ ਤੇ 420 ਅਨੁਕੂਲਣਸ਼ੀਲ ਖੋਜ ਤਜ਼ਰਬੇ ਕੀਤੇ ਗਏ । ਇਨ੍ਹਾਂ ਤਜ਼ਰਬਿਆਂ ਦੇ ਅਧਾਰ ਤੇ 93 ਸਿਫ਼ਾਰਸ਼ਾਂ ਕੀਤੀਆਂ ਗਈਆਂ, ਜਿਨ੍ਹਾਂ ਵਿੱਚੋਂ 40 ਸਿਫ਼ਾਰਸ਼ਾਂ ਨਵੀਆਂ ਕਿਸਮਾਂ (12 ਖੇਤ ਫ਼ਸਲਾਂ, 16 ਸਬਜ਼ੀਆਂ ਦੀਆਂ ਫ਼ਸਲਾਂ, 4 ਫ਼ਲ ਦੀਆਂ ਅਤੇ 8 ਫੁੱਲਾਂ ਦੀਆਂ) 33 ਉਤਪਾਦਨ ਤਕਨਾਲੋਜੀਆਂ ਅਤੇ 20 ਸੁਰੱਖਿਆ ਤਕਨਾਲੋਜੀਆਂ ਨਾਲ ਸੰਬੰਧਤ ਸਨ ।

## ਆਨ ਫਾਰਮ ਟ੍ਰਾਇਲਜ਼ (ਓ ਐਫ ਟੀ'ਜ਼)

ਪੀ ਏ ਯੂ ਵੱਲੋਂ ਸਿਫ਼ਾਰਿਸ਼ ਕੀਤੇ ਢੰਗ ਤਰੀਕੇ ਅਤੇ ਕਿਸਾਨਾਂ ਵੱਲੋਂ ਆਪਣੇ ਪੱਧਰ ਤੇ ਅਪਣਾਏ ਜਾਂਦੇ ਢੰਗ ਤਰੀਕਿਆਂ ਦੇ ਨਾਲ ਨਵੀਂ ਤਕਨਾਲੋਜੀ ਨੂੰ ਕਿਸਾਨਾਂ ਦੇ ਖੇਤਾਂ ਵਿੱਚ ਪਰਖਣ ਲਈ ਆਨ ਫਾਰਮ ਤਜ਼ਰਬੇ ਕੀਤੇ ਜਾਂਦੇ ਹਨ । ਕੇ ਵੀ ਕੇ'ਜ਼ ਦੇ ਵਿਗਿਆਨੀਆਂ ਵੱਲੋਂ 144 ਓ ਐੱਫ ਟੀ'ਜ਼ ਕੀਤੇ ਗਏ, ਜਿਨ੍ਹਾਂ ਵਿੱਚੋਂ ਪ੍ਰਮੁੱਖ ਦਾ ਵੇਰਵਾ ਇਸ ਪ੍ਰਕਾਰ ਹੈ :

**ਕਣਕ** : ਬਿਜਾਈ ਦੇ ਵੱਖੋ-ਵੱਖ ਢੰਗ/ਤਰੀਕਿਆਂ ਦੀ ਤੁਲਨਾ, ਭਾਰੀਆਂ ਜ਼ਮੀਨਾਂ ਵਿੱਚ ਹੈਪੀਸੀਡਰ ਨਾਲ ਬੀਜੀ ਕਣਕ ਦੇ ਬੀਜ ਦਰ ਦਾ ਮੁਲਾਂਕਣ, ਜ਼ਿੰਕੇਟਿਡ ਯੂਰੀਆ ਦੇ ਛਿੜਕਾਅ ਨਾਲ ਕਣਕ ਦੇ ਝਾੜ ਅਤੇ ਗੁਣਵੱਤਾ ਉੱਤੇ ਅਸਰ ਅਤੇ ਕਣਕ ਦੇ ਝਾੜ ਉੱਤੇ ਫਾਸਫੋਰਸ ਵਿੱਚ ਘੁਲਣਸ਼ੀਲ ਬੈਕਟੀਰੀਆ ਦਾ ਅਸਰ ।

**ਝੋਨਾ** : ਝੋਨੇ ਦੀ ਮਸ਼ੀਨੀ ਲਵਾਈ ਅਤੇ ਸਿੱਧੀ ਬਿਜਾਈ, ਝੋਨੇ ਵਿੱਚ ਝੂਠੀ ਕਾਂਗਿਆਰੀ ਦੇ ਹਮਲੇ ਉੱਤੇ ਯੂਰੀਆ ਦੇ ਛਿੜਕਾਅ ਲਈ ਸਮੇਂ ਦਾ ਪ੍ਰਭਾਵ, ਤਣੇ ਦੇ ਗੜੂੰਏ ਅਤੇ ਪੱਤਾ ਲਪੇਟ ਸੁੰਡੀ ਦੀ ਰੋਕਥਾਮ ਲਈ ਡਰਸਬਾਨ ਦੇ ਇਵਜ਼ ਵਜੋਂ ਜਾਰੀ ਕੀਤੀ ਨਵੀਂ ਕੀਟਨਾਸ਼ਕ ਫੇਮ ਦੀ ਪਰਖ, ਝੋਨੇ/ਬਾਸਮਤੀ ਵਿੱਚ ਪੌਦਿਆਂ ਦੀ ਸੰਖਿਆ ਨੂੰ ਵਧਾਉਣਾ, ਬਾਸਮਤੀ ਵਿੱਚ ਮੁੱਢ ਦੇ ਗਾਲੇ ਦੀ ਰੋਕਥਾਮ, ਟ੍ਰਾਈਕੋਦਰਮਾ ਨਾਲ ਬਾਸਮਤੀ ਦੇ ਬੀਜ ਨੂੰ ਸੋਧਣਾ ਅਤੇ ਝੋਨੇ ਵਿੱਚ ਪੋਟਾਸ਼ ਦੇ ਛਿੜਕਾਅ ਦਾ ਅਸਰ ।

**ਨਰਮਾ** : ਕਣਕ ਤੋਂ ਬਾਅਦ ਬੀਜੀ ਬੀ ਟੀ ਨਰਮੇ ਦੀ ਫ਼ਸਲ ਲਈ ਫਾਸਫੋਰਸ ਦੀ ਲੋੜ ਦਾ ਨਿਰੀਖਣ ਅਤੇ ਐੱਚ ਐੱਮ ਓ (ਹਾਰਟੀਕਲਚਰ ਮਿਨਰਲ ਆਇਲ) ਰਾਹੀਂ ਨਰਮੇ ਦੀ ਚਿੱਟੀ ਮੱਖੀ ਦੀ ਰੋਕਥਾਮ ।

**ਮੱਕੀ** : ਮੱਕੀ ਦੇ ਗੜੂੰਏ ਦੀ ਰੋਕਥਾਮ ਲਈ ਟ੍ਰਾਈਕੋ-ਕਾਰਡਾਂ ਦੀ ਵਰਤੋਂ ਅਤੇ ਝਾੜ ਉੱਤੇ ਜੈਵਿਕ ਖਾਦਾਂ ਦਾ ਅਸਰ ।

**ਸਬਜ਼ੀਆਂ** : ਪਿਆਜ਼ ਦੇ ਝਾੜ ਅਤੇ ਗੁਣਵੱਤਾ ਉੱਤੇ ਪੋਟਾਸ਼ ਅਤੇ ਸਲਫ਼ਰ ਦਾ ਅਸਰ, ਆਲੂ ਦੇ ਝੁਲਸ ਰੋਗ ਦੀ ਰੋਕਥਾਮ ਲਈ ਲੋੜ ਅਧਾਰਿਤ ਫਫੂੰਦੀਨਾਸ਼ਕਾਂ ਦੀ ਵਰਤੋਂ, ਸਾਉਣੀ ਦੇ ਪਿਆਜ਼ ਦੀ ਕਾਸ਼ਤ ਦੀਆਂ ਵੱਖੋ-ਵੱਖ ਤਕਨੀਕਾਂ, ਅਗੇਤੇ ਬੀਜੇ ਮਟਰਾਂ ਵਿੱਚ ਬੀਜ ਦੀ ਦਰ, ਮਟਰਾਂ ਵਿੱਚ ਨਦੀਨਾਂ ਦੀ ਰੋਕਥਾਮ, ਫੁੱਲਗੋਭੀ ਦੀ ਨਰਸਰੀ ਵਿੱਚ ਨਦੀਨਾਂ ਦੇ ਉੱਗਣ ਤੋਂ ਪਹਿਲਾਂ ਬੂਟੀਨਾਸ਼ਕਾਂ ਦੀ ਵਰਤੋਂ ਅਤੇ ਖਰਬੂਜ਼ੇ ਉੱਤੇ ਪਲਾਸਟਿਕ ਦੀ ਮਲਚ ਵਿਛਾਉਣ ਦਾ ਅਸਰ ।

**ਫ਼ਲ** : ਅਮਰੂਦ ਦੇ ਝਾੜ ਅਤੇ ਗੁਣਵੱਤਾ ਉੱਤੇ ਵੱਖੋ-ਵੱਖ ਢੰਗਾਂ ਨਾਲ ਛੰਗਾਈ ਦਾ ਅਸਰ, ਕਿੰਨੋ ਦੇ ਝਾੜ ਅਤੇ ਗੁਣਵਤਾ ਉੱਤੇ ਪੋਟਾਸ਼ੀਅਮ ਦੇ ਛਿੜਕਾਅ ਦਾ ਅਸਰ, ਕਿੰਨੋ ਵਿੱਚ ਫ਼ਲ ਦੇ ਕੇਰੇ ਦੀ ਰੋਕਥਾਮ, ਅਮਰੂਦ ਦੇ ਫ਼ਲ ਦੀ ਮੱਖੀ ਦੀ ਸੰਯੁਕਤ ਰੋਕਥਾਮ ਅਤੇ ਬਾਗਾਂ ਵਿੱਚ ਵੱਖੋ-ਵੱਖ ਮਲਚ ਦੀ ਸਮੱਗਰੀ ਵਿਛਾਉਣ ਨਾਲ ਫ਼ਲ ਦੇ ਝਾੜ ਅਤੇ ਨਦੀਨਾਂ ਦੇ ਵਿਕਾਸ ਉੱਤੇ ਅਸਰ ।

**ਪਸ਼ੂ ਵਿਗਿਆਨ** : ਕਰਾਸ ਬਰੀਡ ਗਾਵਾਂ ਦੇ ਉਤਪਾਦਨ ਅਤੇ ਜਣਨ ਪ੍ਰਕ੍ਰਿਆ ਦੀ ਉੱਤੇ ਡੀਵਾਰਮਿੰਗ ਅਤੇ ਧਾਤਾਂ ਦੇ ਮਿਸ਼ਰਣ ਵਾਲੀ ਖੁਰਾਕ ਦਾ ਅਸਰ, ਡੇਅਰੀ ਪਸ਼ੂਆਂ ਵਿੱਚ ਲੇਵੇ ਦੀ ਸੋਜ਼ ਦੀ ਰੋਕਥਾਮ, ਡੇਅਰੀ ਜਾਨਵਰਾਂ ਦਾ ਦੁੱਧ ਚੋਣ ਅਤੇ ਮੱਝਾਂ ਦੇ ਕੀਟਾਣੂੰਆਂ ਦੀ ਰੋਕਥਾਮ ਲਈ ਅਪਣਾਏ ਜਾਂਦੇ ਢੰਗ ਤਰੀਕਿਆਂ ਦਾ ਨਿਰੀਖਣ ।

## ਪ੍ਰਦਰਸ਼ਨੀਆਂ

ਪੀ ਏ ਯੂ ਵੱਲੋਂ ਵਿਕਸਿਤ ਕੀਤੀਆਂ ਫ਼ਸਲ ਉਤਪਾਦਨ, ਸੁਰੱਖਿਆ ਅਤੇ ਹੋਰ ਖੇਤੀ ਤਕਨਾਲੋਜੀਆਂ ਨੂੰ ਹੁਲਾਰਾ ਦੇਣ ਲਈ ਕਿਸਾਨਾਂ ਦੇ ਖੇਤਾਂ ਅਤੇ ਕੇ ਵੀ ਕੇ'ਜ਼ ਦੇ ਫਾਰਮਾਂ ਤੇ ਪ੍ਰਦਰਸ਼ਨੀਆਂ ਲਗਾਈਆਂ ਜਾਂਦੀਆਂ ਹਨ । ਸਾਰੇ ਕੇ ਵੀ ਕੇ'ਜ਼ ਵੱਲੋਂ ਤੇਲ ਬੀਜ ਫ਼ਸਲਾਂ (ਮੂੰਗਫਲੀ, ਸਰ੍ਹੋਂ, ਗੋਭੀ ਸਰ੍ਹੋਂ, ਤੋਰੀਆ, ਰਾਇਆ ਅਤੇ ਸੂਰਜਮੁਖੀ), ਦਾਲਾਂ (ਗਰਮ ਰੁੱਤ ਦੀ ਮੂੰਗੀ, ਸਾਉਣੀ ਦੀ ਮੂੰਗੀ, ਮਾਂਹ, ਸੋਇਆਬੀਨ, ਛੋਲੇ ਅਤੇ ਮਸਰ), ਚਾਵਲ, ਬਾਸਮਤੀ, ਨਰਮਾ (ਅਮਰੀਕਨ, ਦੇਸੀ, ਬੀ ਟੀ ਅਤੇ ਬੀ ਟੀ ਰਹਿਤ ਕਿਸਮਾਂ), ਮੱਕੀ ਅਤੇ ਮੱਕਚਰ੍ਹੀ ਦੀਆਂ 2356 ਫਰੰਟ ਲਾਈਨ ਪ੍ਰਦਰਸ਼ਨੀਆਂ ਲਗਾਈਆਂ ਗਈਆਂ ।

ਝੋਨੇ ਵਿੱਚ ਪੱਤਾ ਰੰਗ ਚਾਰਟ ਦੀ ਵਰਤੋਂ ਕਰਦਿਆਂ ਨਾਈਟ੍ਰੋਜਨ ਦੀ ਵਰਤੋਂ, ਬਾਸਮਤੀ ਵਿੱਚ ਮੁੱਢ ਦੇ ਗਾਲੇ ਦੀ ਰੋਕਥਾਮ, ਸਿੱਧੇ ਬੀਜੇ ਝੋਨੇ ਵਿੱਚ ਨਦੀਨਾਂ ਦੀ ਰੋਕਥਾਮ, ਮੱਕੀ ਵਿੱਚ ਨਦੀਨਾਂ ਦੀ ਰੋਕਥਾਮ, ਝੋਨੇ ਅਤੇ ਬਾਸਮਤੀ ਵਿੱਚ ਤਣੇ ਦੇ ਗੜੂੰਏ/ਪੱਤਾ ਲਪੇਟ ਸੁੰਡੀ ਦੀ ਰੋਕਥਾਮ, ਝੋਨੇ ਅਤੇ ਬਾਸਮਤੀ ਦੀ ਬਿਜਾਈ ਤੋਂ ਪਹਿਲਾਂ ਹਰੀ ਖਾਦ ਪਾਉਣੀ, ਪੈਡੀ ਟਰਾਂਸਪਲਾਂਟਰ ਦੀ ਵਰਤੋਂ, ਟ੍ਰਾਈਕੋਦਰਮਾ ਹੈਰਜ਼ੀਏਨਮ ਰਾਹੀਂ ਮੱਕੀ ਦੇ ਗੜੂੰਏ ਦੀ ਰੋਕਥਾਮ, ਭੂਮੀ ਪਰਖ ਅਧਾਰ ਤੇ ਖਾਦਾਂ ਦੀ ਵਰਤੋਂ, ਤੋਰੀਏ ਅਤੇ ਗੋਭੀ ਸਰ੍ਹੋਂ ਦੀ ਸਾਂਝੀ ਖੇਤੀ, ਕਣਕ ਵਿੱਚ ਜੈਵਿਕ ਖਾਦਾਂ ਦੀ ਵਰਤੋਂ ਅਤੇ ਮੈਂਗੇਨੀਜ਼ ਦੀ

ਘਾਟ ਨੂੰ ਪੂਰਨ ਲਈ ਵੀ ਫਰੰਟ ਲਾਈਨ ਪ੍ਰਦਰਸ਼ਨੀਆਂ ਲਗਾਈਆਂ ਗਈਆਂ ।

ਇਨ੍ਹਾਂ ਤੋਂ ਇਲਾਵਾ ਗਰਮੀਆਂ ਅਤੇ ਸਰਦੀਆਂ ਦੀਆਂ ਸਬਜ਼ੀਆਂ ਦੀ ਪੌਸ਼ਟਿਕਤਾ ਭਰਪੂਰ ਬਗੀਚੀ, ਹਲਦੀ ਦੀ ਕਾਸ਼ਤ, ਸਬਜ਼ੀਆਂ ਦੀਆਂ ਫ਼ਸਲਾਂ ਲਈ ਲੋਅ ਟਨਲ (ਨੀਵੀਂ ਸੁਰੰਗ) ਤਕਨਾਲੋਜੀ, ਗਰਮੀਆਂ ਵਿੱਚ ਬਾਗਾਂ ਦੀ ਸੁਰੱਖਿਆ, ਸਾਉਣੀ ਦੇ ਪਿਆਜ਼ ਉਤਪਾਦਨ ਲਈ ਬੱਲਬ ਸੈੱਟ ਕਰਨ ਦੀ ਤਕਨੀਕ, ਵਰਖਾ ਰੁੱਤ ਵਿੱਚ ਟਮਾਟਰਾਂ ਅਤੇ ਬਰੋਕਲੀ ਦੀ ਕਾਸ਼ਤ ਅਤੇ ਨਿੰਬੂ ਜਾਤੀ ਦੇ ਮੁੱਢ ਦੇ ਗਾਲੇ ਦੀ ਫਫੂੰਦੀਨਾਸ਼ਕਾਂ ਰਾਹੀਂ ਰੋਕਥਾਮ ਬਾਰੇ ਵੀ ਪ੍ਰਦਰਸ਼ਨੀਆਂ ਲਗਾਈਆਂ ਗਈਆਂ ।

ਇਨ੍ਹਾਂ ਦੇ ਨਾਲ-ਨਾਲ ਪਰਾਲੀ ਦੀ ਸਾਂਭ-ਸੰਭਾਲ ਲਈ ਵੱਖੋ-ਵੱਖ ਤਰ੍ਹਾਂ ਦੀ ਮਸ਼ੀਨਰੀ ਜਿਵੇਂ ਕਿ ਹੈਪੀਸੀਡਰ, ਸਟ੍ਰਾਅ ਚੌਪਰ-ਕਮ-ਸਪਰੈਡਰ, ਲੂਜ਼ ਸਟ੍ਰਾਅ ਚੌਪਰ, ਬਿਨਾਂ ਵਹਾਈ ਖੇਤੀ ਉੱਤੇ ਵੀ ਕਈ ਪ੍ਰਦਰਸ਼ਨੀਆਂ ਕਿਸਾਨਾਂ ਦੇ ਖੇਤਾਂ ਅਤੇ ਪੀ ਏ ਯੂ/ਕੇ ਵੀ ਕੇ'ਜ਼ ਦੇ ਫਾਰਮਾਂ ਤੇ ਲਗਾਈਆਂ ਗਈਆਂ । ਪਰਾਲੀ ਦੀ ਸਾਂਭ-ਸੰਭਾਲ ਵਾਲੀਆਂ ਮਸ਼ੀਨਾਂ ਨੂੰ ਪੀ ਏ ਯੂ ਲੁਧਿਆਣਾ ਵਿਖੇ ਸਤੰਬਰ 2015 ਅਤੇ ਮਾਰਚ 2016 ਨੂੰ ਲਗਾਏ ਦੋ ਰੋਜ਼ਾ ਕਿਸਾਨ ਮੇਲਿਆਂ ਦੌਰਾਨ ਵੀ ਪ੍ਰਦਰਸ਼ਿਤ ਕੀਤਾ ਗਿਆ ।

ਭੂਮੀ ਅਤੇ ਪਾਣੀ ਦੇ ਨਮੂਨੇ ਭਰਨ ਦੀਆਂ ਵਿਧੀਆਂ, ਪੱਤਾ ਰੰਗ ਚਾਰਟ ਅਤੇ ਟੈਂਸ਼ੀਓਮੀਟਰ ਦੀ ਵਰਤੋਂ, ਬੀਜ ਸੋਧ, ਬਰਸੀਮ/ਛੋਲੇ/ਮਸਰਾਂ ਵਿੱਚ ਰਹੀਜ਼ੋਬੀਅਮ ਇਨੋਕੁਲੇਸ਼ਨ, ਸਬਜ਼ੀਆਂ ਦੀ ਨਰਸਰੀ ਲਾਉਣੀ, ਮਧੂ ਮੱਖੀ ਪਾਲਣ, ਖੁੰਬਾਂ ਦੀ ਕਾਸ਼ਤ ਅਤੇ ਗ੍ਰਹਿ ਪ੍ਰਬੰਧ ਅਤੇ ਭੋਜਨ ਪਕਾਉਣ ਦੇ ਵੱਖੋ-ਵੱਖ ਢੰਗਾਂ ਉੱਤੇ ਵੀ ਕੁੱਲ 955 ਪ੍ਰਦਰਸ਼ਨੀਆਂ ਲਗਾਈਆਂ ਗਈਆਂ ।

## ਸਿਖਲਾਈਆਂ ਅਤੇ ਨੁਮਾਇਸ਼ਾਂ

ਕੇ ਵੀ ਕੇ'ਜ਼ ਪੀ ਏ ਯੂ ਕੈਂਪਸ ਵਿਖੇ ਸਥਿਤ ਐਡਵਾਂਸਡ ਸੈਂਟਰ ਆਫ਼ ਟ੍ਰੇਨਿੰਗ ਵੱਲੋਂ ਕਿਸਾਨਾਂ, ਕਿਸਾਨ ਬੀਬੀਆਂ ਅਤੇ ਪਸਾਰ ਮਾਹਿਰਾਂ ਦੇ 1511 ਸਿਖਲਾਈ ਪ੍ਰੋਗਰਾਮ (1074 ਥੋੜ੍ਹੇ ਸਮੇਂ ਵਾਲੇ, 246 ਵੋਕੇਸ਼ਨਲ, 130 ਇਨ-ਸਰਵਿਸ ਅਤੇ 61 ਵਿੱਤੀ ਸਹਾਇਤਾ ਪ੍ਰਾਪਤ) ਲਗਾਏ ਗਏ ਤਾਂ ਜੋ ਖੇਤੀ ਉਤਪਾਦਨ ਅਤੇ ਆਰਥਿਕ ਮੁਨਾਫ਼ਾ ਵਧਾਉਣ ਲਈ ਉਨ੍ਹਾਂ ਦੀ ਜਾਣਕਾਰੀ ਨੂੰ ਵਧਾਇਆ ਜਾ ਸਕੇ। ਬੀਜ ਉਤਪਾਦਨ, ਸਬਜ਼ੀਆਂ ਦੀ ਸੁਰਖਿਅਕ ਕਾਸ਼ਤਕਾਰੀ, ਖੇਤੀ ਉਤਪਾਦਾਂ ਦੀ ਗੁਣਵਤਾ ਵਧਾਉਣੀ, ਸੂਖਮ ਖੇਤੀ, ਖੁੰਬਾਂ ਦੀ ਕਾਸ਼ਤ, ਮਧੂ ਮੱਖੀ ਪਾਲਣ, ਮੁਰਗੀ ਪਾਲਣ, ਡੇਅਰੀ ਪਾਲਣ, ਟਾਈ ਅਤੇ ਡਾਈ, ਸਿਲਾਈ ਅਤੇ ਕਢਾਈ, ਅਚਾਰ/ਮੁਰੱਬਾ/ਕੈਚਅਪ ਅਤੇ ਰਸੋਈ ਸੰਬੰਧਤ ਹੋਰ ਵਸਤਾਂ ਤਿਆਰ ਕਰਨ ਉੱਤੇ ਵੀ ਵੋਕੇਸ਼ਨਲ ਸਿਖਲਾਈਆਂ ਲਾਈਆਂ ਗਈਆਂ । ਇਨ੍ਹਾਂ ਸਿਖਲਾਈ ਪ੍ਰੋਗਰਾਮਾਂ ਵਿੱਚ 19907 ਕਿਸਾਨਾਂ, 8495 ਕਿਸਾਨ ਬੀਬੀਆਂ ਅਤੇ 1997 ਪਸਾਰ ਮਾਹਿਰਾਂ ਨੇ ਸ਼ਮੂਲੀਅਤ ਕੀਤੀ ।

ਯੂਨੀਵਰਸਿਟੀ ਦੇ ਪਸਾਰ ਮਾਹਿਰਾਂ ਨੇ ਵੱਖੋ-ਵੱਖ ਵਿਭਾਗਾਂ (ਖੇਤੀਬਾੜੀ, ਬਾਗਬਾਨੀ, ਭੂਮੀ ਦੀ ਸਾਂਭ-ਸੰਭਾਲ, ਇਫ਼ਕੋ, ਕਰਿਭਕੋ ਆਦਿ) ਵੱਲੋਂ ਲਗਾਏ 757 ਕਿਸਾਨ ਸਿਖਲਾਈ ਕੈਂਪਾਂ ਵਿੱਚ ਵਿਸ਼ਾ ਮਾਹਿਰਾਂ ਵਜੋਂ ਵੀ ਸ਼ਮੂਲੀਅਤ ਕੀਤੀ ।

### ਨੁਮਾਇਸ਼ਾਂ

ਯੂਨੀਵਰਸਿਟੀ ਵੱਲੋਂ ਵਿਕਸਿਤ ਕੀਤੀਆਂ ਨਵੀਆਂ/ਸੋਧੀਆਂ ਤਕਨਾਲੋਜੀਆਂ ਅਤੇ ਸਿਫ਼ਾਰਸ਼ਾਂ ਪ੍ਰਤੀ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਕਿਸਾਨ ਮੇਲਿਆਂ, ਜ਼ਿਲਾ ਪੱਧਰੀ ਸਿਖਲਾਈ ਕੈਂਪਾਂ, ਖੇਤ ਦਿਵਸਾਂ, ਵਿਗਿਆਨਿਕ ਸਲਾਹ ਮਸ਼ਵਰਾ ਕਮੇਟੀ ਮੀਟਿੰਗਾਂ, ਤਕਨਾਲੋਜੀ ਹਫ਼ਤਾ ਸਮਾਰੋਹਾਂ, ਵਿਸ਼ੇਸ਼ ਦਿਵਸਾਂ ਆਦਿ ਦੌਰਾਨ ਨੁਮਾਇਸ਼ਾਂ ਵੀ ਲਗਾਈਆਂ ਜਾਂਦੀਆਂ ਹਨ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਵੱਖੋ-ਵੱਖ ਖੇਤ ਅਤੇ ਬਾਗਬਾਨੀ ਫ਼ਸਲਾਂ ਦੀਆਂ ਨਵੀਆਂ ਵਿਕਸਿਤ ਕੀਤੀਆਂ ਕਿਸਮਾਂ/ਹਾਈਬ੍ਰਿਡਜ਼, ਪੋਸ਼ਿਟਕਤਾ ਪ੍ਰਬੰਧਣ ਦੀਆਂ ਪ੍ਰੈਕਟਸਿਸ, ਸੰਯੁਕਤ ਕੀਟ ਪ੍ਰਬੰਧਣ ਪ੍ਰੈਕਟਸਿਸ ਅਤੇ ਹੋਰ ਪੌਦ ਸੁਰੱਖਿਆ ਤਕਨਾਲੋਜੀਆਂ, ਫ਼ਸਲ ਉਤਪਾਦਨ ਦੀਆਂ ਸੁਧਰੀਆਂ ਤਕਨਾਲੋਜੀਆਂ ਆਦਿ ਬਾਰੇ ਜਾਣਕਾਰੀ ਨੂੰ ਮਾਡਲਾਂ ਅਤੇ ਚਾਰਟਾਂ ਰਾਹੀਂ ਪ੍ਰਸਾਰਿਤ ਕੀਤਾ ਗਿਆ । ਇਨ੍ਹਾਂ ਤੋਂ ਇਲਾਵਾ ਸੰਯੁਕਤ ਖੇਤੀ ਸਿਸਟਮ, ਤੁਪਕਾ ਸਿੰਚਾਈ, ਵਰਮੀ-ਕੰਪੋਸਟ ਅਤੇ ਘਰੇਲੂ ਬਗੀਚੀ ਦੇ ਮਾਡਲ ਵੀ ਪ੍ਰਦਰਸ਼ਿਤ ਕੀਤੇ ਗਏ। ਐਗਰੋ-ਪ੍ਰੋਸੈਸਿੰਗ ਅਤੇ ਖੇਤੀ ਵਿੱਚ ਗੁਣਵਤਾ ਵਧਾਉਣ ਲਈ ਕੇ ਵੀ ਕੇ'ਜ਼ ਵੱਲੋਂ ਸਿਖਲਾਈ ਹਾਸਲ ਕਰ ਚੁੱਕੇ ਕਿਸਾਨਾਂ/ਕਿਸਾਨ ਬੀਬੀਆਂ ਅਤੇ ਸੈਲਫ਼ ਹੈਲਪ ਗਰੁੱਪਾਂ ਵੱਲੋਂ ਤਿਆਰ ਕੀਤੇ ਉਤਪਾਦਾਂ ਦੀ ਵਿਕਰੀ ਰਾਹੀਂ ਉਤਸ਼ਾਹਿਤ ਕੀਤਾ ਗਿਆ ।

## ਸਕਿੱਲ ਡਿਵੈਲਪਮੈਂਟ (ਨਿਪੁੰਨਤਾ ਵਧਾਉਣ ਵਾਲੇ) ਕੋਰਸ

ਖੇਤੀਬਾੜੀ ਵਿੱਚ ਸਕਿੱਲ ਡਿਵੈਲਪਮੈਂਟ (ਨਿਪੁੰਨਤਾ ਵਧਾਉਣ ਵਾਲਾ) ਸੈਂਟਰ, ਪੀ ਏ ਯੂ ਲੁਧਿਆਣਾ ਵਿਖੇ ਅਤੇ ਫੂਡ ਇੰਡਸਟ੍ਰੀ ਟ੍ਰੇਨਿੰਗ-ਕਮ-ਬਿਜ਼ਨੈੱਸ ਇਨਕੁਬੇਸ਼ਨ ਸੈਂਟਰ, ਖੇਤਰੀ ਖੋਜ ਸਟੇਸ਼ਨ, ਬਠਿੰਡਾ ਵਿਖੇ ਸਥਾਪਿਤ ਕੀਤਾ ਗਿਆ । ਫੂਡ ਪ੍ਰੋਸੈਸਿੰਗ ਵਿੱਚ ਨਿਪੁੰਨਤਾ ਵਧਾਉਣ ਵਾਲੇ ਕੋਰਸ ਦੋਹਾਂ ਕੇਂਦਰਾਂ ਵਿੱਚ ਨਿਰੰਤਰ ਚਲਾਏ ਜਾ ਰਹੇ ਹਨ । ਪੀ ਏ ਯੂ ਸੈਂਟਰ ਨੇ ਬੇਕਿੰਗ ਟੈਕਨੀਸ਼ਨਾਂ, ਕਰਾਫ਼ਟ ਬੇਕਰਜ਼ ਅਤੇ ਟਰੈਕਟਰ ਓਪਰੇਟਰਾਂ ਲਈ ਸੱਤ ਸਿਖਲਾਈ ਕੋਰਸ ਲਗਾਏ, ਜਿਨ੍ਹਾਂ ਵਿੱਚ 144 ਸਿਖਿਆਰਥੀਆਂ ਨੇ ਸ਼ਿਰਕਤ ਕੀਤੀ । ਫੂਡ ਇੰਡਸਟ੍ਰੀ ਟ੍ਰੇਨਿੰਗ-ਕਮ-ਇਨਕੁਬੇਸ਼ਨ ਸੈਂਟਰ, ਆਰ ਆਰ ਐਸ ਬਠਿੰਡਾ ਵੱਲੋਂ 29 ਨਿਪੁੰਨਤਾ ਵਧਾਉਣ ਵਾਲੇ ਕੋਰਸ ਲਗਾਏ ਗਏ, ਜਿਨ੍ਹਾਂ ਵਿੱਚ 686 ਕਿਸਾਨਾਂ ਅਤੇ ਕਿਸਾਨ ਬੀਬੀਆਂ ਨੇ ਸ਼ਿਰਕਤ ਕੀਤੀ । ਇਸ ਤੋਂ ਇਲਾਵਾ 'ਹਾਰਟੀਕਲਚਰ, ਸੁਪਰਵਾਈਜ਼ਰ ਟ੍ਰੇਨਿੰਗ ਕੋਰਸ' ਪੀ ਏ ਯੂ ਲੁਧਿਆਣਾ ਅਤੇ ਕੇ ਵੀ ਕੇ ਬਠਿੰਡਾ ਅਤੇ ਗੁਰਦਾਸਪੁਰ ਵਿਖੇ ਲਗਾਏ ਗਏ, ਜਿਨ੍ਹਾਂ ਵਿੱਚ 52 ਸਿਖਿਆਰਥੀਆਂ ਨੇ ਸ਼ਿਰਕਤ ਕੀਤੀ । ਇਸੇ ਤਰ੍ਹਾਂ ਬਠਿੰਡਾ ਅਤੇ ਗੁਰਦਾਸਪੁਰ ਦੇ ਕੇ ਵੀ ਕੇ'ਜ਼ ਵੱਲੋਂ 'ਗਾਰਡਨਰ ਟ੍ਰੇਨਿੰਗ ਕੋਰਸ' ਲਗਾਏ ਗਏ, ਜਿਨ੍ਹਾਂ ਵਿੱਚ 53 ਸਿਖਿਆਰਥੀਆਂ ਨੇ ਹਿੱਸਾ ਲਿਆ। ਯੂਨੀਵਰਸਿਟੀ ਵੱਲੋਂ ਸੂਖਮ ਖੇਤੀ ਉੱਤੇ ਸਕਿੱਲ ਟ੍ਰੇਨਿੰਗ ਕੋਰਸ (14 ਗਰੁੱਪਾਂ ਜਿਨ੍ਹਾਂ ਵਿੱਚੋਂ ਹਰੇਕ ਵਿੱਚ 40 ਸਿਖਿਆਰਥੀ ਸ਼ਾਮਲ ਸਨ) ਲਗਾਏ ਗਏ, ਜਿਨ੍ਹਾਂ ਦਾ ਮਨੋਰਥ ਸਿਖਿਆਰਥੀਆਂ ਨੂੰ ਡਰਿੱਪ ਫਰਟੀਗੇਸ਼ਨ ਅਤੇ ਸੁਰੱਖਿਅਤ ਕਾਸ਼ਤਕਾਰੀ ਤੇ ਸਿਖਲਾਈ ਮੁਹੱਈਆ ਕਰਨਾ ਸੀ ।

## ਕਾਰਜਸ਼ਾਲਾਵਾਂ (ਵਰਕਸ਼ਾਪਜ਼)

ਪੀ ਏ ਯੂ ਵੱਲੋਂ ਨਿਰੰਤਰ ਕਾਰਜਸ਼ਾਲਾਵਾਂ ਲਗਾਈਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚ ਯੂਨੀਵਰਸਿਟੀ ਦੇ ਵਿਗਿਆਨੀ ਅਤੇ ਪਸਾਰ ਮਾਹਿਰ, ਵਿਕਸਿਤ ਕੀਤੀਆਂ ਅਤਿ ਆਧੁਨਿਕ ਤਕਨਾਲੋਜੀਆਂ ਦੇ ਸਿੱਟਿਆਂ ਬਾਰੇ ਵਿਚਾਰ ਵਟਾਂਦਰਾ ਕਰਦੇ ਹਨ ਤਾਂ ਜੋ ਕਿਸਾਨਾਂ ਲਈ ਫ਼ਸਲਾਂ ਦੀਆਂ ਸਿਫ਼ਾਰਸ਼ਾਂ ਨੂੰ ਅੰਤਿਮ ਰੂਪ ਦਿੱਤਾ ਜਾ ਸਕੇ। ਪਸਾਰ ਮਾਹਿਰ, ਕਿਸਾਨਾਂ ਵੱਲੋਂ ਮਿਲਣ ਵਾਲੇ ਫੀਡਬੈਕ ਨੂੰ ਵਿਗਿਆਨੀਆਂ ਨਾਲ ਸਾਂਝਾ ਕਰਦੇ ਹਨ ਤਾਂ ਜੋ ਖੇਤੀ ਨੂੰ ਦਰਪੇਸ਼ ਚੁਣੌਤੀਆਂ ਬਾਰੇ ਜਾਣਨ ਉਪਰੰਤ ਉਨ੍ਹਾਂ ਦੇ ਸੁਯੋਗ ਹੱਲ ਕੱਢੇ ਜਾ ਸਕਣ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਪੰਜ ਕਾਰਜਸ਼ਾਲਾਵਾਂ ਲਗਾਈਆਂ ਗਈਆਂ, ਜਿਨ੍ਹਾਂ ਵਿੱਚੋਂ ਹਾੜ੍ਹੀ ਦੀਆਂ ਫ਼ਸਲਾਂ ਉੱਤੇ ਖੋਜ ਅਤੇ ਪਸਾਰ ਮਾਹਿਰਾਂ ਦੀ ਵਰਕਸ਼ਾਪ (27-28 ਅਗਸਤ, 2015), ਫ਼ਲਾਂ, ਖੁੰਭਾਂ, ਵਣ-ਖੇਤੀ, ਕਟਾਈ ਉਪਰੰਤ ਪ੍ਰਬੰਧਨ, ਫੂਡ ਤਕਨਾਲੋਜੀ ਅਤੇ ਅਰਥਚਾਰਾ (20-21 ਜਨਵਰੀ, 2016); ਸਾਉਣੀ ਦੀਆਂ ਫ਼ਸਲਾਂ (24-25 ਫਰਵਰੀ, 2016); ਸਬਜ਼ੀਆਂ, ਫਲੋਰੀਕਲਚਰ ਅਤੇ ਸੇਰੀਕਲਚਰ, ਫਾਰਮ ਪਾਵਰ ਮਸ਼ੀਨਰੀ, ਫੂਡ ਤਕਨਾਲੋਜੀ ਅਤੇ ਖੇਤੀ ਅਰਥਚਾਰਾ (30-31 ਮਈ, 2016) ਅਤੇ ਕੇ ਵੀ ਕੇ'ਜ਼ ਲਈ ਇੱਕ ਰਾਜ ਪੱਧਰੀ ਸਿਖਲਾਈ ਅਤੇ ਯੋਜਨਾਬੰਦੀ ਵਰਕਸ਼ਾਪ (3 ਮਾਰਚ, 2016) ਕਰਵਾਈ ਗਈ। ਇਨ੍ਹਾਂ ਵਰਕਸ਼ਾਪਾਂ ਵਿੱਚ ਰਾਜ ਦੇ ਖੇਤੀਬਾੜੀ ਅਤੇ ਬਾਗਬਾਨੀ ਵਿਭਾਗਾਂ ਦੇ 1851 ਵਿਗਿਆਨੀਆਂ ਅਤੇ ਪਸਾਰ ਮਾਹਿਰਾਂ ਨੇ ਸ਼ਮੂਲੀਅਤ ਕੀਤੀ ।

## ਕਿਸਾਨਾਂ ਦੀਆਂ ਜੱਥੇਬੰਦੀਆਂ

ਪੀ ਏ ਯੂ ਵੱਲੋਂ ਕਿਸਾਨਾਂ ਦੀਆਂ ਵੱਖੋ-ਵੱਖ ਜਥੇਬੰਦੀਆਂ ਦੀਆਂ ਮੀਟਿੰਗਾਂ ਕਰਵਾਈਆਂ ਜਾਂਦੀਆਂ ਹਨ ਤਾਂ ਜੋ ਵੱਖੋ-ਵੱਖ ਖੇਤਰਾਂ ਵਿੱਚ ਮਾਹਿਰਾਂ ਵੱਲੋਂ ਕੀਤੀ ਖੋਜ ਉਨ੍ਹਾਂ ਨਾਲ ਸਾਂਝੀ ਕੀਤੀ ਜਾ ਸਕੇ। ਪੀ ਏ ਯੂ ਕਿਸਾਨ ਕਲੱਬ ਦੇ ਮੈਂਬਰਾਂ ਦੇ ਦਸ ਮਹੀਨਾਵਾਰ ਸਿਖਲਾਈ ਕੈਂਪ ਲਗਾਏ ਗਏ, ਜਿਨ੍ਹਾਂ ਵਿੱਚ 5955 ਕਿਸਾਨਾਂ ਅਤੇ 562 ਕਿਸਾਨ ਬੀਬੀਆਂ ਨੇ ਸ਼ਮੂਲੀਅਤ ਕੀਤੀ । ਇਨ੍ਹਾਂ ਤੋਂ ਇਲਾਵਾ ਅਗਾਂਵਧੂ ਮਧੂ ਮੱਖੀ ਪਾਲਕਾਂ ਦੀ ਐਸੋਸੀਏਸ਼ਨ ਦੇ ਵੀ ਦਸ ਮਹੀਨਾਵਾਰ ਕੈਂਪ ਲਗਾਏ ਗਏ, ਜਿਨ੍ਹਾਂ ਵਿੱਚ 489 ਕਿਸਾਨਾਂ ਨੇ ਸ਼ਮੂਲੀਅਤ ਕੀਤੀ । ਰੁੱਖ ਪਾਲਕਾਂ ਦੀ ਐਸੋਸੀਏਸ਼ਨ ਦੀਆਂ ਵੀ ਦੋ ਮੀਟਿੰਗਾਂ ਕਰਵਾਈਆਂ ਗਈਆਂ, ਜਿਨ੍ਹਾਂ ਵਿੱਚ 70 ਰੁੱਖ ਪਾਲਕਾਂ ਨੇ ਹਿੱਸਾ ਲਿਆ । ਬੀਜ ਉਤਪਾਦਨ ਅਤੇ ਨਰਸਰੀ ਉਗਾਉਣ ਵਾਲਿਆਂ ਦੀ ਐਸੋਸੀਏਸ਼ਨ ਦੇ ਚਾਰ ਸਿਖਲਾਈ ਕੈਂਪ ਲਗਾਏ ਗਏ, ਜਿਨ੍ਹਾਂ ਵਿੱਚ 205 ਕਿਸਾਨਾਂ ਨੇ ਸ਼ਮੂਲੀਅਤ ਕੀਤੀ।

## ਪਲਾਂਟ ਕਲੀਨਿਕ ਅਤੇ ਤਕਨੀਕੀ ਅਗਵਾਈ

ਪੀ ਏ ਯੂ ਵੱਲੋਂ ਖੇਤ ਫ਼ਸਲਾਂ, ਸਬਜ਼ੀਆਂ ਫ਼ਲਾਂ, ਵਣ ਅਤੇ ਸਜਾਵਟੀ ਬੂਟਿਆਂ ਦੇ ਨਦੀਨਾਂ, ਕੀੜਿਆਂ-ਮਕੌੜਿਆਂ ਅਤੇ ਬਿਮਾਰੀਆਂ ਦੇ ਨਾਲ-ਨਾਲ ਪੋਸ਼ਟਿਕਤਾ ਦੀ ਘਾਟ ਅਤੇ ਹੋਰ ਸਮੱਸਿਆਵਾਂ ਨਾਲ ਨਜਿੱਠਣ ਲਈ ਲੁਧਿਆਣਾ ਕੈਂਪਸ ਵਿਖੇ ਸਥਿਤ ਪਲਾਂਟ ਕਲੀਨਿਕ ਅਤੇ ਕੇ ਵੀ ਕੇ'ਜ਼ ਅਤੇ ਐਫ ਏ ਐਸ ਸੀ'ਜ਼ ਦੇ ਪੌਦਾ ਰੋਗ ਵਿਗਿਆਨੀਆਂ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ । ਪੀ ਏ ਯੂ ਦੇ ਪਸਾਰ ਮਾਹਿਰਾਂ ਵੱਲੋਂ ਦਫ਼ਤਰਾਂ ਵਿੱਚ ਦੌਰਾ ਕਰਨ ਵਾਲੇ, ਖੇਤਾਂ ਵਿੱਚ ਰੁੱਝੇ ਅਤੇ ਟੈਲੀਫੋਨ ਤੇ ਸੰਪਰਕ ਕਰਨ ਵਾਲੇ 45602 ਕਿਸਾਨਾਂ ਨੂੰ ਫ਼ਸਲ ਉਤਪਾਦਨ ਅਤੇ ਸਹਾਇਕ ਧੰਦਿਆਂ ਦੇ ਵਿਭਿੰਨ ਪੱਖਾਂ ਉੱਤੇ ਤਕਨੀਕੀ ਅਗਵਾਈ ਪ੍ਰਦਾਨ ਕੀਤੀ ਗਈ ।

## ਪੀ ਏ ਯੂ ਦੂਤ

ਯੂਨੀਵਰਸਿਟੀ ਵੱਲੋਂ ਇੰਟਰਨੈੱਟ ਦੀ ਸਹੂਲਤ ਵਾਲੇ ਕਿਸਾਨਾਂ ਨੂੰ ਪੀ ਏ ਯੂ ਦੂਤ ਬਣਾਇਆ ਜਾਂਦਾ ਹੈ ਤਾਂ ਜੋ ਉਹ ਲਾਊਡ ਸਪੀਕਰਾਂ ਜਾਂ ਸੰਚਾਰ ਦੇ ਹੋਰ ਸਾਧਨਾਂ ਰਾਹੀਂ ਪੀ ਏ ਯੂ ਵੱਲੋਂ ਵਿਕਸਿਤ ਕੀਤੀਆਂ ਜਾ ਰਹੀਆਂ ਉਤਪਾਦਨ ਅਤੇ ਸੁਰੱਖਿਆ ਤਕਨਾਲੋਜੀਆਂ ਨੂੰ ਆਪਣੇ ਪਿੰਡ ਦੇ ਹਰ ਘਰ ਪਹੁੰਚਾ ਸਕਣ । ਇਨ੍ਹਾਂ ਦੂਤਾਂ ਨੂੰ ਈ-ਮੇਲ ਰਾਹੀਂ ਹਰ ਹਫ਼ਤੇ ਦੋ-ਤਿੰਨ ਸੁਨੇਹੇ ਭੇਜੇ ਜਾਂਦੇ ਹਨ ਤਾਂ ਜੋ ਉਹ ਉਨ੍ਹਾਂ ਨੂੰ ਅੱਗੋਂ ਕਿਸਾਨਾਂ ਤੱਕ ਪਹੁੰਚਾ ਸਕਣ। ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਯੂਨੀਵਰਸਿਟੀ ਵੱਲੋਂ 319 ਦੂਤ ਬਣਾਏ ਗਏ, ਜਿਨ੍ਹਾਂ ਨੂੰ 98 ਸੁਨੇਹੇ ਭੇਜੇ ਗਏ । ਇਸ ਤਰ੍ਹਾਂ ਹੁਣ ਤੱਕ ਕੁੱਲ 5109 ਕਿਸਾਨਾਂ ਨੂੰ ਪੀ ਏ ਯੂ ਦੂਤ ਬਣਾਇਆ ਜਾ ਚੁੱਕਾ ਹੈ ।

# ਸੰਚਾਰ ਅਤੇ ਮੀਡੀਆ

## ਜਨ ਸਾਧਨਾਂ ਰਾਹੀਂ ਸੰਚਾਰ

ਸੰਚਾਰ ਅਤੇ ਅੰਤਰਰਾਸ਼ਟਰੀ ਸੰਪਰਕ ਕੇਂਦਰ ਵੱਲੋਂ ਖੇਤੀ ਖੋਜ ਅਤੇ ਉਚੇਰੀ ਸਿੱਖਿਆ ਵਿੱਚ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਨੂੰ ਘਰ-ਘਰ ਪਹੁੰਚਾਉਣ ਲਈ ਪ੍ਰਿੰਟ ਅਤੇ ਇਲੈਕਟ੍ਰੌਨਿਕ ਮੀਡੀਆ ਜਿਨ੍ਹਾਂ ਵਿੱਚ ਦੂਰਦਰਸ਼ਨ ਅਤੇ ਆਲ ਇੰਡੀਆ ਰੇਡੀਓ, ਜਲੰਧਰ ਵੀ ਸ਼ਾਮਲ ਹਨ, ਨਾਲ ਲਗਾਤਾਰ ਰਾਬਤਾ ਕਾਇਮ ਰੱਖਿਆ ਜਾਂਦਾ ਹੈ । ਕੇਂਦਰ ਵੱਲੋਂ ਵੱਖੋ-ਵੱਖ ਅਖ਼ਬਾਰਾਂ ਅਤੇ ਖਬਰਾਂ ਦੇ ਚੈਨਲਾਂ ਨੂੰ ਨਿਰੰਤਰ ਪ੍ਰੈੱਸ ਰਿਲੀਜ਼ਾਂ ਭੇਜੀਆਂ ਜਾਂਦੀਆਂ ਹਨ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਕੇਂਦਰ ਨੇ ਕੁੱਲ 940 ਪ੍ਰੈੱਸ ਰਲੀਜ਼ਾਂ (ਅੰਗਰੇਜ਼ੀ ਭਾਸ਼ਾ ਵਿੱਚ 522 ਅਤੇ ਪੰਜਾਬੀ ਭਾਸ਼ਾ ਵਿੱਚ 418) ਜ਼ਾਰੀ ਕੀਤੀਆਂ । ਇਸ ਵੱਲੋਂ ਪੀ ਏ ਯੂ ਵਿਗਿਆਨੀਆਂ ਦੇ ਲਿਖੇ 165 ਆਰਟੀਕਲਾਂ (ਅੰਗਰੇਜ਼ੀ ਭਾਸ਼ਾ ਵਿੱਚ 15 ਅਤੇ ਪੰਜਾਬੀ ਭਾਸ਼ਾ ਵਿੱਚ 150) ਨੂੰ ਵੱਖੋ-ਵੱਖ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿੱਚ ਪ੍ਰਕਾਸ਼ਨਾ ਹਿਤ ਭੇਜਿਆ ਗਿਆ । ਕੇਂਦਰ ਵੱਲੋਂ ਵੱਖੋ-ਵੱਖ ਪ੍ਰੋਗਰਾਮਾਂ ਦੀ ਟੀ ਵੀ ਕਵਰੇਜ਼ ਅਤੇ 14 ਕਿਸਾਨ ਮੇਲਿਆਂ ਦੀਆਂ ਰਿਪੋਰਟਾਂ ਦੂਰਦਰਸ਼ਨ ਤੋਂ ਟੈਲੀਕਾਸਟ ਕਰਨ ਹਿਤ ਭੇਜੀਆਂ ਗਈਆਂ। ਕੇਂਦਰ ਵੱਲੋਂ ਪੀ ਏ ਯੂ ਵਿਗਿਆਨੀਆਂ ਦੀਆਂ 557 ਟੀ ਵੀ ਟਾਕਜ਼ ਰਿਕਾਰਡ ਅਤੇ ਪ੍ਰਸਾਰ ਕਰਨ ਹਿਤ ਦੂਰਦਰਸ਼ਨ ਜਲੰਧਰ ਅਤੇ 366 ਰੇਡੀਓ ਟਾਕਜ਼ ਲਈ ਆਲ ਇੰਡੀਆ ਰੇਡੀਓ, ਜਲੰਧਰ ਨਾਲ ਰਾਬਤਾ ਕਾਇਮ ਕੀਤਾ ਗਿਆ ।

## ਖੇਤੀ ਪ੍ਰਕਾਸ਼ਨਾਵਾਂ

ਸੰਚਾਰ ਅਤੇ ਅੰਤਰਰਾਸ਼ਟਰੀ ਸੰਪਰਕ ਕੇਂਦਰ ਵੱਲੋਂ ਦੋ ਮਹੀਨਾਵਾਰ ਖੇਤੀ ਰਸਾਲੇ (ਪੰਜਾਬੀ ਭਾਸ਼ਾ ਵਿੱਚ 'ਚੰਗੀ ਖੇਤੀ' ਅਤੇ ਅੰਗਰੇਜ਼ੀ ਭਾਸ਼ਾ ਵਿੱਚ 'ਪ੍ਰੋਗਰੈਸਿਵ ਫਾਰਮਿੰਗ') ਪ੍ਰਕਾਸ਼ਤ ਕੀਤੇ ਜਾਂਦੇ ਹਨ । ਇਨ੍ਹਾਂ ਦੋਹਾਂ ਰਸਾਲਿਆਂ ਦੀ ਸਾਂਝੀ ਸਰਕੂਲੇਸ਼ਨ ਵਿੱਚ ਸਾਲ 2014-15 (1,89,075 ਕਾਪੀਆਂ) ਤੋਂ ਸਾਲ 2015-16 (2,17,985 ਕਾਪੀਆਂ) ਦਾ ਵਾਧਾ ਹੋਇਆ । ਕੇਂਦਰ ਵੱਲੋਂ ਸਾਲ ਵਿੱਚ ਦੋ ਵਾਰ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਵਿੱਚ 'ਪੰਜਾਬ ਦੀਆਂ ਫ਼ਸਲਾਂ ਲਈ ਸਿਫ਼ਾਰਸ਼ਾਂ' ਵੀ ਪ੍ਰਕਾਸ਼ਤ ਕੀਤੀਆਂ ਜਾਂਦੀਆਂ ਹਨ । ਇਨ੍ਹਾਂ ਤੋਂ ਇਲਾਵਾ ਵੱਖੋ-ਵੱਖ ਫ਼ਸਲਾਂ ਅਤੇ ਤਕਨਾਲੋਜੀਆਂ ਉੱਤੇ ਵਿਗਿਆਨੀਆਂ ਵੱਲੋਂ ਲਿਖੇ ਖੇਤ ਬੁਲੇਟਿਨਜ਼ ਵੀ ਪ੍ਰਕਾਸ਼ਿਤ ਕੀਤੇ ਜਾਂਦੇ ਹਨ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਕੇਂਦਰ ਵੱਲੋਂ ਅੰਗਰੇਜ਼ੀ ਭਾਸ਼ਾ 16 ਅਤੇ ਪੰਜਾਬੀ ਭਾਸ਼ਾ ਵਿੱਚ 9 ਖੇਤ ਬੁਲੇਟਿਨਜ਼ ਪ੍ਰਕਾਸ਼ਤ ਕੀਤੇ ਗਏ । ਕੇਂਦਰ ਵੱਲੋਂ ਹਾੜ੍ਹੀ ਤੇ ਸਾਉਣੀ ਦੀਆਂ ਫ਼ਸਲਾ ਦੀਆਂ ਸਿਫ਼ਾਰਸ਼ਾਂ, ਪੰਜਾਬ ਦੀਆਂ ਪ੍ਰਮੁੱਖ ਫ਼ਸਲਾਂ ਦੀਆਂ ਖੇਤ ਸਮੱਸਿਆਵਾਂ (ਪੰਜਾਬੀ ਵਿੱਚ), ਮੁੜ ਨਵਿਆਉਣ ਯੋਗ ਬਾਇਓਗੈਸ ਊਰਜਾ: ਇੱਕ ਊਰਜਾ ਸਰੋਤ ਆਦਿ ਪ੍ਰਕਾਸ਼ਨਾਵਾਂ ਦੇ ਸੋਧੇ ਹੋਏ ਐਡੀਸ਼ਨ ਪ੍ਰਕਾਸ਼ਿਤ ਕੀਤੇ ਗਏ । ਇਸ ਤੋਂ ਇਲਾਵਾ ਕੇਂਦਰ ਦਾ ਐਗਰੋ ਪ੍ਰੋਸੈਸਿੰਗ, ਦਾਣਿਆਂ ਦੀ ਸਾਂਭ-ਸੰਭਾਲ-ਕਿਸਾਨਾਂ ਲਈ ਰਾਹ ਦਸੇਰਾ, ਘਰੇਲੂ ਵਸਤਾਂ ਦੀ ਸਿਆਣਪ ਨਾਲ ਖਰੀਦੋ-ਫਰੋਖਤ, ਸਜਾਵਟੀ ਬੂਟਿਆਂ ਦੀ ਨਰਸਰੀ ਉਗਾਉਣਾ, ਚੂਹਿਆਂ ਦੀ ਰੋਕਥਾਮ ਲਈ ਪ੍ਰੈਕਟੀਕਲ ਗਾਈਡ, ਖੇਤੀ ਮਸ਼ੀਨਰੀ ਦੀ ਸਾਂਭ-ਸੰਭਾਲ ਆਦਿ ਸੰਬੰਧਤ ਨਵੇਂ ਕਿਤਾਬਚੇ ਪ੍ਰਕਾਸ਼ਿਤ ਕੀਤੇ ਗਏ ।

# ਮਾਨਵ ਸਰੋਤ, ਵਿੱਤ ਅਤੇ ਬੁਨਿਆਦੀ ਢਾਂਚੇ ਦਾ ਵਿਕਾਸ

## ਨਵੀਆਂ ਨਿਯੁਕਤੀਆਂ, ਤਰੱਕੀਆਂ ਅਤੇ ਸੇਵਾ ਮੁਕਤੀਆਂ

### ਨਵੀਆਂ ਨਿਯੁਕਤੀਆਂ

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਯੂਨੀਵਰਸਿਟੀ ਵੱਲੋਂ ਹੇਠ ਲਿਖੀਆਂ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ । ਇਨ੍ਹਾਂ ਤੋਂ ਇਲਾਵਾ 39 ਅਸਿਸਟੈਂਟ ਪ੍ਰੋਫੈਸਰ ਅਤੇ 5 ਐਸੋਸੀਏਟ ਪ੍ਰੋਫੈਸਰ ਅਤੇ ਇਹਨਾਂ ਅਹੁਦਿਆਂ ਦੇ ਬਰਾਬਰ ਦੀ ਸਿੱਧੀ ਭਰਤੀ ਕੀਤੀ ਗਈ।

| ਨਾਮ | ਅਹੁਦਾ ਅਤੇ ਵਿਭਾਗ | ਨਿਯੁਕਤੀ ਦੀ ਤਰੀਕ |
|---|---|---|
| ਡਾ. ਬਲਦੇਵ ਸਿੰਘ ਢਿੱਲੋਂ | ਵਾਈਸ ਚਾਂਸਲਰ | 01.07.2015 (ਦੂਜੀ ਵਾਰ) |
| ਡਾ. ਪ੍ਰਦੀਪ ਕੁਮਾਰ ਖੰਨਾ | ਰਜਿਸਟਰਾਰ | 01.03.2016 (ਮੁੜ ਨਿਯੁਕਤ) |
| ਡਾ. ਮੇਜਰ ਸਿੰਘ ਧਾਲੀਵਾਲ | ਅਪਰ ਨਿਰਦੇਸ਼ਕ ਖੋਜ (ਬਾਗਬਾਨੀ ਅਤੇ ਭੋਜਨ ਵਿਗਿਆਨ) | 09.09.2015 (ਬਾਅਦ ਦੁਪਹਿਰ) |
| ਡਾ. ਜੀ ਐਸ ਬੁੱਟਰ | ਅਪਰ ਨਿਰਦੇਸ਼ਕ ਪਸਾਰ ਸਿੱਖਿਆ | 19.01.2016 (ਬਾਅਦ ਦੁਪਹਿਰ) |
| ਡਾ. ਐਸ ਐਸ ਕੁੱਕਲ | ਅਪਰ ਨਿਰਦੇਸ਼ਕ ਖੋਜ (ਕੁਦਰਤੀ ਸੋਮੇ ਅਤੇ ਪੌਦਾ ਸਿਹਤ ਪ੍ਰਬੰਧ) | 09.03.2016 |
| ਡਾ. ਸਵਰਨਦੀਪ ਸਿੰਘ ਹੁੰਦਲ | ਮੁਖੀ, ਜੁਆਲੋਜੀ ਵਿਭਾਗ | 20.07.2015 (ਬਾਅਦ ਦੁਪਹਿਰ) |
| ਡਾ. (ਸ੍ਰੀਮਤੀ) ਤੇਜਪ੍ਰੀਤ ਕੌਰ ਕੰਗ | ਮੁਖੀ, ਮਾਨਵ ਵਿਕਾਸ ਵਿਭਾਗ | 11.08.2015 |
| ਡਾ. (ਸ੍ਰੀਮਤੀ) ਮੁਨਿੰਦਰ ਸਿੱਧੂ | ਮੁਖੀ, ਪਰਿਵਾਰਕ ਸ੍ਰੋਤ ਪ੍ਰਬੰਧ ਵਿਭਾਗ | 01.10.2015 |
| ਡਾ. ਅਜਮੇਰ ਸਿੰਘ ਢੱਟ | ਮੁਖੀ, ਸਬਜ਼ੀ ਵਿਗਿਆਨ ਵਿਭਾਗ | 03.11.2015 (ਬਾਅਦ ਦੁਪਹਿਰ) |
| ਡਾ. ਜਸਵਿੰਦਰ ਸਿੰਘ ਭੱਲਾ | ਮੁਖੀ, ਪਸਾਰ ਸਿੱਖਿਆ ਵਿਭਾਗ | 18.11.2015 |
| ਡਾ. ਰਣਜੀਤ ਸਿੰਘ ਗਿੱਲ | ਮੁਖੀ, ਕੀਟ ਵਿਗਿਆਨ ਵਿਭਾਗ | 19.01.2016 (ਬਾਅਦ ਦੁਪਹਿਰ) |
| ਡਾ. (ਸ੍ਰੀਮਤੀ) ਕਿਰਨਜੋਤ ਸਿੱਧੂ | ਮੁਖੀ, ਗ੍ਰਹਿ ਵਿਗਿਆਨ ਪਸਾਰ ਅਤੇ ਸੰਚਾਰ ਪ੍ਰਬੰਧ ਵਿਭਾਗ | 21.01.2016 |
| ਡਾ (ਸ੍ਰੀਮਤੀ) ਸੀਮਾ ਬੇਦੀ | ਮੁਖੀ, ਬਾਟਨੀ ਵਿਭਾਗ | 03.02.2016 |
| ਡਾ. ਸੁਖਜਿੰਦਰ ਸਿੰਘ ਸਿੱਧੂ | ਮੁਖੀ, ਗਣਿਤ, ਸਟੈਟ ਅਤੇ ਫਿਜ਼ਿਕਸ ਵਿਭਾਗ | 13.02.2016 |
| ਡਾ. ਬਾਬੂ ਸਿੰਘ ਬਰਾੜ | ਮੁਖੀ, ਭੂਮੀ ਵਿਗਿਆਨ ਵਿਭਾਗ | 29.03.2016 |
| ਡਾ. (ਸ੍ਰੀਮਤੀ) ਪ੍ਰਤਿਭਾ ਗੋਇਲ | ਨਿਰਦੇਸ਼ਕ, ਬਿਜ਼ਨੈੱਸ ਸਟੱਡੀਜ਼ ਸਕੂਲ | 12.03.2016 |

### ਤਰੱਕੀਆਂ ਅਤੇ ਸੇਵਾ ਮੁਕਤੀਆਂ

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ 15600-39100 ਰੁਪਏ ਅਤੇ ਗਰੇਡ ਪੇਅ 6000 ਰੁਪਏ ਵਿੱਚ ਸੇਵਾ ਨਿਭਾਅ ਰਹੇ 49 ਸਹਾਇਕ ਪ੍ਰੋਫ਼ੈਸਰ ਦੇ ਅਹੁਦੇ ਦੇ ਅਧਿਆਪਕਾਂ ਨੂੰ 7000/- ਰੁਪਏ ਦੇ ਗਰੇਡ ਪੇਅ ਦੀ ਤਰੱਕੀ ਦਿੱਤੀ ਗਈ; ਇਸੇ ਤਰ੍ਹਾਂ 15600-39,100 ਰੁਪਏ ਅਤੇ ਗਰੇਡ ਪੇਅ 7000 ਰੁਪਏ ਵਿੱਚ ਸੇਵਾ ਨਿਭਾਅ ਰਹੇ 48 ਸਹਾਇਕ ਪ੍ਰੋਫ਼ੈਸਰ ਅਹੁਦੇ ਦੇ ਅਧਿਆਪਕਾਂ ਨੂੰ 8000/-

ਰੁਪਏ ਦੇ ਗਰੇਡ ਪੇਅ ਦੀ ਤਰੱਕੀ ਦਿੱਤੀ ਗਈ; 15600-39100 ਰੁਪਏ ਅਤੇ ਗਰੇਡ ਪੇਅ 8000 ਰੁਪਏ ਵਿੱਚ ਸੇਵਾ ਨਿਭਾਅ ਰਹੇ 4 ਸਹਾਇਕ ਪ੍ਰੋਫੈਸਰਾਂ ਨੂੰ 37400-67000 ਰੁਪਏ ਅਤੇ ਗਰੇਡ ਪੇਅ 9000/- ਰੁਪਏ ਦੇ ਤਨਖਾਹ ਸਕੇਲ ਵਿੱਚ ਪਦ-ਉੱਨਤ ਕਰਕੇ ਸਹਿਯੋਗੀ ਪ੍ਰੋਫੈਸਰ ਅਤੇ ਇਸ ਦੇ ਬਰਾਬਰ ਨਿਯੁਕਤ ਕੀਤਾ ਗਿਆ। 37400-67000 ਰੁਪਏ ਅਤੇ ਗਰੇਡ ਪੇਅ 9000/- ਰੁਪਏ ਵਿੱਚ ਸੇਵਾ ਨਿਭਾਅ ਰਹੇ 78 ਸਹਿਯੋਗੀ ਪ੍ਰੋਫੈਸਰਾਂ ਨੂੰ 10,000/- ਰੁਪਏ ਦੇ ਗਰੇਡ ਪੇਅ ਵਿੱਚ ਪਦ-ਉਨਤ ਕਰਕੇ ਪ੍ਰੋਫ਼ੈਸਰ ਅਤੇ ਇਸ ਦੇ ਬਰਾਬਰ ਨਿਯੁਕਤ ਕੀਤਾ ਗਿਆ। ਇਸ ਸਮੇਂ ਦੌਰਾਨ 29 ਅਧਿਆਪਕ ਯੂਨੀਵਰਸਿਟੀ ਸੇਵਾਵਾਂ ਤੋਂ ਮੁਕਤ ਹੋ ਗਏ/ਅਸਤੀਫ਼ਾ ਦੇ ਗਏ।

**ਫੈਕਲਟੀ ਦੀ ਗਿਣਤੀ**

| ਸ਼੍ਰੇਣੀ | ਮਨਜ਼ੂਰ ਅਸਾਮੀਆਂ | ਇਨ ਪੁਜ਼ੀਸ਼ਨ ਅਸਾਮੀਆਂ |
|---|---|---|
| ਰਾਜ | 1056 | 483 |
| ਆਈ ਸੀ ਏ ਆਰ | 184 | 182 |
| ਕੇ ਵੀ ਕੇ | 119 | 108 |
| ਹੋਰ | 23 | 18 |
| ਕੁੱਲ | 1382 | 791 |

## ਐਵਾਰਡਜ਼, ਮਾਣ ਅਤੇ ਸਨਮਾਨ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ "ਐਗਰੀਕਲਚਰਲ ਲੀਡਰਸ਼ਿਪ ਐਵਾਰਡ 2015" ਪ੍ਰਾਪਤ ਕੀਤਾ। ਕੇਂਦਰੀ ਗ੍ਰਹਿ ਮੰਤਰੀ ਸ੍ਰੀ ਰਾਜਨਾਥ ਸਿੰਘ ਨੇ ਨਵੀਂ ਦਿੱਲੀ ਵਿਖੇ 18 ਸਤੰਬਰ 2015 ਨੂੰ ਇੱਕ ਵਿਸ਼ਾਲ ਸਮਾਰੋਹ ਦੌਰਾਨ ਪੀ ਏ ਯੂ ਵਾਈਸ ਚਾਂਸਲਰ ਡਾ. ਬਲਦੇਵ ਸਿੰਘ ਢਿੱਲੋਂ ਨੂੰ ਇਹ ਐਵਾਰਡ ਪ੍ਰਦਾਨ ਕੀਤਾ।

**ਵਾਈਸ ਚਾਂਸਲਰ**

- ਪੰਜਾਬ ਅਕੈਡਮੀ ਆਫ਼ ਸਾਇੰਸਜ਼ ਦੁਆਰਾ ਐਸ ਯੂ ਐਸ ਇੰਸਟੀਚਿਊਟ ਆਫ਼ ਇੰਜਨੀਅਰਿੰਗ ਐਂਡ ਤਕਨਾਲੋਜੀ, ਟੰਗੋਰੀ, ਮੁਹਾਲੀ ਵਿਖੇ 7 ਫਰਵਰੀ 2016 ਨੂੰ ਕਰਵਾਈ ਗਈ 19ਵੀਂ ਪੰਜਾਬ ਸਾਇੰਸ ਕਾਂਗਰਸ ਮੌਕੇ ਪੀ ਏ ਯੂ ਦੇ ਵਾਈਸ ਚਾਂਸਲਰ ਡਾ. ਬਲਦੇਵ ਸਿੰਘ ਢਿੱਲੋਂ ਨੂੰ 'ਲਾਈਫ਼ ਟਾਈਮ-ਅਚੀਵਮੈਂਟ ਐਵਾਰਡ' ਪ੍ਰਦਾਨ ਕੀਤਾ ਗਿਆ।

**ਡੀਨ ਪੋਸਟ ਗ੍ਰੈਜੂਏਟ ਸਟੱਡੀਜ਼**

- ਡਾ. ਨੀਲਮ ਗਰੇਵਾਲ, ਡੀਨ ਪੋਸਟ ਗ੍ਰੈਜੂਏਟ ਸਟੱਡੀਜ਼ ਨੂੰ ਮੈਂਬਰ, ਸੈਕਟੋਰਲ ਕਮੇਟੀ ਆਨ ਐਕਰਾਡੀਸ਼ਨ ਐਜੂਕੇਸ਼ਨ ਅਤੇ ਕੁਆਲਟੀ ਰਿਫਾਰਮਜ਼, ਐਜੂਕੇਸ਼ਨ ਡਵੀਜ਼ਨ, ਆਈ ਸੀ ਏ ਆਰ, ਨਵੀਂ ਦਿੱਲੀ, ਮੈਂਬਰ, ਆਈ ਸੀ ਏ ਆਰ: ਖੇਤੀ ਸੰਦਾਂ ਤੇ ਖੋਜ ਲਈ ਆਈ ਸੀ ਏ ਆਰ-ਐਨ ਏ ਐਸ ਆਈ ਪੁਰਸਕਾਰ ਦਾ ਨਿਰਣਾ ਕਰਨ ਵਾਲੇ ਮਾਹਿਰਾਂ ਦੀ ਕਮੇਟੀ, ਨਿਰਣਾਇਕ ਮੈਂਬਰ, ਮਹਿੰਦਰਾ ਸਮ੍ਰਿਧੀ ਐਗਰੀਕਲਚਰ ਐਵਾਰਡ 2015 ਅਤੇ ਸਲਾਹਕਾਰ ਮੈਂਬਰ, ਕਲਾਥਿੰਗ ਅਤੇ ਟੈਕਸਟਾਇਲ ਵਿਭਾਗ ਲਈ ਯੂ ਜੀ ਸੀ-ਡੀ ਐਸ ਆਰ ਲਈ ਨਾਮਜ਼ਦ ਕੀਤਾ ਗਿਆ। ਉਨ੍ਹਾਂ ਨੂੰ ਪੀ ਐਚ ਡੀ ਪ੍ਰੋਗਰਾਮਾਂ ਵਿੱਚ ਦਾਖਲੇ ਅਤੇ ਆਈ ਸੀ ਏ ਆਰ-ਐਸ ਆਰ ਐਫ (ਏ ਆਈ ਸੀ ਈ-ਐਸ ਆਰ ਐਫ) (ਪੀ ਜੀ ਐਸ), ਆਈ ਸੀ ਏ ਆਰ, ਨਵੀਂ ਦਿੱਲੀ ਲਈ ਸਿੱਖਿਆ ਡਵੀਜ਼ਨ ਵੱਲੋਂ ਲਈਆਂ ਜਾਂਦੀਆਂ ਪ੍ਰਤੀਯੋਗਤਾਵਾਂ ਨਾਲ ਸੰਬੰਧਤ ਮੁੱਦਿਆਂ ਉੱਤੇ ਸਿਫ਼ਾਰਸ਼ਾਂ ਦੇਣ ਵਾਲੀ ਕਮੇਟੀ ਦਾ ਮੈਂਬਰ ਵੀ ਨਾਮਜ਼ਦ ਕੀਤਾ ਗਿਆ।

**ਖੇਤੀਬਾੜੀ ਕਾਲਜ**

- ਡਾ. ਯਾਦਵਿੰਦਰ ਸਿੰਘ (ਭੂਮੀ ਵਿਗਿਆਨ) ਨੇ ਇੰਡੀਅਨ ਸੈਕਸ਼ਨ ਸਾਇੰਸ ਅਕੈਡਮੀ, ਨਵੀਂ ਦਿੱਲੀ ਤੋਂ 'ਪ੍ਰੋਫੈਸਰ ਕੇ ਐਸ ਬਿਲਗਰਾਮੀ ਯਾਦਗਾਰੀ ਇਨਾਮ 2015' ਪ੍ਰਾਪਤ ਕੀਤਾ।
- ਡਾ. ਐਚ ਐਸ ਰਤਨਪਾਲ (ਫ਼ਲ ਵਿਗਿਆਨ) ਨੂੰ ਵੈਗਨਿਨਜਿਨ ਯੂਨੀਵਰਸਿਟੀ, ਨੀਦਰਲੈਂਡ ਦੁਆਰਾ ਨੀਦਰਲੈਂਡ ਫੈਲਸ਼ਿਪ ਪ੍ਰੋਗਰਾਮ ਅਧੀਨ 'ਅੰਤਰਰਾਸ਼ਟਰੀ ਫੈਲੋਸ਼ਿਪ 2016' ਪ੍ਰਦਾਨ ਕੀਤੀ ਗਈ।
- ਡਾ. ਬੇਅੰਤ ਸਿੰਘ (ਪਲਾਂਟ ਬਰੀਡਿੰਗ ਐਂਡ ਜੈਨੇਟਿਕਸ) ਨੇ ਰੋਥਾਮਸਟਿਡ ਰਿਸਰਚ, ਹਾਰਪੈਂਡਨ, ਯੂ ਕੇ ਤੋਂ 'ਰੋਥਾ ਮਸਟਿਡ ਅੰਤਰਰਾਸ਼ਟਰੀ ਫੈਲੋਸ਼ਿਪ 2016' ਪ੍ਰਾਪਤ ਕੀਤੀ।
- ਡਾ. ਐਮ ਐਸ ਭੁੱਲਰ (ਫ਼ਸਲ ਵਿਗਿਆਨ) ਅਤੇ ਏ ਆਈ ਸੀ ਆਰ ਪੀ-ਨਦੀਨ ਪ੍ਰਬੰਧ ਟੀਮ ਮੈਂਬਰਾਂ ਨੇ 28-30 ਅਪ੍ਰੈਲ 2016 ਨੂੰ ਜਲਗਾਓਂ, ਮਹਾਂਰਾਸ਼ਟਰ ਵਿਖੇ 23ਵੀਂ ਸਲਾਨਾ ਏ ਆਈ ਸੀ ਆਰ ਪੀ-ਡਬਲਯੂ ਐਮ ਦੀ ਰਿਵਿਊ ਮੀਟਿੰਗ ਦੌਰਾਨ ਬਿਹਤਰਹੀਨ ਏ ਆਈ ਸੀ ਆਰ ਪੀ-ਨਦੀਨ ਪ੍ਰਬੰਧ ਸੈਂਟਰ ਐਵਾਰਡ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਏ ਆਈ ਸੀ ਆਰ ਪੀ-ਡਬਲਯੂ ਐਮ ਟੀਮ ਅਤੇ ਲੁਧਿਆਣਾ ਜ਼ਿਲ੍ਹਾ ਦੇ ਮਨਸੂਰਾਂ ਪਿੰਡ ਦੇ ਸਾਂਝੇ ਸਹਿਯੋਗ ਸਦਕਾ ਮਨਸੂਰਾਂ ਪਿੰਡ ਭਾਰਤ ਦਾ ਪਹਿਲਾ ਪਾਰਥੈਨਿਅਮ ਮੁਕਤ ਪਿੰਡ ਬਣਿਆ।
- ਡਾ. ਏ ਐਸ ਢੱਟ (ਸਬਜ਼ੀ ਵਿਗਿਆਨ) ਨੂੰ ਪੀ ਏ ਯੂ ਵੱਲੋਂ 'ਹਰਪਾਲ ਕੌਰ ਯਾਦਗਾਰੀ ਇਨਾਮ' ਦਿੱਤਾ ਗਿਆ।
- ਡਾ. ਐਮ ਆਈ ਐਸ ਗਿੱਲ (ਫ਼ਲ ਵਿਗਿਆਨ) ਨੂੰ ਪੀ ਏ ਯੂ ਵੱਲੋਂ 'ਹੰਸ ਰਾਜ ਪਾਹਵਾ ਐਵਾਰਡ 2016' ਦਿੱਤਾ ਗਿਆ।
- ਡਾ. ਹਰਮਿੰਦਰ ਸਿੰਘ (ਫ਼ਲ ਵਿਗਿਆਨ) ਨੂੰ ਪੀ ਏ ਯੂ ਵੱਲੋਂ 'ਸਰਦਾਰ ਜੀ ਐਸ ਨਿਹਾਲ ਸਿੰਘ ਵਾਲਾ ਐਵਾਰਡ 2016' ਦਿੱਤਾ ਗਿਆ।
- ਡਾ. ਪ੍ਰਵੀਨ ਛੁਨੇਜਾ (ਐਗਰੀਕਲਚਰਲ ਬਾਇਓਤਕਨਾਲੋਜੀ ਸਕੂਲ) ਨੂੰ ਬਿਹਤਰੀਨ ਖੋਜ ਲਈ ਪੀ ਏ ਯੂ ਵੱਲੋਂ 'ਪ੍ਰਸ਼ੰਸ਼ਾਤਮਕ ਐਵਾਰਡ ਅਤੇ ਸਨਮਾਨ 2016' ਦਿੱਤਾ ਗਿਆ।

- ਡਾ. ਓ ਪੀ ਚੌਧਰੀ (ਭੂਮੀ ਵਿਗਿਆਨ) ਨੂੰ ਪੀ ਏ ਯੂ ਵੱਲੋਂ ਉੱਤਮ ਖੋਜ, ਸਿੱਖਿਆ ਅਤੇ ਪਸਾਰ ਲਈ 'ਸਨਮਾਨ ਅਤੇ ਮੈਰਿਟ ਸਰਟੀਫਿਕੇਟ 2015' ਪ੍ਰਦਾਨ ਕੀਤਾ ਗਿਆ ।
- ਡਾ. ਐਮ ਐਸ ਹੱਡਾ (ਭੂਮੀ ਵਿਗਿਆਨ) ਨੂੰ ਭਾਰਤ ਦੀ ਭੂਮੀ ਸੁਰੱਖਿਆ ਸੋਸਾਇਟੀ ਵੱਲੋਂ 'ਗੋਲਡ ਮੈਡਲ 2016' ਪ੍ਰਦਾਨ ਕੀਤਾ ਗਿਆ।
- ਡਾ. ਨਵਤੇਜ ਬੈਂਸ (ਪਲਾਂਟ ਬਰੀਡਿੰਗ ਐਂਡ ਜੈਨੇਟਿਕਸ) ਅਤੇ ਅਮਰਜੀਤ ਕੌਰ (ਭੋਜਨ ਵਿਗਿਆਨ ਅਤੇ ਤਕਨਾਲੋਜੀ ਨੂੰ ਪੀ ਏ ਯੂ ਦੁਆਰਾ 'ਮਨਜੀਤ ਸਿੰਘ ਛੀਨਾ ਸਰਵੋਤਮ ਪ੍ਰੋਫੈਸਰ ਚੇਅਰ 2016' ਪ੍ਰਦਾਨ ਕੀਤਾ ਗਿਆ ।
- ਡਾ. ਗੁਰਪ੍ਰੀਤ ਸਿੰਘ ਮੱਕੜ (ਪਲਾਂਟ ਬਰੀਡਿੰਗ ਐਂਡ ਜੈਨੇਟਿਕਸ) ਨੂੰ ਡਾ. ਵਾਈ ਐਸ ਪਰਮਾਰ ਯੂਨੀਵਰਸਿਟੀ ਆਫ਼ ਹਾਰਟੀਕਲਚਰ ਐਂਡ ਫਾਰੈਸਟਰੀ, ਨੌਣੀ, ਸੋਲਨ ਦੁਆਰਾ 'ਅਚੀਵਰ ਐਵਾਰਡ 2015' ਪ੍ਰਦਾਨ ਕੀਤਾ ਗਿਆ।
- ਡਾ. ਕਮਲਜੀਤ ਕੌਰ (ਭੋਜਨ ਵਿਗਿਆਨ ਅਤੇ ਤਕਨਾਲੋਜੀ) ਨੇ 2016 ਵਿੱਚ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਦੁਆਰਾ ਭੋਜਨ ਤਕਨਾਲੋਜੀ ਦੇ ਉੱਭਰਦੇ ਰੁਝਾਨ ਅਤੇ ਜਨ ਸਿਹਤ ਸੰਭਾਲ ਲਈ ਪੌਸ਼ਟਿਕਤਾ ਉੱਤੇ ਕਰਵਾਈ ਗਈ ਅੰਤਰਰਾਸ਼ਟਰੀ ਕਾਨਫਰੰਸ ਮੌਕੇ ਮੌਖਿਕ ਪੇਸ਼ਕਾਰੀ ਲਈ ਪਹਿਲਾ ਇਨਾਮ ਹਾਸਲ ਕੀਤਾ ।
- ਡਾ. ਗੌਰਵ ਕੁਮਾਰ ਤੱਗੜ, ਡਾ. ਰਵਿੰਦਰ ਸਿੰਘ ਅਤੇ ਡਾ. ਐਚ ਕੇ ਚੀਮਾ (ਪਲਾਂਟ ਬਰੀਡਿੰਗ ਐਂਡ ਜੈਨੇਟਿਕਸ) ਨੇ ਪੀ ਏ ਯੂ ਵਿਖੇ 31 ਅਗਸਤ, 2016 ਨੂੰ 'ਭਾਰਤ ਦੇ ਇੰਡੋ-ਗੈਂਗੇਟਿਕ ਮੈਦਾਨਾਂ ਵਿੱਚ ਦਾਲਾਂ ਦੀ ਕਾਸ਼ਤ ਨੂੰ ਹੁਲਾਰਾ ਦੇਣਾ' ਉੱਤੇ ਕਰਵਾਏ ਵਿਚਾਰ-ਵਟਾਂਦਰੇ ਮੌਕੇ 'ਬਿਹਤਰਹੀਨ ਪੋਸਟਰ ਪੇਸ਼ਕਾਰੀ ਐਵਾਰਡ' ਪ੍ਰਾਪਤ ਕੀਤਾ।

**ਖੇਤੀ ਇੰਜੀਨੀਅਰਿੰਗ ਅਤੇ ਤਕਨਾਲੋਜੀ ਕਾਲਜ**

- ਡਾ. ਸਮਨਪ੍ਰੀਤ ਕੌਰ (ਭੂਮੀ ਅਤੇ ਪਾਣੀ ਇੰਜਨੀਅਰਿੰਗ) ਨੂੰ ਆਪਣੇ ਬਿਹਤਰੀਨ ਪੀ ਐਚ ਡੀ ਸ਼ੋਧ ਪ੍ਰਬੰਧ ਲਈ ਆਈ ਸੀ ਏ ਆਰ, ਨਵੀਂ ਦਿੱਲੀ ਤੋਂ 'ਜਵਾਹਰ ਲਾਲ ਨਹਿਰੂ ਐਵਾਰਡ 2015' ਮਿਲਿਆ । ਉਹਨਾਂ ਦਾ ਖੋਜ ਕਾਰਜ ਡਾ. ਕੇ ਜੀ ਸਿੰਘ ਦੀ ਅਗਵਾਈ ਹੇਠ 'ਮੱਧ ਪੰਜਾਬ ਦੇ ਜ਼ਮੀਨੀ ਪਾਣੀ ਉੱਤੇ ਮੌਸਮੀ ਬਦਲਾਅ ਦਾ ਪ੍ਰਭਾਵ' ਦੇ ਵਿਸ਼ੇ ਉੱਤੇ ਸੀ।
- ਡਾ ਕੇ ਜੀ ਸਿੰਘ (ਭੂਮੀ ਅਤੇ ਪਾਣੀ ਇੰਜਨੀਅਰਿੰਗ) ਨੂੰ ਪੀ ਏ ਯੂ ਦੁਆਰਾ 'ਮਨਜੀਤ ਸਿੰਘ ਛੀਨਾ ਸਰਵੋਤਮ ਪ੍ਰੋਫੈਸਰ ਚੇਅਰ 2015' ਪ੍ਰਦਾਨ ਕੀਤਾ ਗਿਆ ।
- ਡਾ. ਕੇ ਬੀ ਸਿੰਘ (ਭੂਮੀ ਅਤੇ ਪਾਣੀ ਇੰਜਨੀਅਰਿੰਗ) ਨੂੰ ਭੂਮੀ ਦੇ ਰਖ-ਰਖਾਅ ਦੀ ਭਾਰਤੀ ਸੁਸਾਇਟੀ ਵੱਲੋਂ 'ਬਿਹਤਰੀਨ ਮੌਖਿਕ ਪੇਸ਼ਕਾਰੀ ਐਵਾਰਡ 2015' ਪ੍ਰਦਾਨ ਕੀਤਾ ਗਿਆ।

**ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ**

- ਡਾ. ਸੁਖਪਾਲ ਸਿੰਘ (ਅਰਥ ਸਾਸ਼ਤਰ ਅਤੇ ਸਮਾਜ ਵਿਗਿਆਨ) 2016 ਵਿੱਚ ਪੰਜਾਬ ਸਰਕਾਰ ਸੁਧਾਰ ਕਮਿਸ਼ਨ ਦੁਆਰਾ ਕਿਸਾਨਾਂ ਦੇ ਕਰਜ਼ਿਆਂ ਅਤੇ ਆਤਮ ਹੱਤਿਆਵਾਂ ਤੇ ਬਣਾਏ ਸਬ-ਗਰੁੱਪ ਦੇ ਮੈਂਬਰ ਨਮਜ਼ਦ ਹੋਏ । ਇਸ ਤੋਂ ਇਲਾਵਾ ਉਹ 2015 ਵਿੱਚ ਖੇਤੀਬਾੜੀ ਅਰਥ ਸਾਸ਼ਤਰ ਦੀ ਭਾਰਤੀ ਸੁਸਾਇਟੀ ਦੇ ਉਪ ਪ੍ਰਧਾਨ ਵੀ ਨਿਯੁਕਤ ਹੋਏ ਸਨ।
- ਡਾ. ਬਲਜਿੰਦਰ ਕੌਰ ਸਿਡਾਨਾ (ਅਰਥ ਸ਼ਾਸਤਰ ਅਤੇ ਸਮਾਜ ਵਿਗਿਆਨ) ਨੇ ਖੇਤੀਬਾੜੀ ਅਤੇ ਅਰਥ ਸ਼ਾਸਤਰ ਦੀ ਭਾਰਤੀ ਸੁਸਾਇਟੀ ਤੋਂ 'ਡਾ. ਐਮ ਏ ਮਜ਼ੂਮਦਾਰ ਐਵਾਰਡ 2015' ਪ੍ਰਾਪਤ ਕੀਤਾ ।
- ਡਾ. (ਸ੍ਰੀਮਤੀ) ਪਰਮਪਾਲ ਸਹੋਤਾ (ਮਾਇਕ੍ਰੋਬਾਇਆਲੋਜੀ) ਨੂੰ ਪੀ ਏ ਯੂ ਦੁਆਰਾ 'ਮਨਜੀਤ ਸਿੰਘ ਛੀਨਾ ਸਰਵੋਤਮ ਪ੍ਰੋਫੈਸਰ ਚੇਅਰ 2016' ਪ੍ਰਦਾਨ ਕੀਤਾ ਗਿਆ ।
- ਡਾ. ਐਸ ਕਪੂਰ (ਮਾਇਕ੍ਰੋਬਾਇਆਲੋਜੀ) ਨੂੰ ਪੀ ਏ ਯੂ ਤੋਂ 'ਪ੍ਰਸ਼ੰਸਾਤਮਕ ਸਰਟੀਫਿਕੇਟ 2016' ਮਿਲਿਆ ।

**ਪਸਾਰ ਸਿੱਖਿਆ ਡਾਇਰੈਕਟੋਰੇਟ**

- ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ ਨੂੰ ਕੇ ਵੀ ਕੇ ਦੀਆਂ ਗਤੀਵਿਧੀਆਂ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਆਈ ਸੀ ਏ ਆਰ ਵੱਲੋਂ 'ਬਿਹਤਰੀਨ ਕੇ ਵੀ ਕੇ ਐਵਾਰਡ 2015' ਪ੍ਰਦਾਨ ਕੀਤਾ ਗਿਆ ।
- ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਨੇ ਤਕਨਾਲੋਜੀ ਅਦਾਨ-ਪ੍ਰਦਾਨ ਕਰਨ ਲਈ ਡਾ. ਜੀ ਐਸ ਖੁਸ਼ ਟੀਮ ਐਵਾਰਡ 2014-15 ਪ੍ਰਾਪਤ ਕੀਤਾ ।

## ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਪਰਕ

**ਸਮਝੌਤੇ ਦੇ ਯਾਦਪੱਤਰ ਸਹੀਬੱਧ**

- ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਪੀ ਏ ਯੂ ਨੇ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਸੰਸਥਾਵਾਂ ਨਾਲ ਛੇ ਐਮ ਓ ਯੂ'ਜ਼ ਸਹੀਬੱਧ ਕੀਤੇ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :
- ਐਗਰੀਕਲਚਰ ਸਕਿੱਲ ਕਾਊਂਸਲ ਆਫ਼ ਇੰਡੀਆ, ਗੁਰੂਗਰਾਮ, ਹਰਿਆਣਾ ਨਾਲ 10 ਸਤੰਬਰ 2015 ਨੂੰ ਸਿਖਲਾਈ ਮੁਹੱਈਆ ਕਰਨ ਲਈ, ਤਾਂ ਜੋ ਰਾਸ਼ਟਰੀ ਨਿਪੁੰਨਤਾ ਯੋਗਤਾਵਾਂ ਦੀ ਤਰਜ਼ ਤੇ ਯੋਗਤਾਵਾਂ ਵਿਕਸਿਤ ਕੀਤੀਆਂ ਜਾ ਸਕਣ ।
- ਮਹਾਂਰਾਸ਼ਟਰ ਰਾਜ ਬੀਜ ਕਾਰਪੋਰੇਸ਼ਨ ਲਿਮਿਟਡ, ਅਕੋਲਾ, ਮਹਾਂਰਾਸ਼ਟਰ ਨਾਲ 31 ਅਕਤੂਬਰ 2015 ਨੂੰ ਦੋਗਲੀ ਮੱਕੀ ਦੇ ਬੀਜ ਉਤਪਾਦਨ ਲਈ ।
- ਆਸਟਨ ਯੂਨੀਵਰਸਿਟੀ ਯੂ ਕੇ ਨਾਲ ਨਵੰਬਰ 5, 2015 ਨੂੰ ਅਕਾਦਮਿਕ ਖੋਜ ਸਹਿਯੋਗ ਦੇ ਵਾਧੇ ਲਈ ।
- ਨਿਊਟੈੱਕ ਡੇਅਰੀ ਇੰਜਨੀਅਰ ਪ੍ਰਾਈਵੇਟ ਲਿਮਿ. ਅੰਬਾਲਾ ਨਾਲ ਜਨਵਰੀ 18, 2016 ਨੂੰ ਮੱਕੀ ਦੇ ਦਾਣੇ ਸਕਾਉਣ ਵਾਲਾ ਪੋਰਟੇਬਲ ਡਰਾਇਰ ਬਨਾਉਣ ਲਈ ।
- ਅਰਧ-ਖੁਸ਼ਕ ਟ੍ਰੋਪਿਕਜ਼ (ਆਈ ਸੀ ਆਰ ਆਈ ਐਸ ਏ ਟੀ) ਪਤਨਛੇਰੂ, ਤੇਲੰਗਾਨਾ ਨਾਲ 17 ਫਰਵਰੀ 2016 ਨੂੰ ਸੋਰਗਮ ਅਤੇ ਪਰਲ ਬਾਜਰੇ ਵਿੱਚ ਤਣੇ ਦੇ ਗੜੂੰਏ ਅਤ ਸ਼ੂਟ

ਫਲਾਈ ਪ੍ਰਤੀ ਰੋਧਿਕਤਾ ਰੱਖਣ ਲਈ ਖੋਜ ਕਾਰਜਾਂ ਵਿੱਚ ਸਹਿਯੋਗ ਦੇਣ ਲਈ । ਇਸ ਵਿੱਚ ਅਕਾਦਮਿਕ ਅਤੇ ਹੋਰ ਗਤੀਵਿਧੀਆਂ ਨੂੰ ਹੁਲਾਰਾ ਦੇਣਾ ਵੀ ਸ਼ਾਮਲ ਹੈ ।

- ਜਵਾਹਰ ਲਾਲ ਨਹਿਰੂ ਕ੍ਰਿਸ਼ੀ ਵਿਸ਼ਵ ਵਿਦਿਆਲਾ, ਜਬਲਪੁਰ ਨਾਲ ਅਪ੍ਰੈਲ 30, 2016 ਨੂੰ ਖੋਜ, ਸਿੱਖਿਆ, ਪਸਾਰ ਅਤੇ ਤਕਨਾਲੋਜੀ ਵਪਾਰੀਕਰਨ ਦੇ ਨਾਲ-ਨਾਲ ਅੰਦਰੂਨੀ ਸਮਰਥਨ ਸਿਸਟਮ ਨੂੰ ਉਤਸ਼ਾਹਿਤ ਕਰਨ ਲਈ ।

**ਦੌਰੇ ਤੇ ਆਏ ਵਿਸ਼ੇਸ਼ ਮਹਿਮਾਨ**

- ਬੰਗਾਬੰਧੂ ਸ਼ੇਖ ਮੁਜ਼ੀਬੁਰ ਰਹਿਮਾਨ ਐਗਰੀਕਲਚਰਲ ਯੂਨੀਵਰਸਿਟੀ (ਬੀ ਐਸ ਐਮ ਆਰ ਏ ਯੂ), ਬੰਗਲਾਦੇਸ਼ ਤੋਂ ਦੋ ਮੈਂਬਰੀ ਵਫ਼ਦ ਨੇ 27 ਜੁਲਾਈ 2015 ਨੂੰ ਪੀ ਏ ਯੂ ਦਾ ਦੌਰਾ ਕੀਤਾ ਜਿਸ ਦਾ ਮੰਤਵ ਖੇਤੀਬਾੜੀ ਸਿੱਖਿਆ ਸਿਸਟਮ ਅਤੇ ਬੀ ਐਸ ਐਮ ਆਰ ਏ ਯੂ ਦੇ ਕੋਰਸਾਂ ਨੂੰ ਨਵਿਆਉਣ ਸੰਬੰਧੀ ਵਿਚਾਰ ਵਟਾਂਦਰਾ ਕਰਨਾ ਸੀ ।
- ਕੀਨੀਆ, ਲਾਇਬੇਰੀਆ ਅਤੇ ਮਾਲਾਵੀ ਤੋਂ 38 ਮੈਂਬਰੀ ਵਫ਼ਦ ਨੇ ਯੂਨੀਵਰਸਿਟੀ ਦੇ ਖੋਜ ਅਤੇ ਪਸਾਰ ਪ੍ਰੋਗਰਾਮਾਂ ਬਾਰੇ ਜਾਣਕਾਰੀ ਲੈਣ ਹਿਤ 28 ਜੁਲਾਈ 2015 ਨੂੰ ਪੀ ਏ ਯੂ ਦਾ ਦੌਰਾ ਕੀਤਾ ।
- ਅੰਬੈਸੀ ਆਫ਼ ਦਿ ਕਿੰਗਡਮ ਆਫ਼ ਬੈਲਜ਼ੀਅਮ ਦੇ ਦੋ ਮੈਂਬਰੀ ਵਫ਼ਦ ਨੇ ਸਾਂਝੇ ਖੇਤਰਾਂ ਵਿੱਚ ਖੇਤੀ ਖੋਜ ਦੀਆਂ ਸੰਭਾਵਨਾਵਾਂ ਨੂੰ ਦੇਖਣ ਲਈ 10 ਅਗਸਤ 2015 ਨੂੰ ਪੀ ਏ ਯੂ ਦਾ ਦੌਰਾ ਕੀਤਾ । ਇਸ ਵਫ਼ਦ ਵਿੱਚ ਮਾਣਯੋਗ ਮਿ: ਜਾਨ ਲੁਇਕਵ, ਅੰਬੈਸਡਰ ਆਫ਼ ਦਿ ਕਿੰਗਡਮ ਆਫ਼ ਬੈਲਜ਼ੀਅਮ ਅਤੇ ਮਿ: ਐਂਟੋਨ ਡਿਲਕੋਰਟ, ਕੌਂਸਲਰ ਆਰਥਿਕ ਮਾਮਲੇ, ਅੰਬੈਸੀ ਆਫ਼ ਦਿ ਕਿੰਗਡਮ ਆਫ਼ ਬੈਲਜ਼ੀਅਮ ਸ਼ਾਮਲ ਹਨ ।
- ਅੰਤਰਰਾਸ਼ਟਰੀ ਮੱਕੀ ਅਤੇ ਕਣਕ ਸੁਧਾਰ ਕੇਂਦਰ (ਸੀ ਆਈ ਐਮ ਐਮ ਵਾਈ ਟੀ) ਤੋਂ ਨੌਂ ਮੈਂਬਰੀ ਵਫ਼ਦ ਨੇ 5 ਅਕਤੂਬਰ 2015 ਨੂੰ ਪੀ ਏ ਯੂ ਦਾ ਦੌਰਾ ਕੀਤਾ । ਇਸ ਵਫ਼ਦ ਦੀ ਅਗਵਾਈ ਡਾ. ਮਾਰਟਿਨ ਕ੍ਰੋਪਫ਼, ਡਾਇਰੈਕਟਰ ਜਨਰਲ, ਸੀ ਆਈ ਐਮ ਐਮ ਵਾਈ ਟੀ ਕਰ ਰਹੇ ਸਨ ।
- ਪੀ ਯੂ ਐਮ ਨੀਦਰਲੈਂਡਜ਼ ਦੇ ਸੀਨੀਅਰ ਮਾਹਿਰਾਂ ਦੇ ਦੋ ਮੈਂਬਰੀ ਵਫ਼ਦ ਨੇ 14 ਅਕਤੂਬਰ 2015 ਨੂੰ ਪੀ ਏ ਯੂ ਦਾ ਦੌਰਾ ਕੀਤਾ ਤਾਂ ਜੋ ਦੋਹਾਂ ਸੰਸਥਾਵਾਂ ਵਿਚਕਾਰ ਆਪਸੀ ਸਹਿਯੋਗ ਦੀਆਂ ਸੰਭਾਵਨਾਵਾਂ ਦੀ ਖੋਜ ਕੀਤੀ ਜਾ ਸਕੇ। ਇਸ ਵਫ਼ਦ ਵਿੱਚ ਮਿ: ਜੈਕੁਇਸ ਈਜ਼ਕਿਨਜ਼, ਕੰਟਰੀ ਕੋਆਰਡੀਨੇਟਰ, ਇੰਡੀਆ ਅਤੇ ਸ੍ਰੀ ਕੇ.ਆਰ.ਜੈਨ ਭਾਰਤ ਦੇ ਪ੍ਰਤੀਨਿਧ ਸ਼ਾਮਲ ਸਨ ।
- ਪ੍ਰੋਫੈਸਰ ਕਲੀਮੈਂਟ ਸੈਨਕੇਟ, ਪ੍ਰੋ ਵਾਈਸ ਚਾਂਸਲਰ ਅਤੇ ਕੈਂਪਸ ਪ੍ਰਿੰਸੀਪਲ, ਆਗਸਟਿਨ ਕੈਂਪਸ, ਯੂਨੀਵਰਸਿਟੀ ਆਫ਼ ਵੈਸਟ ਇੰਡੀਜ਼, ਪੋਰਟ ਆਫ਼ ਸਪੇਨ, ਟ੍ਰਿਨੀਡੇਡ ਅਤੇ ਟੋਬੇਗੋ ਨੇ ਆਪਸੀ ਸਹਿਯੋਗ ਦੇ ਮੱਦੇਨਜ਼ਰ 3-4 ਨਵੰਬਰ 2015 ਨੂੰ ਪੀ ਏ ਯੂ ਦਾ ਦੌਰਾ ਕੀਤਾ ।
- ਡਾ. ਪ੍ਰਤਾਪ ਖੰਨਾ, ਸਾਬਕਾ ਸੀਨੀਅਰ ਪ੍ਰਮੁੱਖ ਖੋਜ ਵਿਗਿਆਨੀ, ਸੀ ਐਸ ਆਈ ਆਰ ਓ, ਕੈਨਬਰਾ, ਆਸਟ੍ਰੇਲੀਆ ਨੇ ਭੂਮੀ ਵਿਗਿਆਨ ਦੀ ਭਾਰਤੀ ਸੰਸਥਾ ਦੇ ਪੰਜਵੇਂ ਡਾ. ਐਨ ਪੀ ਦੱਤਾ ਯਾਦਗਾਰੀ ਭਾਸ਼ਣ ਮੌਕੇ "ਭੂਮੀ ਕਾਰਬਨ ਨੂੰ ਅਲੱਗ ਕਰਨ ਦੇ ਤਰੀਕੇ ਅਤੇ ਸੀਮਾਵਾਂ" ਵਿਸ਼ੇ ਤੇ ਭਾਸ਼ਣ ਦੇਣ ਲਈ 3 ਨਵੰਬਰ 2015 ਨੂੰ ਪੀ ਏ ਯੂ ਦਾ ਦੌਰਾ ਕੀਤਾ ।
- ਪੁਰਡਿਊ ਯੂਨੀਵਰਸਿਟੀ, ਯੂ ਐਸ ਏ ਤੋਂ ਛੇ ਮੈਂਬਰੀ ਵਫ਼ਦ ਨੇ 7 ਦਸੰਬਰ 2015 ਨੂੰ ਪੀ ਏ ਯੂ ਦਾ ਦੌਰਾ ਕੀਤਾ ਤਾਂ ਜੋ ਪੀਏਯੂ ਅਤੇ ਖੇਤੀਬਾੜੀ ਕਾਲਜ, ਪੁਰਡਿਊ ਯੂਨੀਵਰਸਿਟੀ, ਯੂ ਐਸ ਏ ਵਿਚਕਾਰ ਅਗਸਤ 2014 ਨੂੰ ਹੋਏ ਅਹਿਦਨਾਮੇ ਮੁਤਾਬਕ "ਪੀ ਏ ਯੂ - ਪੁਰਡਿਊ ਯੂਨੀਵਰਸਿਟੀ ਸਾਂਝੇ ਖੋਜ ਕੇਂਦਰ" ਦੀ ਸਥਾਪਨਾ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਜਾ ਸਕੇ । ਇਸ ਵਫ਼ਦ ਵਿੱਚ ਡਾ. ਕੇ.ਜੀ. ਰਘੋਥਾਮਾ, ਐਸੋਸੀਏਟ ਡਾਇਰੈਕਟਰ, ਇੰਟਰਨੈਸ਼ਨਲ ਪ੍ਰੋਗਰਾਮਜ਼ ਇਨ ਐਗਰੀਕਲਚਰ; ਡਾ. ਜੀ.ਐਸ. ਜੌਹਲ, ਪ੍ਰੋਫੈਸਰ, ਬਾਟਨੀ ਅਤੇ ਪਲਾਂਟ ਪੈਥਾਲੋਜੀ; ਡਾ. ਮਿਸ ਟਿਊਂਸਟ੍ਰਾ, ਪ੍ਰੋਫੈਸਰ ਆਫ਼ ਐਗਰੋਨੋਮੀ ਅਤੇ ਪੀ ਐਚ ਡੀ ਦੇ ਤਿੰਨ ਵਿਦਿਆਰਥੀ ਜਿਨ੍ਹਾਂ ਦੇ ਨਾਮ ਮੀਗੇਨ ਫੈਂਟੋਨ, ਬਰਾਡ ਥਾਡਾ ਅਤੇ ਆਰ. ਐਸ. ਖੰਘੁੜਾ ਸ਼ਾਮਲ ਸਨ ।
- ਪੰਜ ਸਾਲਾ ਰੀਵਿਊ ਟੀਮ ਨੇ 2 ਫ਼ਰਵਰੀ 2016 ਨੂੰ ਸਰ੍ਹੋਂ ਦੀ ਪਰਖ ਕਰਨ ਲਈ ਪੀ ਏ ਯੂ ਦਾ ਦੌਰਾ ਕੀਤਾ ।
- ਨੇਪਾਲ ਤੋਂ ਅੱਠ ਮੈਂਬਰੀ ਵਫ਼ਦ ਨੇ ਨੇਪਾਲ ਵਿੱਚ ਭੋਜਨ ਸੁਰੱਖਿਆ ਅਤੇ ਖੇਤੀ ਵਿਕਾਸ ਨੂੰ ਹੁਲਾਰਾ ਦੇਣ ਦੀ ਨੀਤੀ ਤਹਿਤ 25 ਫ਼ਰਵਰੀ 2016 ਨੂੰ ਪੀ ਏ ਯੂ ਦਾ ਦੌਰਾ ਕੀਤਾ । ਇਸ ਵਫ਼ਦ ਦੀ ਅਗਵਾਈ ਡਾ. ਯੁਬੇਕ ਡੋਜ਼, ਡਾਇਰੈਕਟਰ ਜਨਰਲ, ਖੇਤੀਬਾੜੀ ਵਿਭਾਗ, ਨੇਪਾਲ ਸਰਕਾਰ ਕਰ ਰਹੇ ਸਨ ।
- ਸ੍ਰੀ ਸੁਰੇਸ਼ ਕੁਮਾਰ, ਸਾਬਕਾ ਵਧੀਕ ਚੀਫ਼ ਸਕੱਤਰ, ਪੰਜਾਬ ਨੇ ਲੜਕੀਆਂ ਦੇ ਹੋਸਟਲ ਦਾ ਉਦਘਾਟਨ ਕਰਨ ਲਈ 5 ਮਾਰਚ 2016 ਨੂੰ ਪੀ ਏ ਯੂ ਦਾ ਦੌਰਾ ਕੀਤਾ ।
- ਸ੍ਰੀ ਸ਼ਿਵਰਾਜ ਚੌਹਾਨ, ਮੁੱਖ ਮੰਤਰੀ, ਮੱਧ ਪ੍ਰਦੇਸ਼ ਨੇ ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਅਤੇ ਪਲਾਂਟ ਪੈਥਾਲੋਜੀ ਵਿਭਾਗਾਂ ਵੱਲੋਂ ਅਪਣਾਈਆਂ ਜਾ ਰਹੀਆਂ ਖੇਤੀ ਤਕਨੀਕਾਂ ਬਾਰੇ ਜਾਣਕਾਰੀ ਲੈਣ ਹਿਤ 6 ਮਾਰਚ 2016 ਨੂੰ ਪੀ ਏ ਯੂ ਦਾ ਦੌਰਾ ਕੀਤਾ ।
- ਡਾ. ਕੁਲਦੀਪ ਕੁਮਾਰ, ਸੀਨੀਅਰ ਵਾਤਾਵਰਣਕ ਭੂਮੀ ਵਿਗਿਆਨੀ, ਮੈਟਰੋਪੋਲੀਟਨ ਵਾਟਰ ਰੀਕਲੇਮੇਸ਼ਨ ਡਿਸਟ੍ਰਿਕ ਆਫ਼ ਗਰੇਟਰ ਸ਼ਿਕਾਗੋ, ਯੂ ਐਸ ਏ ਨੇ ਭੂਮੀ ਵਿਗਿਆਨ ਵਿਭਾਗ ਦੇ ਅਧਿਆਪਕਾਂ, ਖੋਜਾਰਥੀਆਂ ਅਤੇ ਪੋਸਟਗ੍ਰੈਜੂਏਟ ਵਿਦਿਆਰਥੀਆਂ ਨਾਲ ਵਿਚਾਰ ਵਟਾਂਦਰਾ ਕਰਨ ਲਈ 25 ਮਾਰਚ 2016 ਨੂੰ ਪੀ ਏ ਯੂ ਦਾ ਦੌਰਾ ਕੀਤਾ ।
- ਡਾ. ਮਨੋਹਰ ਸਿੰਘ ਗਿੱਲ, ਰਾਜ ਸਭਾ ਦੇ ਸਾਬਕਾ ਮੈਂਬਰ ਅਤੇ ਭਾਰਤ ਦੇ ਸਾਬਕਾ ਪ੍ਰਮੁੱਖ ਚੋਣ ਕਮਿਸ਼ਨਰ ਨੇ ਲੜਕੀਆਂ ਦੇ

ਹੋਸਟਲ (ਪੱਛਮੀ ਬਲਾਕ) ਜਿਸ ਦੀ ਉਸਾਰੀ ਲਈ ਉਨ੍ਹਾਂ ਨੇ ਐਮ ਪੀ ਐਲ ਏ ਡੀ ਫੰਡ ਗਰਾਂਟ ਵਿਚੋਂ 60 ਲੱਖ ਰੁਪਏ ਦੀ ਰਾਸ਼ੀ ਦਿੱਤੀ ਸੀ, ਦਾ ਨੀਂਹ ਪੱਥਰ ਰੱਖਣ ਲਈ 26 ਮਾਰਚ 2016 ਨੂੰ ਪੀ ਏ ਯੂ ਦਾ ਦੌਰਾ ਕੀਤਾ ।

- ਅਫ਼ਗਾਨਿਸਤਾਨ ਦੇ 22 ਮੈਂਬਰੀ ਵਫ਼ਦ, ਜਿਸ ਦੀ ਅਗਵਾਈ ਹਮੀਦ ਹਲਮਾਦੀ, ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਦੇ ਸਲਾਹਕਾਰ ਕਰ ਰਹੇ ਸਨ, ਨੇ ਜਲ-ਵਿਭਾਜਕ ਅਤੇ ਬੀਜ ਪ੍ਰਮਾਣਿਕਤਾ ਉੱਤੇ ਵਿਚਾਰ ਵਟਾਂਦਰਾ ਕਰਨ ਲਈ 26 ਮਾਰਚ 2016 ਨੂੰ ਪੀ ਏ ਯੂ ਦਾ ਦੌਰਾ ਕੀਤਾ ।
- ਡਾ. ਐਨ.ਕੇ. ਪਠਾਨੀਆ, ਸਾਬਕਾ ਨਿਰਦੇਸ਼ਕ ਖੋਜ, ਸੀ ਐਸ ਕੇ ਹਿਮਾਚਲ ਪ੍ਰਦੇਸ਼ ਕ੍ਰਿਸ਼ੀ ਵਿਸ਼ਵ ਵਿਦਿਆਲਾ, ਪਾਲਮਪੁਰ ਨੇ "ਸਬਜ਼ੀਆਂ ਦੀਆਂ ਫ਼ਸਲਾਂ ਦੀ ਸੁਰੱਖਿਅਤ ਕਾਸ਼ਤਕਾਰੀ" ਤੇ ਭਾਸ਼ਨ ਦੇਣ ਲਈ 30 ਮਾਰਚ 2016 ਨੂੰ ਪੀ ਏ ਯੂ ਦਾ ਦੌਰਾ ਕੀਤਾ ।
- ਡਾ. ਬੀ. ਐਸ. ਆਹਲੂਵਾਲੀਆ, ਸਾਬਕਾ ਸਟਾਫ਼ ਮੈਂਬਰ, ਖੇਤੀਬਾੜੀ ਅਤੇ ਭੋਜਨ ਵਿਕਾਸ ਅਥਾਰਟੀ, ਡਬਲਿਨ, ਆਇਰਲੈਂਡ ਨੇ "ਪੰਜਾਬ ਦੀ ਖੇਤੀਬਾੜੀ ਅਤੇ ਇਸ ਨੂੰ ਦਰਪੇਸ਼ ਸਮੱਸਿਆਵਾਂ" ਵਿਸ਼ੇ ਤੇ ਭਾਸ਼ਣ ਦੇਣ ਲਈ 4 ਅਪ੍ਰੈਲ 2016 ਨੂੰ ਪੀ ਏ ਯੂ ਦਾ ਦੌਰਾ ਕੀਤਾ ।
- ਡਾ. ਐਮ.ਐਲ. ਚੱਢਾ, ਸਾਬਕਾ ਨਿਰਦੇਸ਼ਕ, ਵਿਸ਼ਵ ਸਬਜ਼ੀ ਕੇਂਦਰ, ਹੈਦਰਾਬਾਦ (ਖੇਤਰੀ ਸਟੇਸ਼ਨ) ਨੇ "ਸਬਜ਼ੀਆਂ ਦੀ ਉੱਤਮ ਨਰਸਰੀ ਉਤਪਾਦਨ" ਤੇ ਭਾਸ਼ਨ ਦੇਣ ਲਈ 17 ਅਪ੍ਰੈਲ 2016 ਨੂੰ ਪੀ ਏ ਯੂ ਦਾ ਦੌਰਾ ਕੀਤਾ ।
- ਜਰਮਨੀ ਤੋਂ ਕਿਸਾਨਾਂ ਦੇ 24 ਮੈਂਬਰੀ ਵਫ਼ਦ ਨੇ ਪੰਜਾਬ ਦੇ ਖੇਤੀਬਾੜੀ ਰੁਝਾਨਾਂ ਦਾ ਅਧਿਐਨ ਕਰਨ ਲਈ 21 ਅਪ੍ਰੈਲ 2016 ਨੂੰ ਪੀ ਏ ਯੂ ਦਾ ਦੌਰਾ ਕੀਤਾ ।
- ਡਾ. ਵੀ.ਸੀ. ਤੋਮਰ, ਵਾਈਸ ਚਾਂਸਲਰ ਜਵਾਹਰ ਲਾਲ ਨਹਿਰੂ ਕ੍ਰਿਸ਼ੀ ਵਿਸ਼ਵਵਿਦਿਆਲਾ, ਜਬਲਪੁਰ ਅਤੇ ਡਾ. ਐਸ. ਕੇ. ਰਾਓ, ਨਿਰਦੇਸ਼ਕ ਖੋਜ ਸੇਵਾਵਾਂ, ਜੇ ਐਨ ਕੇ ਵੀ ਵੀ ਨੇ ਪੀ ਏ ਯੂ ਦੇ ਉੱਚ ਅਧਿਕਾਰੀਆਂ ਨਾਲ ਵਿਚਾਰ ਵਟਾਂਦਰਾ ਕਰਨ ਲਈ 29 ਅਪ੍ਰੈਲ 2016 ਨੂੰ ਪੀ ਏ ਯੂ ਦਾ ਦੌਰਾ ਕੀਤਾ ।
- ਖੇਤੀਬਾੜੀ ਖੋਜ ਅਤੇ ਵਿਕਾਸ ਲਈ ਬਾਰਲਾਗ ਉਚੇਰੀ ਸਿੱਖਿਆ (ਬੀ ਐਚ ਈ ਏ ਆਰ ਡੀ) ਮਿਸ਼ੀਗਨ ਸਟੇਟ ਯੂਨੀਵਰਸਿਟੀ ਯੂ ਐਸ ਏ ਤੋਂ ਤਿੰਨ ਸੀਨੀਅਰ ਵਿਗਿਆਨੀਆਂ ਦੇ ਵਫ਼ਦ, ਜਿਸ ਦੀ ਅਗਵਾਈ ਡਾ. ਐਨੇ ਸ਼ੈਨਲਰ, ਸਹਿ-ਨਿਰਦੇਸ਼ਕ, ਬੀ ਐਚ ਈ ਏ ਆਰ ਡੀ ਕਰ ਰਹੇ ਸਨ, ਨੇ ਪੀ ਏ ਯੂ ਵਿਖੇ ਬੰਗਲਾਦੇਸ਼ੀ ਵਿਦਿਆਰਥੀਆਂ ਦੀ ਡਾਕਟਰੀ ਪੱਧਰ ਦੀ ਪੜ੍ਹਾਈ ਲਈ ਫੰਡ ਮੁਹੱਈਆ ਕਰਨ ਦੀਆਂ ਸੰਭਾਵਨਾਵਾਂ ਦੀ ਖੋਜ ਕਰਨ ਲਈ 17 ਮਈ 2016 ਨੂੰ ਪੀ ਏ ਯੂ ਦਾ ਦੌਰਾ ਕੀਤਾ ।
- ਸ਼੍ਰੀ ਰਾਧਾ ਮੋਹਨ ਸਿੰਘ, ਕੇਂਦਰੀ ਖੇਤੀਬਾੜੀ ਮੰਤਰੀ ਨੇ ਕਿਸਾਨਾਂ ਦੇ ਭਲੇ ਲਈ ਕੇਂਦਰ ਸਰਕਾਰ ਵੱਲੋਂ ਸ਼ੁਰੂ ਕੀਤੇ ਰਾਸ਼ਟਰੀ ਖੇਤੀਬਾੜੀ ਰੁਝਾਨਾਂ ਅਤੇ ਸਕੀਮਾਂ ਬਾਰੇ ਜਾਣਕਾਰੀ ਦੇਣ ਲਈ 27 ਮਈ 2016 ਨੂੰ ਪੀ ਏ ਯੂ ਦਾ ਦੌਰਾ ਕੀਤਾ ।
- ਓਹਾਈਓ ਸਟੇਟ ਯੂਨੀਵਰਸਿਟੀ, ਯੂ ਐਸ ਏ ਦੇ ਚਾਰ ਮੈਂਬਰੀ ਵਫ਼ਦ ਨੇ ਦੋਹਾਂ ਸੰਸਥਾਵਾਂ ਵਿਚਕਾਰ ਆਪਸੀ ਸਹਿਯੋਗ ਨੂੰ ਹੁਲਾਰਾ ਦੇਣ ਲਈ 27 ਮਈ 2016 ਨੂੰ ਪੀ ਏ ਯੂ ਦਾ ਦੌਰਾ ਕੀਤਾ ।
- ਪੀਪਲ'ਜ਼ ਰਿਪਬਲਿਕ ਆਫ਼ ਐਂਗੋਲਾ ਦੇ ਖੇਤੀਬਾੜੀ ਮੰਤਰਾਲੇ ਦੇ 11 ਮੈਂਬਰੀ ਵਫ਼ਦ ਨੇ ਐਂਗੋਲਾ ਵਿੱਚ ਖੇਤੀ ਖੋਜ, ਅਧਿਆਪਨ ਅਤੇ ਪਸਾਰ ਨੂੰ ਹੁਲਾਰਾ ਦੇਣ ਹਿਤ ਆਪਸੀ ਸੰਬੰਧਾਂ ਨੂੰ ਮਜ਼ਬੂਤ ਕਰਨ ਲਈ 27 ਮਈ 2016 ਨੂੰ ਪੀ ਏ ਯੂ ਦਾ ਦੌਰਾ ਕੀਤਾ । ਇਸ ਵਫ਼ਦ ਦੀ ਅਗਵਾਈ ਇੰਜ. ਐਫੋਂਜੋ ਪੀਡਰੋ ਕੈਨਗਾ, ਖੇਤੀਬਾੜੀ ਮੰਤਰੀ, ਐਂਗੋਲਾ ਕਰ ਰਹੇ ਸਨ।

## ਸਿਖਲਾਈਆਂ ਅਤੇ ਵਿਦੇਸ਼ ਦੌਰੇ

### ਖੇਤੀਬਾੜੀ ਕਾਲਜ

- ਡਾ. ਸਤਿੰਦਰ ਕੌਰ (ਸਕੂਲ ਆਫ਼ ਐਗਰੀਕਲਚਰਲ ਬਾਇਓਤਕਨਾਲੋਜੀ) ਨੇ "ਪ੍ਰਤੀਰੋਧਿਕ ਜੀਨਾਂ ਦੀ ਕਲੋਨਿੰਗ ਲਈ ਰਿਨਸਿਕ ਤਕਨਾਲੋਜੀ" ਉੱਤੇ ਸਿਖਲਾਈ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ 1 ਜੁਲਾਈ ਤੋਂ ਸਤੰਬਰ 2015 ਦੌਰਾਨ ਜਾਹਨ ਇਨਜ਼ ਸੈਂਟਰ, ਨਾਰਵਿਕ, ਯੂ.ਕੇ. ਦਾ ਦੌਰਾ ਕੀਤਾ ।
- ਡਾ. ਪੀ ਐਸ ਸੰਧੂ, ਡਾ. ਵਰਿੰਦਰ ਸਰਦਾਨਾ, ਡਾ. ਪੁਸ਼ਪ ਸ਼ਰਮਾ, ਡਾ. ਸਰਵਨ ਕੁਮਾਰ ਅਤੇ ਡਾ. ਪੰਕਜ ਸ਼ਰਮਾ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੇ "14ਵੀਂ ਅੰਤਰਰਾਸ਼ਟਰੀ ਰੇਪਸੀਡ ਕਾਂਗਰਸ" ਵਿੱਚ ਸ਼ਾਮਲ ਹੋਣ ਲਈ 5-9 ਜੁਲਾਈ 2015 ਦੌਰਾਨ ਸੈਸਕਾਟੂਨ, ਸਸਕੈਚਵਨ, ਕੈਨੇਡਾ ਦਾ ਦੌਰਾ ਕੀਤਾ ।
- ਡਾ. ਰਿਤੂ ਬਾਲਾ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੇ "ਪੀਲੀ ਕੁੰਗੀ ਅਤੇ ਪੱਤੇ ਦੀ ਕਾਂਗਿਆਰੀ ਦੇ ਵੱਧ ਰਹੇ ਹਮਲਿਆਂ ਦੇ ਸੰਬੰਧ ਵਿੱਚ ਜਰਮਪਲਾਜ਼ਮ ਦਾ ਮੁਲਾਂਕਣ ਅਤੇ ਤਣੇ ਦੀ ਕੁੰਗੀ ਨੂੰ ਨੋਟ ਕਰਨ ਦੇ ਮਿਆਰੀਕਰਨ" ਦੇ ਅਧਿਐਨ ਲਈ 12-18 ਅਕਤੂਬਰ 2015 ਦੌਰਾਨ ਕੀਨੀਆ ਐਗਰੀਕਲਚਰਲ ਰਿਸਰਚ ਇੰਸਟੀਚਿਊਟ, ਖੋਜ ਸਟੇਸ਼ਨ, ਕੀਨੀਆ ਨਜੋਰੋ, ਕੀਨੀਆ ਦਾ ਦੌਰਾ ਕੀਤਾ ।
- ਡਾ. ਐਸ. ਕੇ. ਚੌਹਾਨ (ਵਣ ਅਤੇ ਕੁਦਰਤੀ ਸੋਮੇ) ਨੇ ਏ ਸੀ ਐਮ ਈ ਸੀ ਐਸ ਬਾਇਓਐਨਰਜੀ ਦੇ ਭਵਿੱਖਮਈ ਵਿਕਾਸ ਉੱਤੇ ਤੀਜੀ ਵਰਕਸ਼ਾਪ ਵਿੱਚ ਹਿੱਸਾ ਲੈਣ ਲਈ 8-11 ਦਸੰਬਰ 2015 ਦੌਰਾਨ ਕੇਸਿਟਸਾਰਟ ਯੂਨੀਵਰਸਿਟੀ, ਉਬੋਨ ਰੈਟਚਟਾਨੀ, ਥਾਈਲੈਂਡ ਦਾ ਦੌਰਾ ਕੀਤਾ ।
- ਸ਼੍ਰੀ ਇੰਦਰਜੀਤ ਯਾਦਵ (ਸਕੂਲ ਆਫ਼ ਐਗਰੀਕਲਚਰਲ ਬਾਇਓਤਕਨਾਲੋਜੀ) ਨੇ "ਕਣਕ ਵਿੱਚ ਸਟਾਰਚ ਸਿੰਥੈਸਿਸ ਵਿੱਚ ਸ਼ਾਮਲ ਜੀਨਜ਼ ਦੀ ਸਿਲੀਕੋ ਪਛਾਣ" ਉਤੇ ਸਿਖਲਾਈ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ 1-20 ਫ਼ਰਵਰੀ 2016

ਦੌਰਾਨ ਸੈਂਟਰ ਫਾਰ ਪਲਾਂਟ ਫੰਕਸ਼ਨਲ ਜੀਨੋਮਿਕਸ, ਆਸਟ੍ਰੇਲੀਆ ਦਾ ਦੌਰਾ ਕੀਤਾ ।

- ਡਾ. ਸੰਦੀਪ ਜੈਨ (ਪਲਾਂਟ ਪੈਥਾਲੋਜੀ) ਨੇ ਸਿਖਲਾਈ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ 29 ਫ਼ਰਵਰੀ ਤੋਂ 18 ਮਾਰਚ 2016 ਦੌਰਾਨ ਖੇਤੀਬਾੜੀ ਵਿੱਚ ਓਰੀਐਂਟਿਡ ਖੋਜ ਵਿਕਾਸ ਲਈ ਅੰਤਰਰਾਸ਼ਟਰੀ ਕੇਂਦਰ, ਵੈਜਨਿਨਜਿਨ, ਦਿ ਨੀਦਰਲੈਂਡ ਦਾ ਦੌਰਾ ਕੀਤਾ ।
- ਸ੍ਰੀ ਹੀਰਾ ਸਿੰਘ (ਸਬਜ਼ੀ ਵਿਗਿਆਨ) ਨੇ "ਟਮਾਟਰਾਂ ਦੀ ਪਿਉਂਦ ਲਾਉਣ" ਉਤੇ ਸਿਖਲਾਈ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ 13 ਮਾਰਚ ਤੋਂ 13 ਸਤੰਬਰ 2016 ਦੌਰਾਨ ਖੇਤੀ ਖੋਜ ਅਤੇ ਵਿਕਾਸ ਕੇਂਦਰ, ਓਹਾਈਓ ਸਟੇਟ ਯੂਨੀਵਰਸਿਟੀ, ਵੂਸਟਰ, ਯੂ ਐਸ ਏ ਦਾ ਦੌਰਾ ਕੀਤਾ ।
- ਡਾ. ਐਸ ਐਸ ਕੂਕਲ (ਭੂਮੀ ਵਿਗਿਆਨ) ਨੇ ਯੂ ਐਨ ਈ ਪੀ ਦੀ ਫੰਡ ਇਕੱਠਾ ਕਰਨ ਲਈ ਨੀਤੀ ਵਰਕਸ਼ਾਪ ਵਿੱਚ ਸਲਾਹ ਮਸ਼ਵਰਾ ਕਮੇਟੀ ਮੈਂਬਰ ਵਜੋਂ ਸ਼ਾਮਲ ਹੋਣ ਲਈ 24-25 ਮਾਰਚ 2016 ਦੌਰਾਨ ਬੈਂਕਾਕ, ਥਾਈਲੈਂਡ ਦਾ ਦੌਰਾ ਕੀਤਾ ।
- ਡਾ. ਜੀ. ਐਸ. ਮਾਂਗਟ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੇ ਹਾਈਬ੍ਰਿਡ ਰਾਈਸ ਡਿਵੈਲਪਮੈਂਟ ਕੰਸੋਰਸ਼ੀਅਮ ਮੀਟਿੰਗ ਵਿੱਚ ਸ਼ਾਮਲ ਹੋਣ ਲਈ 30 ਮਾਰਚ ਤੋਂ 1 ਅਪ੍ਰੈਲ 2016 ਦੌਰਾਨ ਅੰਤਰਰਾਸ਼ਟਰੀ ਝੋਨਾ ਖੋਜ ਸੰਸਥਾਨ, ਫਿਲਪਾਈਨਜ਼ ਦਾ ਦੌਰਾ ਕੀਤਾ ।
- ਡਾ. ਅਸਮਿਤਾ ਸਿਰਾਰੀ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੇ "ਫੂਡ ਲੈਗਿਊਮ ਬਰੀਡਿੰਗ" ਵਿੱਚ ਅੰਤਰਰਾਸ਼ਟਰੀ ਸਿਖਲਾਈ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ 11-12 ਅਪ੍ਰੈਲ 2016 ਦੌਰਾਨ ਆਈ ਸੀ ਏ ਆਰ ਡੀ ਏ, ਰਾਬਾਤ, ਮੋਰਾਕੋ ਦਾ ਦੌਰਾ ਕੀਤਾ ।
- ਡਾ. ਐਚ. ਐਸ. ਰਤਨਪਾਲ (ਫ਼ਲ ਵਿਗਿਆਨ) ਨੇ "ਉਭਰਦੀਆਂ ਮੰਡੀਆਂ ਵਿੱਚ ਬਾਗਬਾਨੀ ਖੇਤਰ ਦੇ ਵਿਕਾਸ" ਸੰਬੰਧੀ ਸਿਖਲਾਈ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ 9-27 ਮਈ 2016 ਦੌਰਾਨ ਵੈਜਨਿਨਜਿਨ ਯੂਨੀਵਰਸਿਟੀ, ਦਿ ਨੀਦਰਲੈਂਡਜ਼ ਦਾ ਦੌਰਾ ਕੀਤਾ ।
- ਡਾ. ਅਨਿਰੁਧ ਠਾਕੁਰ (ਫ਼ਲ ਵਿਗਿਆਨ) ਨੇ "ਬਾਇਓਇੰਨਫਰਮੈਟਿਕਜ਼ ਅਤੇ ਬਾਇਓਤਕਨਾਲੋਜੀ" ਉੱਤੇ ਅੰਤਰਰਾਸ਼ਟਰੀ ਸਿਖਲਾਈ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ 9 ਮਈ ਤੋਂ 7 ਜੂਨ 2016 ਦੌਰਾਨ ਹੈਬਰੀਊ ਯੂਨੀਵਰਸਿਟੀ, ਇਜ਼ਰਾਈਲ ਦਾ ਦੌਰਾ ਕੀਤਾ ।
- ਡਾ. ਹਰੀ ਰਾਮ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੇ ਹਾਰਵੈਸਟ ਜ਼ਿੰਕ ਦੀ ਪ੍ਰੋਜੈਕਟ ਮੀਟਿੰਗ ਵਿੱਚ ਸ਼ਾਮਲ ਹੋਣ ਲਈ 22-25 ਮਈ 2016 ਦੌਰਾਨ ਸਾਬਾਂਕੀ ਯੂਨੀਵਰਸਿਟੀ, ਇਸਤਾਨਬੁਲ, ਤੁਰਕੀ ਦਾ ਦੌਰਾ ਕੀਤਾ ।
- ਡਾ. ਪੀ.ਕੇ. ਛੁਨੇਜਾ (ਕੀਟ ਵਿਗਿਆਨ) ਨੇ ਜਾਣਕਾਰੀ ਵਧਾਉਣ ਅਤੇ ਸਿਖਲਾਈ ਹਾਸਲ ਕਰਨ ਲਈ 29 ਮਈ ਤੋਂ 9 ਜੂਨ 2016 ਦੌਰਾਨ ਸਲੋਵੇਨੀਆ ਅਤੇ ਹੰਗਰੀ ਦਾ ਦੌਰਾ ਕੀਤਾ ।
- ਮਿਜ਼ ਅਮਰਿੰਦਰ ਕੌਰ (ਪਲਾਂਟ ਪੈਥਾਲੋਜੀ) ਨੇ ਸਿਖਲਾਈ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ 30 ਮਈ ਤੋਂ 17 ਜੂਨ 2016 ਦੌਰਾਨ ਸੈਂਟਰ ਫਾਰ ਡਿਵੈਲਪਮੈਂਟ ਇੰਨੋਵੇਸ਼ਨ, ਵੈਜਨਿਨਜਿਨ, ਦਿ ਨੀਦਰਲੈਂਡਜ਼ ਦਾ ਦੌਰਾ ਕੀਤਾ।
- ਡਾ. ਨਵਨੀਤ ਕੌਰ (ਵਣ ਅਤੇ ਕੁਦਰਤੀ ਸੋਮੇ) ਨੇ "ਨਦੀਨ ਵਿਗਿਆਨ ਉੱਤੇ ਸੱਤਵੀਂ ਅੰਤਰਰਾਸ਼ਟਰੀ ਕਾਂਗਰਸ" ਮੌਕੇ ਖੋਜ ਪੇਪਰ ਪ੍ਰਸਤੁਤ ਕਰਨ ਲਈ 19-25 ਜੂਨ 2016 ਦੌਰਾਨ "ਯੂਨੀਵਰਸਿਟੀ ਆਫ਼ ਲਾਈਫ਼ ਸਾਇੰਸਜ਼, ਪਰਾਗ, ਚੈੱਕ ਰਿਪਬਲਿਕ ਦਾ ਦੌਰਾ ਕੀਤਾ ।

**ਖੇਤੀ ਇੰਜੀਨਅਰਿੰਗ ਅਤੇ ਤਕਨਾਲੋਜੀ ਕਾਲਜ**

- ਡਾ. ਵੀ.ਪੀ. ਸੇਠੀ (ਮਕੈਨੀਕਲ ਇੰਜਨੀਅਰਿੰਗ) ਨੇ "ਵਿਕਾਸਸ਼ੀਲ ਦੇਸ਼ਾਂ ਲਈ ਨਵੀਆਂ ਹਾਈਡ੍ਰੋਪੋਨਿਕਜ਼ ਤਕਨਾਲੋਜੀਆਂ" ਉੱਤੇ ਗੈਸਟ ਫੈਕਲਟੀ ਵਜੋਂ ਸੈਮੀਨਾਰ ਦੇਣ ਲਈ 14-23 ਅਗਸਤ 2015 ਦੌਰਾਨ ਗੋਸਲਿੰਗ ਰਿਸਰਚ ਇੰਸਟੀਚਿਊਟ ਆਫ਼ ਪਲਾਂਟ ਪ੍ਰੀਜ਼ਰਵੇਸ਼ਨ, ਯੂਨੀਵਰਸਿਟੀ ਆਫ਼ ਗੁਲਫ, ਓਂਟੈਰੀਓ, ਕੈਨੇਡਾ ਦਾ ਦੌਰਾ ਕੀਤਾ ।
- ਡਾ. ਮਨਜੀਤ ਸਿੰਘ (ਫਾਰਮ ਮਸ਼ੀਨਰੀ ਅਤੇ ਪਾਵਰ ਇੰਜਨੀਅਰਿੰਗ) ਨੇ "ਸੂਖਮ ਖੇਤੀ ਉੱਤੇ ਛੇਵੀਂ ਏਸ਼ੀਅਨ ਕਾਨਫਰੰਸ" ਮੌਕੇ ਕੁੰਜੀਵਤ ਭਾਸ਼ਣ ਦੇਣ ਲਈ 14-23 ਨਵੰਬਰ 2015 ਦੌਰਾਨ ਗੁਆਂਗਜ਼ੂਹ, ਚੀਨ ਦਾ ਦੌਰਾ ਕੀਤਾ।
- ਇੰਜ: ਰਿਤੇਸ਼ ਜੈਨ (ਸਿਵਲ ਇੰਜ:) ਅਤੇ ਇੰਜ: ਚੇਤਨ ਸਿੰਗਲਾ (ਭੂਮੀ ਅਤੇ ਪਾਣੀ ਇੰਜਨੀਅਰਿੰਗ) ਨੇ "ਜਲ ਵਿਭਾਜਨ ਅਧਾਰਿਤ ਪਲਾਂਟ ਸਿਸਟਮਾਂ ਦੀ ਮਾਡਲਿੰਗ" ਤੇ ਸਿਖਲਾਈ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ 18 ਅਪਰੈਲ ਤੋਂ 5 ਮਈ 2016 ਦੌਰਾਨ ਯੂਨੈਸਕੋ-ਆਈ ਐੱਚ ਈ ਇੰਸਟੀਚਿਊਟ ਫਾਰ ਵਾਟਰ ਐਜੂਕੇਸ਼ਨ, ਡੈਲਫ, ਦਿ ਨੀਦਰਲੈਂਡ ਦਾ ਦੌਰਾ ਕੀਤਾ ।
- ਡਾ. ਪ੍ਰੀਤਇੰਦਰ ਕੌਰ (ਪ੍ਰੋਸੈਸਿੰਗ ਅਤੇ ਫੂਡ ਇੰਜਨੀਅਰਿੰਗ) ਨੇ ਪੋਸਟ-ਡਾਕਟਰਲ ਫੈਲੋਸ਼ਿਪ ਲਈ ਮਈ ਤੋਂ ਅਗਸਤ 2016 ਦੌਰਾਨ ਮਿਸ਼ੀਗਨ ਸਟੇਟ ਯੂਨੀਵਰਸਿਟੀ, ਯੂ ਐਸ ਏ ਦਾ ਦੌਰਾ ਕੀਤਾ ।

**ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ**

- ਡਾ. (ਸ੍ਰੀਮਤੀ) ਪਰਮਪਾਲ ਸਹੋਤਾ (ਮਾਈਕ੍ਰੋਬਾਇਆਲੋਜੀ) ਨੇ "ਓਂਟੈਰੀਓ ਵਾਟਰ ਕਾਨਫਰੰਸ ਅਤੇ ਟਰੇਡ ਸ਼ੋਅ-16" ਵਿੱਚ ਸ਼ਾਮਲ ਹੋਣ ਲਈ 1-4 ਮਈ 2016 ਦੌਰਾਨ ਵਿੰਡਸਰ, ਕੈਨੇਡਾ ਦਾ ਦੌਰਾ ਕੀਤਾ ।

## ਪੀ ਏ ਯੂ ਵਿਖੇ ਆਯੋਜਿਤ ਕੀਤੇ ਗਏ ਮਹੱਤਵਪੂਰਨ ਪ੍ਰੋਗਰਾਮ

### ਖੇਤੀਬਾੜੀ ਕਾਲਜ

| ਪ੍ਰੋਗਰਾਮ | ਆਯੋਜਿਤ ਕਰਨ ਵਾਲੀ/ਵਿੱਤੀ ਸਹਾਇਤਾ ਪ੍ਰਦਾਨ ਕਰਨ ਵਾਲੀ ਏਜੰਸੀ |
|---|---|
| "ਉੱਦਮ ਵਿਕਾਸ ਪ੍ਰੋਗਰਾਮ" ਉੱਤੇ ਸਮਰ (ਗਰਮ ਰੁੱਤ ਦਾ) ਸਕੂਲ, 8-28 ਜੁਲਾਈ, 2015 | ਪਸਾਰ ਸਿੱਖਿਆ ਵਿਭਾਗ, ਪੀ ਏ ਯੂ |
| "ਪਲਾਂਟ ਬਰੀਡਿੰਗ ਦੇ ਪ੍ਰਸੰਗ ਵਿੱਚ ਮੰਡੇਲੀਅਨ ਜੈਨੇਟਿਕਸ ਤੋਂ ਮੌਲੀਕਿਊਲਰ ਜੈਨੇਟਿਕਸ" ਉੱਤੇ ਸਿਖਲਾਈ ਪ੍ਰੋਗਰਾਮ, 5-27 ਅਗਸਤ, 2015 | ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ ਏ ਯੂ |
| "ਹਾੜ੍ਹੀ ਦੀਆਂ ਦਾਲਾਂ ਉੱਤੇ ਸਲਾਨਾ ਗਰੁੱਪ ਮੀਟ ਅਤੇ "ਭਾਰਤ ਦੇ ਇੰਡੋ-ਗੈਂਗਟਿਕ ਮੈਦਾਨਾਂ ਵਿੱਚ ਦਾਲਾਂ ਦੀ ਕਾਸ਼ਤ ਨੂੰ ਹੁਲਾਰਾ ਦੇਣ ਲਈ ਵਿਚਾਰ ਵਟਾਂਦਰਾ ਮੀਟਿੰਗ", 31 ਅਗਸਤ ਤੋਂ 3 ਸਤੰਬਰ 2015 | ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ ਏ ਯੂ ਲੁਧਿਆਣਾ |
| ਦਸ ਰੋਜ਼ਾ "ਝੋਨੇ ਦੀ ਸਿੱਧੀ ਬਿਜਾਈ ਦੇ ਸਿਧਾਂਤਾਂ ਅਤੇ ਪ੍ਰੈਕਟਿਸਿਸ ਉੱਤੇ ਚੌਥੀ ਰਾਸ਼ਟਰੀ ਸਿਖਲਾਈ ਵਰਕਸ਼ਾਪ", 22 ਸਤੰਬਰ ਤੋਂ 01 ਅਕਤੂਬਰ 2015 | ਸੀ ਸੀ ਐਸ ਹਰਿਆਣਾ ਐਗਰੀਕਲਚਰਲ ਯੂਨੀਵਰਸਿਟੀ, ਹਿਸਾਰ ਅਤੇ ਏ ਸੀ ਆਈ ਏ ਆਰ, ਆਸਟ੍ਰੇਲੀਆ ਦੀ ਸਰਪ੍ਰਸਤੀ ਹੇਠ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ |
| "ਰਵਾਇਤੀ ਅਤੇ ਬਾਇਓਤਕਨਾਲੋਜੀਕਲ ਪਹੁੰਚ ਵਿਧੀਆਂ ਰਾਹੀਂ ਸਬਜ਼ੀਆਂ ਵਿੱਚ ਜੈਨੇਟਿਕ ਸੋਧ ਦੀਆਂ ਨਵੀਆਂ ਕਾਢਾਂ" ਦਾ ਥੋੜ੍ਹੇ ਸਮੇਂ ਦਾ ਕੋਰਸ, 01 ਜਨਵਰੀ ਤੋਂ 10 ਜਨਵਰੀ, 2016 | ਭਾਰਤੀ ਖੇਤੀ ਖੋਜ ਪ੍ਰੀਸ਼ਦ, ਨਵੀਂ ਦਿੱਲੀ ਦੀ ਸਰਪ੍ਰਸਤੀ ਹੇਠ ਸਬਜ਼ੀ ਵਿਗਿਆਨ ਵਿਭਾਗ ਪੀ ਏ ਯੂ ਲੁਧਿਆਣਾ |
| ਮੁੱਢਲੀ ਵਣ ਸੁਰੱਖਿਆ ਸਿਖਲਾਈ (01 ਫ਼ਰਵਰੀ ਤੋਂ 31 ਮਾਰਚ, 2016) | ਵਣ ਅਤੇ ਕੁਦਰਤੀ ਸੋਮੇ ਵਿਭਾਗ ਪੀ ਏ ਯੂ ਅਤੇ ਰਾਜ ਵਣ ਅਤੇ ਜੰਗਲੀ ਜੀਵ ਸੁਰੱਖਿਆ, ਪੰਜਾਬ |
| "ਬਾਗਬਾਨੀ ਫ਼ਸਲਾਂ ਦੀ ਨਰਸਰੀ ਉਤਪਾਦਨ, ਫ਼ਸਲਾਂ ਦੀ ਸਾਂਭ-ਸੰਭਾਲ ਅਤੇ ਤੁੜਾਈ ਉਪਰੰਤ ਦੇਖਭਾਲ" ਉੱਤੇ ਸਿਖਲਾਈ ਪ੍ਰੋਗਰਾਮ (15 ਫ਼ਰਵਰੀ 2016) | ਫ਼ਲ ਵਿਗਿਆਨ ਵਿਭਾਗ, ਪੀ ਏ ਯੂ |
| "ਸਬਜ਼ੀਆਂ ਦੇ ਤੁੜਾਈ ਉਪਰੰਤ ਸੁਰੱਖਿਅਤ ਰਹਿਣ ਉੱਤੇ ਤੁੜਾਈ ਤੋਂ ਪਹਿਲਾਂ ਦੇ ਕਾਰਕਾਂ ਦਾ ਪ੍ਰਭਾਵ" ਉੱਤੇ ਸਿਖਲਾਈ ਕੋਰਸ, 3 ਮਾਰਚ, 2016 | ਸਬਜ਼ੀ ਵਿਗਿਆਨ ਵਿਭਾਗ, ਪੀ ਏ ਯੂ |
| ਮੁੱਢਲਾ ਮਧੂ ਮੱਖੀ ਪਾਲਣ ਸਿਖਲਾਈ ਕੋਰਸ 2-4 ਮਈ, 2016 | ਨੈਸ਼ਨਲ ਹਾਰਟੀਕਲਚਰ ਮਿਸ਼ਨ ਦੀ ਸਰਪ੍ਰਸਤੀ ਹੇਠ ਕੀਟ ਵਿਗਿਆਨ ਵਿਭਾਗ, ਪੀ ਏ ਯੂ |
| "ਰਾਸ਼ਟਰੀ ਪੱਧਰ ਤੇ ਕੀਟਨਾਸ਼ਕ ਜ਼ਹਿਰਾਂ ਦੀ ਰਹਿੰਦ-ਖੂੰਹਦ ਤੇ ਨਜ਼ਰਸਾਨੀ ਉੱਤੇ 10ਵੀਂ ਸਾਲਾਨਾ ਵਰਕਸ਼ਾਪ" ਅਤੇ "ਕੀਟਨਾਸ਼ਕ ਜ਼ਹਿਰਾਂ ਦੀ ਰਹਿੰਦ-ਖੂੰਹਦ ਉੱਤੇ ਸਰਵ ਭਾਰਤੀ ਨੈੱਟਵਰਕ ਪ੍ਰੋਜੈਕਟ ਦੀ 24ਵੀਂ ਸਲਾਨਾ ਵਰਕਸ਼ਾਪ (25-27 ਮਈ, 2016) | ਖੇਤੀ ਸਹਿਕਾਰਤਾ ਅਤੇ ਕਿਸਾਨ ਭਲਾਈ ਵਿਭਾਗ, ਭਾਰਤ ਸਰਕਾਰ ਅਤੇ ਭਾਰਤੀ ਖੇਤੀ ਖੋਜ ਪ੍ਰੀਸ਼ਦ, ਨਵੀਂ ਦਿੱਲੀ ਦੀ ਸਰਪ੍ਰਸਤੀ ਹੇਠ ਕੀਟ ਵਿਗਿਆਨ ਵਿਭਾਗ, ਪੀ ਏ ਯੂ ਵੱਲੋਂ |

### ਖੇਤੀ ਇੰਜ. ਅਤੇ ਤਕਨਾਲੋਜੀ ਕਾਲਜ

| | |
|---|---|
| "ਸਾਂਝੇਦਾਰੀ ਸਿੰਚਾਈ ਪ੍ਰਬੰਧ ਉੱਤੇ ਜਲ ਵਰਤਣ ਵਾਲਿਆਂ ਦੀਆਂ ਜੱਥੇਬੰਦੀਆਂ ਲਈ ਉੱਤਰੀ ਖੇਤਰੀ ਕੰਨਵੈਨਸ਼ਨ, 25-26 ਅਗਸਤ, 2015 | ਭੂਮੀ ਅਤੇ ਪਾਣੀ ਇੰਜਨੀਅਰਿੰਗ ਵਿਭਾਗ, ਪੀ ਏ ਯੂ |
| "ਪਰਾਲੀ ਦੀ ਸਾਂਭ ਸੰਭਾਲ ਅਤੇ ਘੱਟੋ ਘੱਟ ਵਹਾਈ ਵਾਲੀ ਮਸ਼ੀਨਰੀ" ਉੱਤੇ ਸਿਖਲਾਈ ਕੋਰਸ (8-9 ਸਤੰਬਰ 2015) | ਪਸਾਰ ਸਿੱਖਿਆ ਡਾਇਰੈਕਟੋਰੇਟ ਦੇ ਸਹਿਯੋਗ ਨਾਲ ਫਾਰਮ ਮਸ਼ੀਨਰੀ ਅਤੇ ਪਾਵਰ ਇੰਜਨੀਅਰਿੰਗ ਵਿਭਾਗ, ਪੀ ਏ ਯੂ |
| "ਵੱਖੋ ਵੱਖ ਖੇਤੀ ਕਾਰਜਾਂ ਲਈ ਮਸ਼ੀਨਰੀ ਅਤੇ ਇਸ ਦੀ ਸੁਰੱਖਿਆ" ਉੱਤੇ ਸਿਖਲਾਈ ਕੋਰਸ 14-15 ਜਨਵਰੀ 2016 | |
| "ਖੇਤ ਮਸ਼ੀਨਰੀ ਨੂੰ ਕਿਰਾਏ ਤੇ ਚਲਾਉਣਾ" ਉੱਤੇ ਸਿਖਲਾਈ ਕੋਰਸ, 6-7 ਜੂਨ, 2016 | |

| | |
|---|---|
| "ਖੇਤੀ ਖੇਤਰ ਦੀਆਂ ਨਿਰੰਤਰ ਪ੍ਰੈਕਟਸਿਸ ਅਤੇ ਊਰਜਾ ਦੀ ਸਮਰੱਥਾ ਨੂੰ ਵਧਾਉਣ" ਉੱਤੇ ਸੈਮੀਨਾਰ 3-4 ਨਵੰਬਰ 2015 | ਖੇਤੀਬਾੜੀ ਲਈ ਐਨਰਜੀ ਅਧਿਐਨ ਸਕੂਲ ਪੀ ਏ ਯੂ, ਪੈਟਰੋਲੀਅਮ ਕੰਜ਼ਰਵੇਸ਼ਨ ਰਿਸਰਚ ਐਸੋਸੀਏਸ਼ਨ ਅਤੇ ਪੀ ਐਚ ਡੀ ਚੈਂਬਰ |
| "ਸਬਮਰਸੀਬਲ ਪੰਪਾਂ ਅਤੇ ਬਿਜਲਈ ਮੋਟਰਾਂ ਨੂੰ ਚਲਾਉਣ ਅਤੇ ਉਨ੍ਹਾਂ ਦੀ ਦੇਖਭਾਲ" ਉਤੇ ਸਿਖਲਾਈ ਕੋਰਸ, 4-6 ਨਵੰਬਰ 2015 | ਪਸਾਰ ਸਿੱਖਿਆ ਡਾਇਰੈਕਟੋਰੇਟ ਪੀ ਏ ਯੂ ਦੇ ਸਹਿਯੋਗ ਨਾਲ ਭੂਮੀ ਅਤੇ ਪਾਣੀ ਇੰਜਨੀਅਰਿੰਗ ਵਿਭਾਗ, ਪੀ ਏ ਯੂ |
| "ਭਵਿੱਖ ਅਤੇ ਸ਼ੁਰੂਆਤ : ਲੀਡਰਸ਼ਿਪ ਮਾਰਗ ਦਰਸ਼ਕ ਬਣਦੀ ਹੈ" ਅਤੇ "ਪੁੰਗਰ ਰਹੇ ਖੇਤੀ ਇੰਜੀਨੀਅਰਾਂ ਦੀ ਸਖਸ਼ੀਅਤ ਦਾ ਵਿਕਾਸ" ਉੱਤੇ ਸਿਖਲਾਈ ਸੈਸ਼ਨ, 7 ਦਸੰਬਰ 2015 | |
| "ਕੈਂਪਸ ਤੋਂ ਕਾਰਪੋਰੇਟ ਪਹੁੰਚਣ ਦਾ ਮਾਰਗ" ਉੱਤੇ ਸਿਖਲਾਈ ਸੈਸ਼ਨ 2 ਮਾਰਚ 2016 | |
| "ਖੇਤੀ ਇੰਜਨੀਅਰਿੰਗ" ਉੱਤੇ ਇਨ ਹਾਊਸ ਸਿਖਲਾਈ ਪ੍ਰੋਗਰਾਮ ਟੀ 2, 7 ਅਪ੍ਰੈਲ ਤੋਂ 23 ਮਈ, 2016 | ਸਿਖਲਾਈ ਯੂਨਿਟ, ਖੇਤੀ ਇੰਜਨੀਅਰਿੰਗ ਅਤੇ ਤਕਨਾਲੋਜੀ ਕਾਲਜ, ਪੀ ਏ ਯੂ |
| ਜਾਹਨ ਡੀਅਰ, ਪੂਨੇ ਤੋਂ ਚਾਰ ਮਾਹਿਰਾਂ ਦੀ ਟੀਮ ਵੱਲੋਂ ਵੀਡੀਓ ਕਾਨਫਰੰਸ ਰਾਹੀਂ "ਸੇਲਜ਼ ਅਤੇ ਮਾਰਕੀਟਿੰਗ, ਡੀਲਰਸ਼ਿਪ ਨੂੰ ਸੈੱਟ ਕਰਨਾ" ਉੱਤੇ ਸਿਖਲਾਈ ਕੋਰਸ, 12 ਮਈ 2016 | |
| "ਐਗਰੋ-ਪ੍ਰੋਸੈਸਿੰਗ ਅਤੇ ਗੁਣਵੱਤਾ ਵਧਾਉਣ ਵਾਲੀ ਮਸ਼ੀਨਰੀ" ਉੱਤੇ ਸਿਖਲਾਈ ਕੋਰਸ, 8-10 ਦਸੰਬਰ 2015 | ਪਸਾਰ ਸਿੱਖਿਆ ਡਾਇਰੈਕਟੋਰੇਟ, ਪੀ ਏ ਯੂ ਦੇ ਸਹਿਯੋਗ ਨਾਲ ਪ੍ਰੋਸੈਸਿੰਗ ਅਤੇ ਫੂਡ ਇੰਜਨੀਅਰਿੰਗ ਵਿਭਾਗ |
| "ਐਗਰੋ-ਪ੍ਰੋਸੈਸਿੰਗ ਕੰਪਲੈਕਸਾਂ ਦੀ ਸਥਾਪਨਾ" ਉੱਤੇ ਸਿਖਲਾਈ ਕੋਰਸ, 9-11 ਫ਼ਰਵਰੀ, 2016 | |
| ਐਚ ਡੀ ਓ'ਜ਼/ਏ ਡੀ ਓ'ਜ਼/ਕੇ ਵੀ ਕੇ'ਜ਼ ਲਈ "ਐਗਰੋ-ਪ੍ਰੋਸੈਸਿੰਗ ਤਕਨਾਲੋਜੀਆਂ" ਉੱਤੇ ਸਿਖਲਾਈ ਕੋਰਸ, 21-22 ਅਪ੍ਰੈਲ 2016 | |
| "ਛੋਟੇ ਪੱਧਰ ਤੇ ਖੇਤੀ ਅਧਾਰਿਤ ਉਦਯੋਗਾਂ ਨੂੰ ਸਥਾਪਿਤ ਕਰਨਾ" ਉੱਤੇ ਸਿਖਲਾਈ ਕੋਰਸ, 16-20 ਮਈ, 2016 | |
| "ਬਾਗਬਾਨੀ ਉਤਪਾਦਾਂ ਦੀ ਸਾਂਭ ਸੰਭਾਲ ਅਤੇ ਪ੍ਰੋਸੈਸਿੰਗ" ਉੱਤੇ ਸਿਖਲਾਈ ਕੋਰਸ 25-27 ਮਈ, 2016 | |
| ਗੋਲਡਨ ਜੁਬਲੀ ਐਲੂਮਨੀ ਮੀਟ, 19-20 ਦਸੰਬਰ 2015 | ਐਲੂਮਨੀ ਐਸੋਸੀਏਸ਼ਨ, ਖੇਤੀ ਇੰਜ: ਅਤੇ ਤਕਨਾਲੋਜੀ ਕਾਲਜ, ਪੀ ਏ ਯੂ |
| "ਖੇਤੀ ਸੰਦਾਂ ਅਤੇ ਮਸ਼ੀਨਰੀ" ਉੱਤੇ ਏ ਆਈ ਸੀ ਆਰ ਪੀ ਦੀ ਸਾਲਾਨਾ ਰੀਵਿਊ ਮੀਟਿੰਗ 28-30 ਜਨਵਰੀ 2016 | ਫਾਰਮ ਮਸ਼ੀਨਰੀ ਅਤੇ ਪਾਵਰ ਇੰਜਨੀਅਰਿੰਗ ਵਿਭਾਗ, ਪੀ ਏ ਯੂ |
| "ਲਿਪਿਡ ਕੇਨ - ਨਵੀਂ ਨਿਰੰਤਰ ਬਾਇਓ-ਐਨਰਜੀ" ਉੱਤੇ ਆਨ ਲਾਈਨ ਵੀਡੀਓ ਕਾਨਫਰੰਸ, 25 ਫ਼ਰਵਰੀ, 2016 | ਸਕੂਲ ਆਫ਼ ਐਨਰਜੀ ਸਟੱਡੀਜ਼ ਫਾਰ ਐਗਰੀਕਲਚਰ, ਯੂਨੀਵਰਸਿਟੀ ਆਫ਼ ਇਲੀਕੋਆਇਸ ਯੂ ਐਸ ਏ ਅਤੇ ਖੇਤੀ ਇੰਜ: ਅਤੇ ਤਕਨਾਲੋਜੀ ਕਾਲਜ, ਪੀ ਏ ਯੂ, ਲੁਧਿਆਣਾ |

## ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ

| | |
|---|---|
| "ਖੇਤੀ ਅਰਥ ਸ਼ਾਸ਼ਤਰ ਦੀ ਭਾਰਤੀ ਸੰਸਥਾ ਦੀ 75ਵੀਂ ਸਾਲਾਨਾ ਕਾਨਫਰੰਸ" 19-21 ਨਵੰਬਰ 2015 | ਅਰਥ ਸ਼ਾਸ਼ਤਰ ਅਤੇ ਸਮਾਜ ਵਿਗਿਆਨ ਵਿਭਾਗ, ਪੀ ਏ ਯੂ |
| "ਦਫ਼ਤਰੀ ਸੰਚਾਰ ਨਿਪੁੰਨਤਾਵਾਂ" ਉੱਤੇ ਵਰਕਸ਼ਾਪ 19-25 ਜਨਵਰੀ, 2016 | ਖੇਤੀ ਪੱਤਰਕਾਰੀ, ਭਾਸ਼ਾਵਾਂ ਅਤੇ ਸਭਿਆਚਾਰ ਵਿਭਾਗ, ਪੀ ਏ ਯੂ |
| "ਪੱਤਰਕਾਰੀ ਅਤੇ ਰਚਨਾਤਮਕ ਲਿਖਤਾਂ ਵਿੱਚ ਨਿਪੁੰਨਤਾਵਾਂ" ਉੱਤੇ ਵਰਕਸ਼ਾਪ 26 ਫ਼ਰਵਰੀ 2016 | |
| "ਪੰਜਾਬ ਵਿੱਚ ਖੁੰਭ ਉਤਪਾਦਨ ਦੀਆਂ ਨੀਤੀਆਂ" ਉੱਤੇ ਇਕ ਰੋਜ਼ਾ ਵਿਚਾਰ-ਵਟਾਂਦਰਾ, 25 ਫ਼ਰਵਰੀ, 2016 | ਮਾਈਕ੍ਰੋਬਾਇਆਲੋਜੀ ਵਿਭਾਗ, ਪੀ ਏ ਯੂ |
| "ਪੰਜਾਬ ਦੇ ਆਲੂ ਬੀਜ ਉਤਪਾਦਕਾਂ ਲਈ ਆਲੂ ਬੀਜ ਦੇ ਮੰਡੀਕਰਨ ਦੇ ਢੰਗ ਤਰੀਕਿਆਂ" ਉੱਤੇ ਸਿਖਲਾਈ ਪ੍ਰੋਗਰਾਮ 9-10 ਜੂਨ, 2016 | ਸਕੂਲ ਆਫ਼ ਬਿਜ਼ਨੈੱਸ ਸਟੱਡੀਜ਼, ਪੀ ਏ ਯੂ |

### ਹੋਮ ਸਾਇੰਸ ਕਾਲਜ

| | |
|---|---|
| "ਪ੍ਰਭਾਵਸ਼ਾਲੀ ਅਧਿਆਪਣ, ਖੋਜ ਅਤੇ ਪਸਾਰ" ਉੱਤੇ ਓਰੀਐਨਟੇਸ਼ਨ ਕੋਰਸ (18 ਤੋਂ 28 ਅਗਸਤ, 2015) | ਹੋਮ ਸਾਇੰਸ ਪਸਾਰ ਅਤੇ ਸੰਚਾਰ ਪ੍ਰਬੰਧ ਵਿਭਾਗ, ਪੀ ਏ ਯੂ |
| ਅੰਤਰ-ਕਾਲਜ ਸਲਾਦ ਬਣਾਉਣ ਦਾ ਮੁਕਾਬਲਾ, 2 ਸਤੰਬਰ, 2015 | ਮਾਨਵ ਵਿਕਾਸ ਵਿਭਾਗ, ਪੀ ਏ ਯੂ |
| ਅੰਤਰ-ਸਕੂਲ ਪੋਸ਼ਣ ਕੁਇਜ਼, 3 ਸਤੰਬਰ, 2015 | |
| "ਬੇਕਿੰਗ ਤਕਨੀਕਾਂ" ਉੱਤੇ ਸਿਖਲਾਈ ਕੋਰਸ, 2 ਨਵੰਬਰ ਤੋਂ 18 ਦਸੰਬਰ 2015 | |
| "ਸਜਾਵਟੀ ਆਇਸਿੰਗ ਅਤੇ ਨਵੀਨ ਬੇਕਰੀ ਉਤਪਾਦਾਂ" ਉੱਤੇ ਸਿਖਲਾਈ ਕੋਰਸ (12-13 ਦਸੰਬਰ, 2015) | |
| "ਕਰਾਫ਼ਟ ਬੇਕਰ" ਉੱਤੇ ਸਿਖਲਾਈ ਕੋਰਸ, 1 ਮਾਰਚ ਤੋਂ 22 ਅਪ੍ਰੈਲ 2016 | |
| ਫੋਂਡੈਂਟ ਅਤੇ ਆਇਸਿੰਗ ਉੱਤੇ ਸਿਖਲਾਈ ਕੋਰਸ, 29 ਮਾਰਚ, 2016 | |
| "ਕੁਕਿੰਗ ਅਤੇ ਬੇਕਿੰਗ" ਉੱਤੇ ਥੋੜ੍ਹੇ ਸਮੇਂ ਦਾ ਸਿਖਲਾਈ ਕੋਰਸ, 27 ਜੂਨ-1 ਜੁਲਾਈ, 2016 | |
| "ਅਪੰਗਤਾ ਦਾ ਮੁੜ ਵਸੇਬਾ : ਮੁੱਦੇ ਅਤੇ ਚੁਣੌਤੀਆਂ" ਉੱਤੇ ਵਰਕਸ਼ਾਪ | ਭੋਜਨ ਅਤੇ ਪੋਸ਼ਣ ਵਿਭਾਗ, ਪੀ ਏ ਯੂ |

### ਪੀ ਏ ਯੂ ਸਾਇੰਸ ਕਲੱਬ

| | |
|---|---|
| ਪੀ ਏ ਯੂ ਦੇ ਨਵੇਂ ਦਾਖਲ ਹੋਏ ਪੋਸਟ ਗ੍ਰੈਜੂਏਟ ਵਿਦਿਆਰਥੀਆਂ ਲਈ ਓਰੀਐਨਟੇਸ਼ਨ ਪ੍ਰੋਗਰਾਮ, 13 ਅਗਸਤ, 2015 | ਪੀ ਏ ਯੂ ਸਾਇੰਸ ਕਲੱਬ |
| ਵੈਸਟ ਵਰਜੀਨੀਆ ਯੂਨੀਵਰਸਿਟੀ, ਯੂ ਐਸ ਏ ਤੋਂ ਡਾ. ਹਰਜਿੰਦਰ ਸਿੰਘ ਸੰਧੂ ਅਤੇ ਡਾ. ਸਵਰਨ ਸਿੰਘ ਧਾਲੀਵਾਲ ਦੀ ਪੀ ਏ ਯੂ ਫੈਕਲਟੀ ਨਾਲ ਸਾਂਝੇ ਸਾਫ਼ਟਵੇਅਰ ਉਤਪਾਦ ਉੱਤੇ ਵਿਚਾਰ-ਵਟਾਂਦਰਾ ਸੈਸ਼ਨ 4 ਨਵੰਬਰ 2015 | |
| ਏ ਐਨ ਵੀ ਈ ਐਸ ਐਚ ਏ ਐਨ : ਆਈ ਸੀ ਏ ਆਰ – ਨੈਸ਼ਨਲ ਡੇਅਰੀ ਰਿਸਰਚ ਇੰਸਟੀਚਿਊਟ, ਕਰਨਾਲ ਵਿਖੇ ਅੰਡਰਗ੍ਰੈਜੂਏਟ/ਪੋਸਟਗ੍ਰੈਜੂਏਟ ਵਿਦਿਆਰਥੀਆਂ ਲਈ ਭਾਰਤੀ ਯੂਨੀਵਰਸਿਟੀਆਂ ਦੀ ਐਸੋਸੀਏਸ਼ਨ ਲਈ ਵਿਦਿਆਰਥੀਆਂ ਦੀ ਖੋਜ ਕੰਨਵੈਨਸ਼ਨ (ਉੱਤਰੀ ਜ਼ੋਨ) 28-30 ਦਸੰਬਰ 2015 | |
| ਡਾ. (ਮਿਜ਼) ਮਾਧੁਰੀ ਸ਼ੇਰੋਂ, ਨਿਰਦੇਸ਼ਕ, ਵਾਲਚੰਦ ਸੈਂਟਰ ਫਾਰ ਰਿਸਰਚ ਇਨ ਨੈਨੋਤਕਨਾਲੋਜੀ ਅਤੇ ਬਾਇਓਤਕਨਾਲੋਜੀ, ਸ਼ੋਲਾਪੁਰ, ਮਹਾਂਰਾਸ਼ਟਰ ਵੱਲੋਂ "ਖੇਤੀ ਖੇਤਰ ਵਿੱਚ ਨੈਨੋਤਕਨਾਲੋਜੀ ਦਾ ਪ੍ਰਵੇਸ਼" ਵਿਸ਼ੇ ਤੇ ਭਾਸ਼ਣ, 19 ਜਨਵਰੀ 2016 | |
| ਡਾ. ਪ੍ਰਿਯ ਕੰਵਰ, ਐਸੋਸੀਏਟ ਪ੍ਰੋਫੈਸਰ, ਮਨੋਵਿਗਿਆਨ ਵਿਭਾਗ, ਦਿੱਲੀ ਯੂਨੀਵਰਸਿਟੀ ਵੱਲੋਂ "ਸੰਚਾਰ ਅਤੇ ਪ੍ਰਸਤੁਤੀਕਰਨ ਦੀਆਂ ਨਿਪੁੰਨਤਾਵਾਂ" ਵਿਸ਼ੇ ਤੇ ਭਾਸ਼ਣ, 1-2 ਫ਼ਰਵਰੀ 2016 | |
| ਡਾ. ਪੀ.ਕੇ. ਛੋਂਕਰ, ਪ੍ਰਸਿੱਧ ਵਿਗਿਆਨੀ, ਮਾਨਵ ਪ੍ਰੇਮੀ ਅਤੇ ਐਡਜੰਕਟ ਫੈਕਲਟੀ, ਭਾਰਤੀ ਖੇਤੀ ਖੋਜ ਸੰਸਥਾਨ, ਨਵੀਂ ਦਿੱਲੀ ਵੱਲੋਂ "ਵਿਗਿਆਨ ਵਿੱਚ ਸਰਵੋਤਮਤਾ ਹਾਸਲ ਕਰਨ ਲਈ ਉਤਸ਼ਾਹਜਨਕ ਪ੍ਰੋਗਰਾਮ" ਵਿਸ਼ੇ ਤੇ ਭਾਸ਼ਣ, 3 ਫ਼ਰਵਰੀ 2016 | |
| ਪ੍ਰੋਫੈਸਰ ਗੈਰੀ ਫਿਹਰ, ਨਿਰਦੇਸ਼ਕ, ਖੇਤੀਬਾੜੀ ਵਿੱਚ ਸਰਵੋਤਮਤਾ ਦਾ ਕੇਂਦਰ, ਯੂਨੀਵਰਸਿਟੀ ਆਫ਼ ਫਰੇਜ਼ਰ ਵੈਲੀ, ਐਬਸਫੋਰਡ ਕੈਂਪਸ, ਬ੍ਰਿਟਿਸ਼ ਕੋਲੰਬੀਆ ਦਾ "ਤਕਨਾਲੋਜੀ ਰਾਹੀਂ ਖੇਤੀ ਚੁਣੌਤੀਆਂ ਨੂੰ ਨਜਿੱਠਣਾ" ਵਿਸ਼ੇ ਤੇ ਭਾਸ਼ਣ 16 ਮਾਰਚ, 2016 | |
| "ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਖੋਜ ਪ੍ਰਬੰਧਕਾਂ ਦੀ ਕਾਰਗੁਜ਼ਾਰੀ ਵਧਾਉਣ ਵਾਲੀਆਂ ਨੀਤੀਆਂ" ਉੱਤੇ ਪ੍ਰਬੰਧਕੀ ਵਿਕਾਸ ਪ੍ਰੋਗਰਾਮ | ਨੈਸ਼ਨਲ ਅਕੈਡਮੀ ਆਫ਼ ਐਗਰੀਕਲਚਰਲ ਰਿਸਰਚ ਮੈਨੇਜਮੈਂਟ (ਐਨ ਏ ਏ ਆਰ ਐਮ) ਹੈਦਰਾਬਾਦ ਅਤੇ ਐਜੂਕੇਸ਼ਨ ਤਕਨਾਲੋਜੀ ਸੈੱਲ, ਪੀ ਏ ਯੂ |

# ਵਿੱਤ

ਪ੍ਰਬੰਧਕੀ ਬੋਰਡ ਨੇ 28 ਮਾਰਚ 2016 ਨੂੰ ਹੋਈ 276ਵੀਂ ਮੀਟਿੰਗ ਵਿੱਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿੱਚ ਚੱਲ ਰਹੀਆਂ 392 ਸਕੀਮਾਂ ਦੇ ਤਹਿਤ ਸਾਲ 2016-17 ਲਈ 57060.68 ਲੱਖ ਰੁਪਏ ਦੇ ਬਜਟ ਅਨੁਮਾਨਾਂ ਨੂੰ ਸਹਿਮਤੀ ਦਿੱਤੀ । ਇਨ੍ਹਾਂ ਸਕੀਮਾਂ ਤੋਂ ਇਲਾਵਾ ਖੋਜ, ਅਧਿਆਪਣ, ਪਸਾਰ, ਪ੍ਰਸ਼ਾਸਨਿਕ ਅਤੇ ਫੁਟਕਲ ਗਤੀਵਿਧੀਆਂ ਲਈ ਬਜਟ ਦੀ ਵੰਡ ਦਾ ਵੇਰਵਾ ਇਸ ਪ੍ਰਕਾਰ ਹੈ :

| ਕ੍ਰਮ ਨੰਬਰ | ਸਕੀਮਾਂ | ਸਕੀਮਾਂ ਦੀ ਕੁੱਲ ਗਿਣਤੀ (2015-16) | ਬਜਟ ਅਨੁਮਾਨ 2015-16 (ਰੁਪਏ ਲੱਖਾਂ ਵਿੱਚ) | ਸਕੀਮਾਂ ਦੀ ਕੁੱਲ ਗਿਣਤੀ (2016-17) | ਬਜਟ ਅਨੁਮਾਨ 2016-17 (ਲੱਖ ਰੁਪਏ) |
|---|---|---|---|---|---|
| 1. | **ਰਾਜ ਦੀਆਂ ਸਕੀਮਾਂ** | | | | |
| (i) | ਨਾਨ ਪਲਾਨ ਐਗਰੀਕਲਚਰ ਸਕੀਮਾਂ | 12 | 20,046.09 | 13 | 23,397.75 |
| (ii) | ਪਲਾਨ ਐਗਰੀਕਲਚਰ ਸਕੀਮਾਂ | 119 | 21,740.94 | 120 | 21,847.97 |
| 2. | **ਰਾਸ਼ਟਰੀਯ ਕ੍ਰਿਸ਼ੀ ਵਿਕਾਸ ਯੋਜਨਾ (ਆਰ ਕੇ ਵੀ ਵਾਈ)** | 1 | 20.25 | - | - |
| 3. | **ਆਈ ਸੀ ਏ ਆਰ ਸਕੀਮਾਂ** (ਜਿਨ੍ਹਾਂ ਵਿੱਚ ਏ ਆਈ ਸੀ ਆਰ ਪੀ/ਕੇ ਵੀ ਕੇ/ਤਦਅਰਥ ਅਤੇ ਕੇਂਦਰੀ ਸਹਾਇਤਾ ਪ੍ਰਾਪਤ ਸਕੀਮਾਂ ਸ਼ਾਮਲ ਹਨ) | 88 | 85,99.32 | 92 | 8858.85 |
| 4. | **ਯੂ ਜੀ ਸੀ ਸਕੀਮਾਂ** | 46 | 119.72 | 8 | 26.65 |
| 5. | **ਕੇਂਦਰ ਵੱਲੋਂ ਵਿੱਤੀ ਸਹਾਇਤਾ ਪ੍ਰਾਪਤ ਸਕੀਮਾਂ** | 68 | 1234.20 | 72 | 1371.98 |
| 6. | **ਹੋਰ ਸਕੀਮਾਂ** (ਜਿਨ੍ਹਾਂ ਵਿੱਚ ਨੈਸ਼ਨਲ ਹਾਰਟੀਕਲਚਰ ਮਿਸ਼ਨ/ਰਤਨ ਟਾਟਾ ਟਰੱਸਟ/ਫੁਟਕਲ ਸਕੀਮਾਂ/ਵਿਦੇਸ਼ਾਂ ਤੋਂ ਵਿੱਤੀ ਸਹਾਇਤਾ ਪ੍ਰਾਪਤ ਸਕੀਮਾਂ ਸ਼ਾਮਲ ਹਨ) | 63 | 1318.14 | 75 | 1100.42 |
| 7. | **ਸਵੈ ਵਿੱਤੀ ਸਹਾਇਤਾ ਪ੍ਰਾਪਤ ਸਕੀਮਾਂ** | 5 | 399.41 | 5 | 417.54 |
| 8. | **ਰਿਵਾਲਵਿੰਗ ਫੰਡ ਸਕੀਮਾਂ** | 6 | 53.58 | 7 | 39.52 |
| | **ਕੁੱਲ** | 408 | 53531.65 | 392 | 57060.68 |

ਪ੍ਰਬੰਧਕੀ ਬੋਰਡ ਨੇ 30 ਮਾਰਚ 2015 ਨੂੰ ਹੋਈ 270ਵੀਂ ਮੀਟਿੰਗ ਦੌਰਾਨ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿੱਚ ਚਲ ਰਹੀਆਂ 408 ਸਕੀਮਾਂ ਦੇ ਤਹਿਤ ਸਾਲ 2015-16 ਲਈ 53531.65 ਲੱਖ ਰੁਪਏ ਦੇ ਬਜਟ ਅਨੁਮਾਨਾਂ ਨੂੰ ਪ੍ਰਵਾਨਗੀ ਦਿੱਤੀ । ਵਿੱਤੀ ਸਾਲ 2015-16 ਦੌਰਾਨ ਪੀ ਏ ਯੂ ਨੂੰ 40619.70 ਲੱਖ ਰੁਪਏ ਦੀ ਅਸਲ ਗਰਾਂਟ ਹਾਸਲ ਹੋਈ । ਯੂਨੀਵਰਸਿਟੀ ਨੇ ਟਿਊਸ਼ਨ ਫੀਸ ਅਤੇ ਹੋਰ ਸਰੋਤਾਂ/ਸੇਵਾਵਾਂ ਰਾਹੀਂ ਪੈਸੇ ਇਕੱਠੇ ਕੀਤੇ । ਸਾਲ 2015-16 ਦੌਰਾਨ ਯੂਨੀਵਰਸਿਟੀ ਵੱਲੋਂ 74,64.71 ਲੱਖ ਰੁਪਏ ਦੀ ਰਾਸ਼ੀ ਇਕੱਠੀ ਕੀਤੀ ਗਈ ।

| ਸਰੋਤ | ਹਾਸਲ ਹੋਈ ਗ੍ਰਾਂਟ (2015-16) (ਲੱਖ ਰੁਪਏ) | ਵੰਡ (ਪ੍ਰਤੀਸ਼ਤ) |
|---|---|---|
| **ਰਾਜ ਸਰਕਾਰ**<br>ਨਾਨ ਪਲਾਨ<br>ਪਲਾਨ | <br>13,265.30<br>16,000.00 | <br>32.7<br>39.4 |
| **ਆਈ ਸੀ ਏ ਆਰ ਤੋਂ ਹਾਸਲ ਹੋਏ ਫੰਡ**<br>ਸਰਵ ਭਾਰਤੀ ਕੋਆਰਡੀਨੇਟਿਡ ਖੋਜ ਪ੍ਰਾਜੈਕਟ/ਕ੍ਰਿਸ਼ੀ ਵਿਗਿਆਨ ਕੇਂਦਰ ਅਤੇ ਹੋਰ | 7,203.15 | 17.7 |
| **ਕੇਂਦਰ ਸਰਕਾਰ ਤੋਂ ਹਾਸਲ ਹੋਏ ਫੰਡ**<br>ਕੇਂਦਰ ਵੱਲੋਂ ਵਿੱਤੀ ਸਹਾਇਤਾ ਪ੍ਰਾਪਤ ਸਕੀਮ (ਭਾਰਤ ਸਰਕਾਰ), ਯੂ ਜੀ ਸੀ ਅਤੇ ਰਾਸ਼ਟਰੀਯ ਕ੍ਰਿਸ਼ੀ ਵਿਕਾਸ ਯੋਜਨਾ | 2,636.68 | 6.5 |

| | | |
|---|---|---|
| ਵਿਦੇਸ਼ਾਂ ਤੋਂ ਮਿਲਿਆ ਯੋਗਦਾਨ | 194.15 | 0.5 |
| **ਹੋਰ ਫੰਡਿੰਗ**<br>ਫੁਟਕਲ/ਯੂ ਟੀ/ਸਰ ਰਤਨ ਟਾਟਾ ਟ੍ਰਸਟ/ ਨਾਵਾਜ਼ ਭਾਈ ਰਤਨ ਟਾਟਾ ਟ੍ਰਸਟ/ਨੈਸ਼ਨਲ ਹਾਰਟੀਕਲਚਰ ਮਿਸ਼ਨ ਪ੍ਰੋਜੈਕਟ | 1,320.42 | 3.2 |
| **ਕੁੱਲ** | **40,619.70** | **100** |

* ਇਹਨਾਂ ਵਿੱਚ ਪੀ ਏ ਯੂ ਦੇ ਵਿਕਾਸ ਅਤੇ ਇਸਨੂੰ ਹੁਲਾਰਾ ਦੇਣ ਲਈ 624.81 ਲੱਖ ਰੁਪਏ ਅਤੇ ਲਾਇਬਰੇਰੀ ਸੇਵਾਵਾਂ ਨੂੰ ਹੋਰ ਵਧੀਆ ਕਰਨ ਲਈ 78.00 ਲੱਖ ਰੁਪਏ ਦੀ ਰਾਸ਼ੀ ਸ਼ਾਮਲ ਹੈ ।

**ਵੱਖੋ ਵੱਖ ਗਤੀਵਿਧੀਆਂ ਲਈ ਫੰਡਾਂ ਦੀ ਵੰਡ**

| ਬਜਟ ਦੀ ਵੰਡ | 2015-16 | | 2016-17 | |
|---|---|---|---|---|
| | ਰਕਮ (ਲੱਖ ਰੁਪਏ) | ਵੰਡ (ਪ੍ਰਤੀਸ਼ਤ) | ਰਕਮ (ਲੱਖ ਰੁਪਏ) | ਵੰਡ (ਪ੍ਰਤੀਸ਼ਤ) |
| ਖੋਜ | 26,219.66 | 49.0 | 31,256.66 | 54.8 |
| ਅਧਿਆਪਣ | 13,078.51 | 24.4 | 12,128.24 | 21.2 |
| ਪਸਾਰ | 8,001.05 | 15.0 | 7,645.69 | 13.4 |
| ਆਮ ਪ੍ਰਸ਼ਾਸਨ ਅਤੇ ਹੋਰ | 6,232.43 | 11.6 | 6,030.09 | 10.6 |
| **ਕੁੱਲ** | 53,531.65 | 100 | 57,060.68 | 100 |

ਸਾਲ 2014-15 ਦੌਰਾਨ ਖੋਜ ਉੱਤੇ 49.66%, ਅਧਿਆਪਣ ਉੱਤੇ 23.36% ਪਸਾਰ ਉੱਤੇ 14.31% ਅਤੇ ਆਮ ਪ੍ਰਸ਼ਾਸਨ ਅਤੇ ਹੋਰ ਗਤੀਵਿਧੀਆਂ ਉੱਤੇ 12.67% ਖਰਚ ਕੀਤਾ ਗਿਆ ।

## ਮਿਲਖ ਸੰਗਠਨ

ਮਿਲਖ ਸੰਗਠਨ ਵੱਲੋਂ ਯੂਨੀਵਰਸਿਟੀ ਦੀਆਂ ਇਮਾਰਤਾਂ ਦੀ ਉਸਾਰੀ ਅਤੇ ਦੇਖਭਾਲ ਕੀਤੀ ਜਾਂਦੀ ਹੈ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਇੰਜਨੀਅਰਿੰਗ ਯੂਨਿਟ ਵੱਲੋਂ ਕੁੱਲ 20 ਪ੍ਰੋਜੈਕਟ ਸੰਪੰਨ ਕੀਤੇ ਗਏ (ਅਨੁਲੱਗ-1)

## ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪ੍ਰੋਗਰਾਮਾਂ ਵਿੱਚ ਫੈਕਲਟੀ ਦੀ ਸ਼ਮੂਲੀਅਤ

ਯੂਨੀਵਰਸਿਟੀ ਦੀ ਫੈਕਲਟੀ ਵੱਲੋਂ ਕਈ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸੈਮੀਨਾਰਾਂ, ਕਾਨਫਰੰਸਾਂ, ਸਿੰਪੋਜ਼ੀਆ, ਵਰਕਸ਼ਾਪਾਂ ਆਦਿ ਵਿੱਚ ਸ਼ਮੂਲੀਅਤ ਕੀਤੀ ਗਈ, ਜਿਨ੍ਹਾਂ ਦਾ ਵੇਰਵਾ ਨਿਮਨ ਅੰਕਿਤ ਅਨੁਸਾਰ ਹੈ :

## ਅੰਤਰਰਾਸ਼ਟਰੀ ਪੱਧਰ ਤੇ ਸ਼ਮੂਲੀਅਤ

| ਨਾਮ | ਪ੍ਰੋਗਰਾਮ | ਮਿਤੀ ਅਤੇ ਸਥਾਨ |
|---|---|---|
| ਡਾ. ਸੰਦੀਪ ਸਿੰਘ ਅਤੇ ਡਾ. ਐੱਚ ਐੱਸ ਰਤਨਪਾਲ (ਫ਼ਲ ਵਿਗਿਆਨ) | ਹਾਰਟੀਕਲਚਰਲ ਵਿਗਿਆਨ ਦੀ ਅੰਤਰਰਾਸ਼ਟਰੀ ਸੰਸਥਾ, ਬੈਲਜ਼ੀਅਮ ਵੱਲੋਂ 'ਅੰਜ਼ੀਰ ਉੱਤੇ ਪੰਜਵਾਂ ਅੰਤਰਰਾਸ਼ਟਰੀ ਸਿੰਪੋਜ਼ੀਅਮ' | 31 ਅਗਸਤ ਤੋਂ 3 ਸਤੰਬਰ 2015, ਨੇਪਲਜ਼, ਇਟਲੀ |
| ਡਾ. ਪੂਨਮ ਸਚਦੇਵ (ਭੋਜਨ ਵਿਗਿਆਨ ਅਤੇ ਤਕਨਾਲੋਜੀ) | 'ਕਮਿਸਟਰੀ ਅਤੇ ਲਾਈਫ਼ ਸਾਇੰਸਜ਼' ਉੱਤੇ ਚੌਥੀ ਕੇ ਸੀ ਸੀ 2016 ਕਾਨਫਰੰਸ' | 20-22 ਮਾਰਚ, 2016, ਕੁਵੈਤ |
| ਡਾ. ਧਰਮਿੰਦਰ ਪਾਠਕ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਅਤੇ ਡਾ. ਸਤਨਾਮ ਸਿੰਘ (ਆਰ ਆਰ ਐਸ, ਫਰੀਦਕੋਟ) | ਅੰਤਰਰਾਸ਼ਟਰੀ ਨਰਮਾ ਸਲਾਹਕਾਰੀ ਕਮੇਟੀ, ਅੰਤਰ-ਰਾਸ਼ਟਰੀ ਨਰਮਾ ਖੋਜਾਰਥੀਆਂ ਦੀ ਐਸੋਸੀਏਸ਼ਨ ਵੱਲੋਂ 'ਵਿਸ਼ਵ ਨਰਮਾ ਖੋਜ ਕਾਨਫਰੰਸ-6' | 2-6 ਮਈ, 2016 ਗੋਇਏਨੀਆ, ਬਰਾਜ਼ੀਲ |
| ਡਾ. ਐਮ ਐਸ ਭੁੱਲਰ (ਐਗਰੋਨੋਮੀ) | ਅੰਤਰਰਾਸ਼ਟਰੀ ਨਦੀਨ ਵਿਗਿਆਨ ਸੰਸਥਾ ਅਤੇ ਚੈੱਕ ਵੀਡ ਸਾਇੰਸ ਸੋਸਾਇਟੀ ਵੱਲੋਂ '7ਵੀਂ ਅੰਤਰਰਾਸ਼ਟਰੀ ਵੀਡ ਸਾਇੰਸ ਕਾਂਗਰਸ' | 19-25 ਜੂਨ 2016, ਪਰਾਗ, ਚੈੱਕ ਰਿਪਬਲਿਕ |

## ਰਾਸ਼ਟਰੀ ਪੱਧਰ ਤੇ ਸ਼ਮੂਲੀਅਤ

| ਕਾਲਜ | ਸ਼ਾਮਲ ਹੋਣ ਵਾਲੇ ਫੈਕਲਟੀ ਮੈਂਬਰਾਂ ਦੀ ਗਿਣਤੀ |
|---|---|
| ਖੇਤੀਬਾੜੀ ਕਾਲਜ | 102 |
| ਖੇਤੀਬਾੜੀ ਇੰਜਨੀਅਰਿੰਗ ਅਤੇ ਤਕਨਾਲੋਜੀ ਕਾਲਜ | 35 |
| ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ | 50 |
| ਹੋਮ ਸਾਇੰਸ ਕਾਲਜ | 25 |
| ਕੁੱਲ | 212 |

## ਖਰੀਦੇ ਗਏ ਨਵੇਂ ਉਪਕਰਨ

ਪੀ ਏ ਯੂ ਦੇ ਕਾਲਜਾਂ ਵੱਲੋਂ ਕਈ ਨਵੇਂ ਉਪਕਰਨ ਖਰੀਦੇ ਗਏ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

| ਉਪਕਰਨ | ਕੀਮਤ (ਲੱਖ ਰੁਪਏ) | ਵਰਤੋਂ ਯੋਗਤਾ |
|---|---|---|
| ਮਾਈਕ੍ਰੋਪਲੇਟ ਰੀਡਰ | 20.9 | ਐਸ ਐਨ ਪੀ ਮਾਰਕਰਾਂ ਦੇ ਵਿਸ਼ਲੇਸ਼ਣ ਲਈ |
| ਪੀ ਏ ਯੂ ਵਿਖੇ ਕਿਲਾਂਗ ਵਿਕਾਸ ਚੈਂਬਰ ਲਈ ਗਰੀਨ ਹਾਊਸ | 16.3 | ਦੋਹਰੀ ਹੈਪਲੋਆਇਡ ਗਿਣਤੀ ਵਿਕਸਿਤ ਕਰਨ ਲਈ |
| ਰੀਅਲ ਟਾਈਮ ਪੀ ਸੀ ਆਰ ਮਸ਼ੀਨ | 14.99 | ਵੱਖੋ-ਵੱਖ ਜੀਨਾਂ ਦੇ ਅਧਿਐਨ ਲਈ |
| ਜੈੱਲ ਡਾਕੂਮੈਂਟੇਸ਼ਨ ਸਿਸਟਮ | 14.41 | ਜੈੱਲ ਫੋਟੋ ਲੈਣ ਲਈ |
| ਆਈ ਆਰ ਜੀ ਏ-ਪੀ ਐਸ ਸਿਸਟਮ, ਅਲਟਰਾ ਕੰਪੈਕਟ ਪੋਰਟੇਬਲ ਫੋਟੋਸਿੰਥਸਿਜ਼ | 13.00 | ਫੋਟੋਸਿੰਥਸਿਜ਼ ਐਨਾਲਾਈਜ਼ਰ |
| ਆਈ ਆਰ ਜੀ ਏ-ਪੀ ਐਸ | 12.15 | ਫੋਟੋਸਿੰਥਸਿਜ਼, ਸਟੋਮੇਟਲ ਕੰਡਕਟੈਂਸ, ਪੱਤਾ ਤਾਪਮਾਨ ਆਦਿ ਨਾਪਣ ਲਈ |
| ਮਾਈਕ੍ਰੋਵੇਵ ਡਾਈਜੈਸ਼ਨ ਸਿਸਟਮ | 10.0 | ਵਿਦਿਆਰਥੀਆਂ ਦੇ ਖੋਜ ਕਾਰਜਾਂ ਲਈ |
| ਈਵੋਸ ਐਫ ਐਲ ਕਲਰ ਇਮੇਜਿੰਗ ਸਿਸਟਮ | 9.00 | ਪੀ ਸੀ ਆਰ ਪ੍ਰੋਫ਼ਾਇਲਜ਼ ਦੀ ਰਿਕਾਰਡਿੰਗ ਅਤੇ ਵਿਸ਼ਲੇਸ਼ਣ ਲਈ |
| ਫਰੀਜ਼ ਡਰਾਇਰ | 7.87 | ਘੱਟ ਤਾਪਮਾਨ ਤੇ ਸੁਕਾਉਣ ਲਈ |
| ਬਾਇਓ ਸਪੈਕਟ੍ਰੋਫੋਟੋਮੀਟਰ | 7.0 | ਡੀ ਐਨ ਏ/ਆਰ ਐਨ ਏ ਵਿਸ਼ਲੇਸ਼ਣ ਲਈ |
| ਕੈਨੋਪੀ ਐਨਾਲਾਈਜ਼ਰ | 6.6 | ਵਣ-ਖੇਤੀ ਤਜ਼ਰਬਿਆਂ ਲਈ |
| ਅਲਟ੍ਰਾ ਡੀਪ ਫਰੀਜ਼ਰ | 6.5 | ਨਮੂਨਿਆਂ ਦੀ ਲੰਬੇ ਸਮੇਂ ਵਾਸਤੇ ਸੰਭਾਲ ਲਈ |
| ਸਟੈਂਡ ਮਿਕਸਰ ਐਕਸਟਰੂਡਰ | 5.0 | ਠੰਡੇਪਣ ਦੀ ਨਿਕਾਸੀ ਲਈ |
| ਕੁੱਲ | 143.72 | |

## ਨਵੀਆਂ ਲੈਬਾਰਟਰੀਆਂ, ਸਥਾਪਿਤ ਕੀਤੀਆਂ ਅਤੇ ਨਵਿਆਈਆਂ ਬੁਨਿਆਦੀ ਸਹੂਲਤਾਂ

### ਖੇਤੀਬਾੜੀ ਕਾਲਜ

- ਭੋਜਨ ਵਿਗਿਆਨ ਅਤੇ ਤਕਨਾਲੋਜੀ ਵਿਭਾਗ ਵੱਲੋਂ ਭੋਜਨ ਉਦਯੋਗ ਕੇਂਦਰ (ਐਫ ਆਈ ਸੀ) ਦੀ ਇਮਾਰਤ ਵਿਖੇ ਇੱਕ ਕਾਨਫ਼ਰੰਸ ਰੂਮ ਅਤੇ ਦੋ ਲੈਬਾਰਟਰੀਆਂ ਸਥਾਪਿਤ ਕੀਤੀਆਂ ਗਈਆਂ ।
- ਫ਼ਲ ਵਿਗਿਆਨ ਵਿਭਾਗ ਵੱਲੋਂ ਇੱਕ ਮੋਲੀਕਿਊਲਰ ਲੈਬ ਸਥਾਪਿਤ ਕੀਤੀ ਗਈ ।
- ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ ਵੱਲੋਂ ਬੀਜ ਠੰਢਿਆਉਣ ਅਤੇ ਦੋਹਰੇ ਹੈਪਲੋਆਇਡ ਉਤਪਾਦਨ ਲਈ ਪੌਦਾ ਵਿਕਾਸ ਚੈਂਬਰ ਅਤੇ ਦੋ ਖਣ ਦੇ ਖੇਤ ਸਟੋਰ ਉਸਾਰੇ ਗਏ ।

**ਖੇਤੀਬਾੜੀ ਇੰਜੀਨੀਅਰਿੰਗ ਅਤੇ ਤਕਨਾਲੋਜੀ ਕਾਲਜ**

- ਪੀ ਜੀ ਲੈਕਚਰ-ਕਮ-ਸੈਮੀਨਾਰ ਰੂਮ ਅਤੇ ਪੀ ਜੀ ਸੈਮੀਨਾਰ-ਕਮ-ਕਮੇਟੀ ਰੂਮ ਦੀ ਸਥਾਪਨਾ ਕ੍ਰਮਵਾਰ ਮਕੈਨੀਕਲ ਇੰਜੀਨੀਅਰਿੰਗ ਅਤੇ ਪ੍ਰੋਸੈਸਿੰਗ ਅਤੇ ਫੂਡ ਇੰਜੀਨੀਅਰਿੰਗ ਵਿਭਾਗਾਂ ਵੱਲੋਂ ਕੀਤੀ ਗਈ ।
- ਨਵੇਂ ਉਪਕਰਨ ਖਰੀਦ ਕੇ ਡਰਾਇੰਗ ਹਾਲ, ਹੀਟ ਤਕਨਾਲੋਜੀ ਲੈਬ ਅਤੇ ਫਲਿਊਡ ਮਕੈਨਿਕਜ਼ ਲੈਬ ਦੀਆਂ ਬੁਨਿਆਦੀ ਸਹੂਲਤਾਂ ਨੂੰ ਨਵਿਆਇਆ ਗਿਆ ।
- ਸਕੂਲ ਆਫ਼ ਇਲੈਕਟ੍ਰੀਕਲ ਇੰਜੀਨੀਅਰਿੰਗ ਅਤੇ ਇੰਨਫਰਮੇਸ਼ਨ ਤਕਨਾਲੋਜੀ (ਐਸ ਈ ਈ ਆਈ ਟੀ) ਵਿੱਚ ਬੀ ਟੈੱਕ ਕੰਪਿਊਟਰ ਲੈਬ ਅਤੇ ਪ੍ਰੀਖਿਆ ਹਾਲ ਨੂੰ ਨਵਿਆਇਆ ਗਿਆ ।
- ਸਿਖਲਾਈ ਯੂਨਿਟ-ਕਮ-ਪਰੀਖਿਆ ਹਾਲ ਵਿੱਚ ਕੂਲਿੰਗ ਸਿਸਟਮ ਸਥਾਪਿਤ ਕੀਤਾ ਗਿਆ ।

**ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ**

- ਜੁਆਲੋਜੀ ਵਿਭਾਗ ਵਿਖੇ ਐਫ ਆਈ ਐਸ ਟੀ (ਸਾਇੰਸ ਅਤੇ ਤਕਨਾਲੋਜੀ ਵਿੱਚ ਬੁਨਿਆਦੀ ਸਹੂਲਤਾਂ ਦੇ ਵਿਕਾਸ ਲਈ ਫੰਡ) ਲੈਬ ਸਥਾਪਿਤ ਕੀਤੀ ਗਈ ।
- ਮੈਥੇਮੈਟਿਕਸ, ਸਟੈਟ ਅਤੇ ਫਿਜ਼ਿਕਸ ਵਿਭਾਗ ਵੱਲੋਂ ਗਾਮਾ ਰੈਫਰੈਂਸ ਸੈੱਟ, ਬੀਟਾ ਰੈਫਰੈਂਸ ਸੈੱਟ, ਕੈਥੋਡੀ ਰੇਅ ਓਸੀਲੋਕੋਪਜ਼ ਅਤੇ ਹੈਂਡ ਰਿਫਰੈਕਟੋਮੀਟਰ ਖਰੀਦੇ ਗਏ । ਇਸ ਵਿਭਾਗ ਵੱਲੋਂ ਸ਼ਹਿਦ ਲਈ ਵਿਸਕੋਮੀਟਰ ਵੀ ਬਣਾਇਆ ਗਿਆ ।

**ਹੋਮ ਸਾਇੰਸ ਕਾਲਜ**

- ਭੋਜਨ ਅਤੇ ਪੋਸ਼ਣ ਵਿਭਾਗ ਵੱਲੋਂ ਐਨਾਲਿਟੀਕਲ ਲੈਬ ਨੂੰ ਨਵਿਆਇਆ ਗਿਆ ।
- ਪੰਜਾਬ ਦੇ ਪੇਂਡੂ ਸਭਿਆਚਾਰ ਦੇ ਅਜਾਇਬ ਘਰ ਵਿਖੇ ਟਿੰਡਾਂ ਵਾਲੇ ਖੂਹ ਦਾ ਸਾਜੋ ਸਮਾਨ ਰੱਖਿਆ ਗਿਆ ।
- ਕਾਲਜ ਵੱਲੋਂ ਅਜਾਇਬ ਘਰ ਲਈ ਐਲ ਈ ਡੀ ਲਾਈਟਾਂ ਖਰੀਦੀਆਂ ਗਈਆਂ, ਫੋਟੋਆਂ ਬਦਲੀਆਂ ਗਈਆਂ, ਬਿਜਲੀ ਦੇ ਪੁੰਆਇਟ, ਲੱਕੜ ਦੀਆਂ ਅਲਮਾਰੀਆਂ ਅਤੇ ਪੁਤਲਿਆਂ ਦੀ ਮੁਰੰਮਤ ਦਾ ਕਾਰਜ ਕੀਤਾ ਗਿਆ ।

# ਐਮ.ਐਸ. ਰੰਧਾਵਾ ਲਾਇਬਰੇਰੀ

ਮਹਿੰਦਰ ਸਿੰਘ ਰੰਧਾਵਾ ਲਾਇਬਰੇਰੀ ਡਿਜ਼ੀਟਲ ਤਕਨਾਲੋਜੀਆਂ ਰਾਹੀਂ ਰਾਬਤਾ ਕਾਇਮ ਰੱਖਦੀ ਹੋਈ ਅਕਾਦਮਿਕਤਾ ਨਾਲ ਜੁੜੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਖੋਜਾਰਥੀਆਂ ਦੀਆਂ ਜਾਣਕਾਰੀ ਸੰਬੰਧੀ ਲੋੜਾਂ ਨੂੰ ਪੂਰਿਆਂ ਕਰਦੀ ਹੈ । ਯੂਨੀਵਰਸਿਟੀ ਦੀਆਂ ਖੋਜ, ਅਧਿਆਪਣ ਅਤੇ ਪਸਾਰ ਗਤੀਵਿਧੀਆਂ ਨੂੰ ਹੁਲਾਰਾ ਦੇਣ ਵਿੱਚ ਇਹ ਮਹੱਤਵਪੂਰਨ ਭੂਮਿਕਾ ਨਿਭਾਅ ਰਹੀ ਹੈ । ਕਿਤਾਬਾਂ ਤੱਕ ਜਲਦ, ਉਚਿਤ ਅਤੇ ਸੋਖੀ ਤਰ੍ਹਾਂ ਪਹੁੰਚ ਬਨਾਉਣ ਲਈ ਲਾਇਬਰੇਰੀ ਵੱਲੋਂ ਸਵੈ-ਚਾਲਤ ਸੇਵਾਵਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਲਾਇਬਰੇਰੀ ਨੇ ਪ੍ਰਭਾਵਸ਼ਾਲੀ ਤਰੀਕੇ ਨਾਲ ਕਾਰਜ ਕਰਦਿਆਂ ਤੇਜ਼ੀ ਨਾਲ ਵਿਕਾਸ ਕੀਤਾ ।

## ਮੈਂਬਰਸ਼ਿਪ

ਲਾਇਬਰੇਰੀ ਵਿੱਚ 2402 ਮੈਂਬਰਾਂ ਨੇ ਰਜਿਸਟ੍ਰੇਸ਼ਨ ਕਰਵਾਈ, ਜਿਸ ਵਿੱਚ ਪੀ ਏ ਯੂ ਦੇ ਵਿਦਿਆਰਥੀ ਅਤੇ ਅਮਲਾ ਵੀ ਸ਼ਾਮਲ ਹੈ । ਇਸ ਤੋਂ ਇਲਾਵਾ ਲਾਇਬਰੇਰੀ ਮੈਂਬਰਾਂ ਨੂੰ ਇਸ ਸਮੇਂ ਦੌਰਾਨ 12,966 ਕਿਤਾਬਾਂ ਜ਼ਾਰੀ ਕੀਤੀਆਂ ਗਈਆਂ ।

## ਪ੍ਰਾਪਤ ਕੀਤੇ ਅਤੇ ਚੰਦਾ ਜਮ੍ਹਾਂ ਕਰਵਾਏ/ਲਗਵਾਏ ਦਸਤਾਵੇਜ਼

ਇਸ ਸਮੇਂ ਦੌਰਾਨ ਲਾਇਬਰੇਰੀ ਨੇ 1705 ਕਿਤਾਬਾਂ, 305 ਥੀਸਿਸ ਅਤੇ 334 ਸੀਡੀ'ਜ਼ ਪ੍ਰਾਪਤ ਕੀਤੀਆਂ । ਮੌਜੂਦਾ ਸਮੇਂ ਲਾਇਬਰੇਰੀ ਵੱਲੋਂ 86 ਪ੍ਰਿੰਟ ਜਰਨਲਾਂ (ਰਾਸ਼ਟਰੀ ਅਤੇ ਅੰਤਰਰਾਸ਼ਟਰੀ) ਜਿਨ੍ਹਾਂ ਵਿੱਚ 16 ਪ੍ਰਿੰਟ ਅਤੇ ਆਨਲਾਈਨ ਜਰਨਲ, 34 ਆਨਲਾਈਨ ਜਰਨਲ ਅਤੇ 12 ਆਨ ਲਾਈਨ ਡੈਟਾਬੇਸਿਸ ਜਿਨ੍ਹਾਂ ਵਿੱਚ 102 ਈ-ਕਿਤਾਬਾਂ ਵੀ ਸ਼ਾਮਲ ਹਨ, ਲਈ ਚੰਦਾ ਜਮ੍ਹਾਂ ਕਰਵਾਇਆ ਗਿਆ । ਇਸ ਤਰ੍ਹਾਂ ਮਿਤੀ 30.06.2016 ਤੱਕ ਲਾਇਬਰੇਰੀ ਕੋਲ ਕੁੱਲ 3.97.977 ਦਸਤਾਵੇਜ਼ ਹਨ ।

## ਡਿਜਿਟਾਈਜ਼ੇਸ਼ਨ

ਲਾਇਬਰੇਰੀ ਨੇ 1135 ਥੀਸਿਸ ਦਸਤਾਵੇਜ਼ਾਂ ਨੂੰ ਡਿਜਿਟਾਈਜ਼ ਕੀਤਾ ਅਤੇ ਜਿਨ੍ਹਾਂ ਨੂੰ ਪੀ ਏ ਯੂ ਥੀਸਿਸ ਡੈਟਾਬੇਸ ਵਿੱਚ ਅਪਲੋਡ ਕੀਤਾ ਗਿਆ । ਇਹ ਸਾਰੇ ਦਸਤਾਵੇਜ਼ ਲਾਇਬਰੇਰੀ ਦੇ ਵੈੱਬ ਪੇਜ ਤੋਂ ਵੇਖੇ ਜਾ ਸਕਦੇ ਹਨ ।

## ਆਨਲਾਈਨ ਸੇਵਾਵਾਂ

ਲਾਇਬਰੇਰੀ ਵੱਲੋਂ 12 ਆਨਲਾਈਨ ਡੈਟਾਬੇਸਿਸ ਨੂੰ ਵੀ ਚੰਦਾ ਜਮ੍ਹਾ ਕਰਵਾਇਆ ਜਾ ਰਿਹਾ ਹੈ, ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ; ਖੇਤੀਬਾੜੀ ਵਿੱਚ ਈ-ਸਰੋਤਾਂ ਲਈ ਕੰਸੋਰਟੀਅਮ (ਸੀ ਈ ਆਰ ਏ), ਜੋ ਕਿ ਆਨਲਾਈਨ ਜਰਨਲਾਂ ਤੱਕ ਪਹੁੰਚ ਬਣਾਉਂਦਾ ਹੈ । ਕ੍ਰਿਸ਼ੀਪ੍ਰਭਾ (ਆਨਲਾਈਨ ਥੀਸਿਸਜ਼), ਮਾਈ ਲਾਇਬਰੇਰੀ (ਈ-ਕਿਤਾਬਾਂ), ਸੀ ਆਰ ਸੀ ਨੈੱਟ ਬੇਸ (ਈ-ਕਿਤਾਬਾਂ), ਈ ਬੀ ਐਸ ਸੀ ਓ ਨੈੱਟ ਲਾਇਬਰੇਰੀ (ਈ ਕਿਤਾਬਾਂ), ਭੋਜਨ ਉਤਪਾਦਾਂ ਉੱਤੇ ਆਈ ਐੱਸ ਓ ਸਟੈਂਡਰਡਜ਼ (ਆਨਲਾਈਨ ਸਟੈਂਡਰਡਜ਼), ਬਿਜ਼ਨੈੱਸ ਸੋਰਸ ਇਲੀਟ (ਵਣਜ ਪ੍ਰਬੰਧ ਉੱਤੇ ਫੁੱਲ ਟੈਕਸਟ ਜਰਨਲਜ਼) ਕਮੋਡਿਟੀਜ਼ ਡੈਟਾਬੇਸ (ਖੇਤੀ ਜਿਨਸਾਂ ਉੱਤੇ ਅੰਕੜਾਗਤ ਸੂਚਨਾ), ਈ-ਕੂਐਸਟ (ਪੀ ਏ ਯੂ ਥੀਸਿਸਾਂ ਦਾ ਆਨਲਾਈਨ ਡੈਟਾਬੇਸ), ਸੀ ਏ ਬੀ ਐਬਸਟ੍ਰੈਕਟਜ਼ (ਖੇਤੀ ਵਿਗਿਆਨ ਉੱਤੇ ਡੈਟਾਬੇਸ), ਫੂਡ ਸਾਇੰਸ ਅਤੇ ਤਕਨਾਲੋਜੀ ਐਬਸਟ੍ਰੈਕਟਜ਼ ਅਤੇ ਇੰਡੀਆਸਟੈਟ ਡਾਟ ਕਾਮ (ਅੰਕੜਾਗਤ ਸੂਚਨਾ) ।

## ਖਰੀਦਿਆ ਗਿਆ ਨਵਾਂ ਸਾਫ਼ਟਵੇਅਰ

ਖੋਜ ਦੀ ਕੁਆਲਿਟੀ ਨੂੰ ਵਧਾਉਣ ਲਈ ਲਾਇਬਰੇਰੀ ਵੱਲੋਂ ਯੂਨੀਵਰਸਿਟੀ ਲਈ 3,40,150/- ਰੁਪਏ ਦੀ ਲਾਗਤ ਵਾਲਾ ਟਰਨਿਟਇਨ ਸਾਫਟਵੇਅਰ ਖਰੀਦਿਆ ਗਿਆ । ਇਸਦਾ ਮੰਤਵ ਥੀਸਿਸਾਂ ਅਤੇ ਯੂਨੀਵਰਸਿਟੀ ਦੀਆਂ ਖੋਜ ਸੰਬੰਧਤ ਹੋਰ ਪ੍ਰਕਾਸ਼ਨਾਵਾਂ ਵਿੱਚੋਂ ਨਕਲ ਨੂੰ ਠੱਲ ਪਾਉਣਾ ਹੈ ।

## ਲਾਇਬਰੇਰੀ ਵੈੱਬ ਪੇਜ਼

ਲਾਇਬਰੇਰੀ ਵੈੱਬ ਪੇਜ਼ ਵੱਲੋਂ ਦਸਤਾਵੇਜ਼ਾਂ ਦੇ ਸਰੋਤਾਂ, ਨਿਯਮਾਂ ਅਤੇ ਵਨਿਯਮਾਂ, ਮੁਹੱਈਆ ਕੀਤੀਆਂ ਜਾਂਦੀਆਂ ਸੇਵਾਵਾਂ, ਈ-ਸਰੋਤਾਂ, ਪ੍ਰਿੰਟ ਜਰਨਲਾਂ ਦੀ ਸੂਚੀ, ਸਰਕੂਲਰ ਅਤੇ ਲਾਇਬਰੇਰੀ ਵਿੱਚ ਸ਼ਾਮਲ ਹੋਏ ਨਵੇਂ ਐਡੀਸ਼ਨਾਂ ਬਾਰੇ ਸੰਪੂਰਨ ਜਾਣਕਾਰੀ ਦਿੱਤੀ ਜਾਂਦੀ ਹੈ । ਸਾਰੇ ਤਰ੍ਹਾਂ ਦੇ ਈ-ਸਰੋਤਾਂ ਜਿਵੇਂ ਕਿ ਈ-ਜਰਨਲਜ਼, ਈ-ਕਿਤਾਬਾਂ, ਈ-ਥੀਸਿਸਜ਼, ਈ-ਸਟੈਂਡਰਡਜ਼ ਆਦਿ ਸਮੁੱਚੇ ਕੈਂਪਸ ਵਿੱਚ ਵੈੱਬ ਪੇਜ਼ ਤੋਂ ਵੇਖੇ ਜਾ ਸਕਦੇ ਹਨ । ਸਿਰਫ਼ ਇੰਡੀਆਸਟੈਟ ਡਾਟ ਕਾਮ ਡੈਟਾਬੇਸ ਲਾਇਬਰੇਰੀ ਵਿੱਚੋਂ ਹੀ ਵੇਖਿਆ ਜਾਂਦਾ ਹੈ ।

## ਲਾਇਬਰੇਰੀ ਉਪਯੋਗਤਾ

ਕਿਤਾਬਾਂ-1,73,154; ਥੀਸਿਸ-40,345; ਬਾਉਂਡ ਸਮਾਂਬੱਧ ਰਸਾਲੇ-23,780, ਮੌਜੂਦਾ ਸਮਾਂਬੱਧ ਰਸਾਲੇ-20,606; ਐਬਸਟ੍ਰੈਕਟਜ਼ ਅਤੇ ਇੰਡੈਕਸਿਸ-9,347; ਅਖ਼ਬਾਰਾਂ-2,382 ਹਵਾਲਾ ਪੁਸਤਕਾਂ 14,623, ਟੈਕਸਟ ਪੁਸਤਕਾਂ 8,738 ਅਤੇ ਦੁਰਲੱਭ ਕਿਤਾਬਾਂ 2,055 ।

# ਪ੍ਰਭਾਵ

## ਖੋਜ ਅਤੇ ਪਸਾਰ

- ਪੀ ਏ ਯੂ ਵੱਲੋਂ ਸਾਲ 2013-16 ਦੌਰਾਨ ਝੋਨੇ ਦੀਆਂ ਘੱਟ ਸਮਾਂ ਅਤੇ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਪੀ ਆਰ 121, ਪੀ ਆਰ 122, ਪੀ ਆਰ 124 ਅਤੇ ਪੀ ਆਰ 126 ਵਿਕਸਿਤ ਅਤੇ ਜ਼ਾਰੀ ਕੀਤੀਆਂ ਗਈਆਂ । ਇਹਨਾਂ ਵਿੱਚੋਂ ਪੀ ਆਰ 121 ਕਿਸਮ ਸਭ ਤੋਂ ਵੱਧ ਹਰਮਨ ਪਿਆਰੀ ਰਹੀ ਅਤੇ ਸਾਲ 2015 ਦੌਰਾਨ 17 ਪ੍ਰਤੀਸ਼ਤ ਦੇ ਮੁਕਾਬਲੇ ਸਾਲ 2016 ਵਿੱਚ ਇਸ ਕਿਸਮ ਵੱਲੋਂ ਪਰਮਲ ਦਾ 29 ਪ੍ਰਤੀਸ਼ਤ ਰਕਬਾ ਆਪਣੇ ਅਧੀਨ ਕੀਤਾ ਗਿਆ। ਘੱਟ ਸਮਾਂ ਅਤੇ ਵੱਧ ਝਾੜ ਦੇਣ ਵਾਲੀ ਪੀ ਆਰ 124 ਕਿਸਮ ਵੀ ਕਾਫ਼ੀ ਰਕਬੇ ਵਿੱਚ ਕਾਸ਼ਤ ਕੀਤੀ ਗਈ। ਪੀ ਆਰ 126 ਕਿਸਮ ਅਗੇਤੀ ਪੱਕਣ ਵਾਲੀ (123 ਦਿਨਾਂ ਵਿੱਚ) ਕਿਸਮ ਹੈ ਇਸ ਕਿਸਮ ਦੀ ਕਾਸ਼ਤ ਨਾਲ ਜਿੱਥੇ ਵੱਧ ਝਾੜ ਹਾਸਲ ਹੁੰਦਾ ਹੈ, ਉੱਥੇ ਪਾਣੀ ਦੀ ਬੱਚਤ ਵੀ ਹੁੰਦੀ ਹੈ ।
- ਘੱਟ ਸਮਾਂ ਲੈਣ ਵਾਲੀਆਂ ਪਰਮਲ ਚੌਲਾਂ ਦੀਆਂ ਸਿਫ਼ਾਰਸ਼ ਕੀਤੀਆਂ ਗਈਆਂ ਕਿਸਮਾਂ ਦਾ ਰਕਬਾ ਸਾਲ 2014 ਦੇ 42 ਪ੍ਰਤੀਸ਼ਤ ਤੋਂ ਵੱਧ ਕੇ ਸਾਲ 2015 ਦੌਰਾਨ 54 ਪ੍ਰਤੀਸ਼ਤ ਅਤੇ ਸਾਲ 2016 ਦੌਰਾਨ 63 ਪ੍ਰਤੀਸ਼ਤ ਹੋ ਗਿਆ । ਹੋਰ ਤਕਨੀਕਾਂ ਦੇ ਨਾਲ-ਨਾਲ ਇਹਨਾਂ ਕਿਸਮਾਂ ਦੀ ਕਾਸ਼ਤ ਨੇ ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਨੂੰ ਵੀ ਠੱਲ੍ਹ ਪਾਈ ।
- ਕਣਕ ਦੀਆਂ ਪੀ ਬੀ ਡਬਲਯੂ 725 ਅਤੇ ਪੀ ਬੀ ਡਬਲਯੂ 677 ਕਿਸਮਾਂ ਧਾਰੀਦਾਰ ਕੁੰਗੀ ਅਤੇ ਪੱਤੇ ਦੀ ਕੁੰਗੀ ਪ੍ਰਤੀਰੋਧਿਕਤਾ ਰੱਖਦੀਆਂ ਹਨ । ਇਹਨਾਂ ਕਿਸਮਾਂ ਨੂੰ ਲਾਉਣ ਨਾਲ ਨੀਮ ਪਹਾੜੀ ਇਲਾਕਿਆਂ ਵਿੱਚ ਬਿਮਾਰੀ ਨੂੰ ਠੱਲ੍ਹ ਪਵੇਗੀ । ਇਹਨਾਂ ਕਿਸਮਾਂ ਦੀ ਰੋਟੀ ਬਹੁਤ ਵਧੀਆ ਬਣਦੀ ਹੈ ।
- ਪੀ ਏ ਯੂ ਵੱਲੋਂ ਸਿਫ਼ਾਰਸ਼ ਕੀਤੀਆਂ ਕਣਕ ਦੀਆਂ ਕਿਸਮਾਂ ਅਧੀਨ ਰਕਬਾ ਜੋ ਕਿ ਸਾਲ 2014-15 ਦੌਰਾਨ 92 ਪ੍ਰਤੀਸ਼ਤ ਸੀ, ਸਾਲ 2015-16 ਦੌਰਾਨ ਵਧ ਕੇ 96 ਪ੍ਰਤੀਸ਼ਤ ਹੋ ਗਿਆ ।
- ਗੋਭੀ ਸਰ੍ਹੋਂ ਕੈਨੋਲਾ ਕਿਸਮ ਜੀ ਐਸ ਸੀ-7 ਕਿਸਾਨਾਂ ਦੀ ਪਸੰਦੀਦਾ ਹੋਣ ਕਰਕੇ ਬਹੁਤ ਤੇਜ਼ੀ ਨਾਲ ਅਪਣਾਈ ਗਈ । ਇਹ ਕਿਸਮ ਤੇਲ ਅਤੇ ਭੋਜਨ ਕੁਆਲਿਟੀ ਲਈ ਅੰਤਰਰਾਸ਼ਟਰੀ ਕੈਨੋਲਾ ਪੱਧਰ (ਈਰੂਸਿਕ ਐਸਿਡ ਤੇਲ ਵਿੱਚ <2 ਪ੍ਰਤੀਸ਼ਤ ਅਤੇ ਮੋਲਜ਼ ਗਲੂਕੋਸਿਨੋਲੇਟਜ਼ ਪ੍ਰਤੀ ਗ੍ਰਾਮ<30 μ) ਨੂੰ ਪੂਰਾ ਕਰਦੀ ਹੈ । ਆਰ ਐਲ ਸੀ-3 ਪਹਿਲੀ ਕੈਨੋਲਾ ਸਰ੍ਹੋਂ ਕਿਸਮ ਹੈ, ਜਿਸਦੀ ਝਾੜ ਸਮਰਥਾ 7.3 ਕੁਇੰਟਲ/ਏਕੜ ਹੈ ਅਤੇ ਅੰਤਰਰਾਸ਼ਟਰੀ ਮਿਆਰਾਂ ਤੇ ਖਰੀ ਉਤਰਦੀ ਹੈ । ਹੁਣ ਪੰਜਾਬ ਦੇ ਕਿਸਾਨਾਂ ਕੋਲ ਕਾਸ਼ਤ ਕਰਨ ਲਈ ਸਰ੍ਹੋਂ ਅਤੇ ਗੋਭੀ ਸਰ੍ਹੋਂ ਦੋਵੇਂ ਤਰ੍ਹਾਂ ਦੀ ਕੈਨੋਲਾ ਕਿਸਮ ਮੌਜੂਦ ਹਨ।
- ਸਾਉਣੀ ਦੀ ਮੂੰਗੀ ਦੀ ਐਮ ਐਲ 2056 ਕਿਸਮ ਦਾ ਝਾੜ ਚੈੱਕ ਕਿਸਮ ਨਾਲੋਂ 10.7 ਪ੍ਰਤੀਸ਼ਤ ਜ਼ਿਆਦਾ ਹੈ ਅਤੇ ਇਹ ਪੀਲੇ ਮੋਜ਼ੇਕ ਵਾਇਰਸ ਰੋਗ ਪ੍ਰਤੀ ਰੋਧਿਕਤਾ ਰੱਖਦੀ ਹੈ, ਜਿਸ ਕਰਕੇ ਕਿਸਾਨਾਂ ਨੂੰ ਵਧੇਰੇ ਆਰਥਿਕ ਮੁਨਾਫ਼ਾ ਹਾਸਲ ਹੁੰਦਾ ਹੈ।
- ਨੇਪੀਅਰ ਬਾਜਰੇ ਦੀ ਨਵੀਂ ਕਿਸਮ ਪੀ ਬੀ ਐਨ 346 ਉੱਤਮ ਕਿਸਮ ਦਾ ਚਾਰਾ ਦਿੰਦੀ ਹੈ, ਜਿਸ ਨਾਲ ਦੁੱਧ ਦੇ ਉਤਪਾਦਨ ਵਿੱਚ ਵੀ ਵਾਧਾ ਹੋਇਆ ਹੈ ।
- ਟਮਾਟਰਾਂ ਦੀ ਪੰਜਾਬ ਗੌਰਵ ਅਤੇ ਪੰਜਾਬ ਸਰਤਾਜ ਕਿਸਮ ਪੰਜਾਬ ਦੇ ਵਾਤਾਵਰਣਕ ਹਾਲਤਾਂ ਅਧੀਨ ਪੋਲੀ-ਨੈੱਟ ਹਾਊਸ ਵਿੱਚ ਕਾਸ਼ਤ ਲਈ ਉੱਤਮ ਕਿਸਮਾਂ ਹਨ । ਇਨ੍ਹਾਂ ਦਾ ਝਾੜ ਵੱਧ ਹੋਣ ਕਰਕੇ ਇਹ ਕਿਸਮਾਂ ਵਪਾਰਕ ਵਰਤੋਂ ਲਈ ਜ਼ਾਰੀ ਕੀਤੀਆਂ ਹਾਈਬ੍ਰਿਡ ਕਿਸਮਾਂ ਦਾ ਮੁਕਾਬਲਾ ਕਰਦੀਆਂ ਹਨ। ਸਬਜ਼ੀਆਂ ਦੀਆਂ ਫ਼ਸਲਾਂ ਦੀਆਂ ਹੋਰ ਨਵੀਆਂ ਕਿਸਮਾਂ ਵਿੱਚ ਚੈਰੀ ਟਮਾਟਰ (ਸਲਾਦ ਵਾਸਤੇ) ਅਤੇ ਬੈਂਗਣ (ਪੀ ਬੀ ਐਚ ਆਰ-41, ਪੀ ਬੀ ਐਚ ਆਰ-42 ਅਤੇ ਪੀ ਬੀ ਐਚ ਐਲ-4) ਵੀ ਸ਼ਾਮਲ ਹਨ । ਪੀ ਬੀ ਐਚ ਐਲ-4 ਕਿਸਮ ਨੂੰ ਬਿਹਾਰ, ਯੂ ਪੀ, ਉੱਤਰਾਖੰਡ ਅਤੇ ਪੰਜਾਬ ਵਿੱਚ ਕਾਸ਼ਤ ਕਰਨ ਲਈ ਸਿਫ਼ਾਰਸ਼ਿਤ ਕੀਤੀ ਗਈ ਹੈ ।
- ਘੱਟ ਬੀਜਾਂ ਵਾਲੀ ਕਿੰਨੂ ਦੀ ਕਿਸਮ ਪੀ ਏ ਯੂ ਕਿੰਨੂ-1 ਨੂੰ ਪੰਜਾਬ ਦੀਆਂ ਹਾਲਤਾਂ ਅਧੀਨ ਵਪਾਰਕ ਪੱਧਰ ਤੇ ਕਾਸ਼ਤ ਕਰਨ ਲਈ ਜ਼ਾਰੀ ਕੀਤਾ ਗਿਆ। ਇਸ ਨਾਲ ਕਿੰਨੂਆਂ ਵਿੱਚ ਵੱਧ ਬੀਜ ਹੋਣ ਦੀ ਸਮੱਸਿਆ ਤੋਂ ਵੀ ਛੁਟਕਾਰਾ ਮਿਲੇਗਾ ਅਤੇ ਇਸਦੀ ਪ੍ਰੋਸੈਸਿੰਗ ਸਮਰਥਾ ਵਿਚ ਵੀ ਸੁਧਾਰ ਆਵੇਗਾ ।
- ਯੂਨੀਵਰਸਿਟੀ ਵੱਲੋਂ ਵੱਖੋ-ਵੱਖ ਖੇਤ ਫ਼ਸਲਾਂ ਦਾ ਲਗਭਗ 72000 ਕੁਇੰਟਲ ਬੀਜ ਪੈਦਾ ਕੀਤਾ ਗਿਆ,ਜਿਸ ਵਿੱਚੋਂ 3595 ਕੁਇੰਟਲ ਬੀਜ ਜਨਤਕ-ਨਿੱਜੀ ਭਾਈਵਾਲੀ ਰਾਹੀਂ ਪੈਦਾ ਕੀਤਾ ਗਿਆ । ਰਾਜ ਦੇ ਕਿਸਾਨਾਂ ਲਈ ਲਗਭਗ 8920 ਕੁਇੰਟਲ ਸਬਜ਼ੀਆਂ ਦਾ ਬੀਜ ਪੈਦਾ ਕੀਤਾ ਗਿਆ। ਯੂਨੀਵਰਸਿਟੀ ਵੱਲੋਂ ਪੰਜਾਬ ਦੇ ਕਿਸਾਨਾਂ ਨੂੰ ਵੰਡਣ ਲਈ 3,18,000 ਨਰਸਰੀ ਫ਼ਲ ਬੂਟੇ ਤਿਆਰ ਕੀਤੇ ਗਏ ।
- ਕਿੰਨੂ ਅਤੇ ਕਾਗਜ਼ੀ ਨਿੰਬੂ ਨਰਸਰੀ ਪੌਦਿਆਂ ਵਿੱਚ ਪਿਉਂਦ ਜਲਦੀ ਤਿਆਰ ਕਰਨ (ਬੱਡ ਫੋਰਸਿੰਗ) ਦੀ ਤਕਨੀਕ ਲਗਾਈ ਗਈ, ਜਿਸ ਸਦਕਾ ਨਰਸਰੀ ਪੌਦਿਆਂ ਦਾ ਤੇਜ਼ੀ ਨਾਲ ਵਿਕਾਸ ਹੁੰਦਾ ਹੈ ਅਤੇ ਨਰਸਰੀ ਪੌਦੇ ਜਲਦੀ ਵਿੱਕ ਜਾਂਦੇ ਹਨ । ਅੰਬਾਂ ਵਿੱਚ ਫਾਨਾ ਤਕਨੀਕ ਨਾਲ ਪਿਉਂਦ

ਕਰਨ ਨਾਲ ਅੰਬਾਂ ਦੀ ਪਿਉਂਦ ਦੇ ਬਚੇ ਰਹਿਣ ਦੇ ਆਸਾਰ ਵਧ ਜਾਂਦੇ ਹਨ । ਨਿੰਬੂ ਦੇ ਫ਼ਲ ਨੂੰ ਈਥੀਫੋਨ ਦੀ ਵਰਤੋਂ ਨਾਲ ਡੀ-ਗਰੀਨਿੰਗ ਕਰਨ ਵਾਲੀ ਤਕਨੀਕ ਉਨ੍ਹਾਂ ਦੇ ਮੰਡੀਕਰਨ ਦੇ ਸਮੇਂ ਨੂੰ ਅਗੇਤਾ ਕਰਦੀ ਹੋਈ ਕਿਸਾਨਾਂ ਨੂੰ ਵਧੇਰੇ ਆਰਥਿਕ ਮੁਨਾਫ਼ਾ ਪ੍ਰਦਾਨ ਕਰਦੀ ਹੈ । ਅੰਬਾਂ ਦੇ ਫ਼ਲ ਨੂੰ ਸੁਰੱਖਿਅਕ ਤਰੀਕੇ ਨਾਲ ਪਕਾਉਣ ਲਈ ਸਿਫ਼ਾਰਿਸ਼ ਕੀਤੀ ਤਕਨੀਕ ਦੀ ਵਰਤੋਂ ਕਰਨ ਨਾਲ ਘਾਤਕ ਰਸਾਇਣਾਂ ਦੀ ਵਰਤੋਂ ਦੀ ਸਮੱਸਿਆ ਤੋਂ ਛੁਟਕਾਰਾ ਮਿਲੇਗਾ । ਡੇਜ਼ੀ ਮੈਂਡਰਿਨ ਉੱਤੇ ਸਿਟਰਾਸ਼ਾਈਨ ਮੋਮ ਦੀ ਵਰਤੋਂ ਕਰਨ ਨਾਲ ਜਿੱਥੇ ਉਸਦੇ ਫ਼ਲ ਦੀ ਦਿੱਖ ਸੋਹਣੀ ਹੋਵੇਗੀ ਉਥੇ ਢੋਆ-ਢੋਆਈ, ਸਾਂਭ-ਸੰਭਾਲ ਅਤੇ ਮੰਡੀਕਰਨ ਦੌਰਾਨ ਇਸਦੀ ਗੁਣਵਤਾ ਨੂੰ ਦੋ ਹਫ਼ਤਿਆਂ ਤੱਕ ਕਾਇਮ ਰੱਖਿਆ ਜਾ ਸਕੇਗਾ ।

- ਬਹਾਰ ਰੁੱਤ ਦੇ ਸੂਰਜਮੁਖੀ ਅਤੇ ਹਲਦੀ ਵਿੱਚ ਤੁਪਕਾ ਸਿੰਚਾਈ ਅਤੇ ਖਾਦਾਂ ਪਾਉਣ ਦੀ ਸਮਾਂਬੱਧਤਾ ਕਰਨ ਨਾਲ 25 ਪ੍ਰਤੀਸ਼ਤ ਝਾੜ ਵੱਧ ਮਿਲਣ ਤੋਂ ਇਲਾਵਾ 40 ਪ੍ਰਤੀਸ਼ਤ ਸੇਂਜੂ ਪਾਣੀ ਅਤੇ 20 ਪ੍ਰਤੀਸ਼ਤ ਰਸਾਇਣਕ ਖਾਦਾਂ ਦੀ ਬੱਚਤ ਹੋਵੇਗੀ ।
- ਪਾਣੀ ਬਚਾਉਣ ਵਾਲੀ, ਝੋਨੇ ਦੀ ਸਿੱਧੀ ਬਿਜਾਈ ਵਾਲੀ ਖੇਤੀ ਪ੍ਰੈਕਟਿਸ ਅਧੀਨ ਮੁਕਤਸਰ ਅਤੇ ਫਿਰੋਜ਼ਪੁਰ ਜ਼ਿਲ੍ਹਿਆ ਵਿਚਲਾ ਰਕਬਾ ਸਾਲ 2014 ਦੇ 79,564 ਏਕੜ ਤੋਂ ਵਧ ਕੇ ਸਾਲ 2015 ਦੌਰਾਨ 1,02,242 ਏਕੜ ਹੋ ਗਿਆ ।
- ਪੰਜਾਬ ਦੇ ਕਿਸਾਨ ਪ੍ਰਮੁੱਖ ਫ਼ਸਲਾਂ ਵਿੱਚ ਜੈਵਿਕ ਖਾਦਾਂ ਦੀ ਵਰਤੋਂ ਨੂੰ ਤਰਜੀਹ ਦੇਣ ਲੱਗੇ ਹਨ । ਸਾਲ 2015-16 ਦੌਰਾਨ 6000 ਏਕੜ ਕਣਕ ਦੀ ਫ਼ਸਲ ਲਈ ਜੈਵਿਕ ਖਾਦਾਂ ਦੀ ਵਿਕਰੀ ਹੋਈ । ਵੱਖੋ-ਵੱਖ ਫ਼ਸਲਾਂ ਵਿੱਚ ਕੰਸੋਰਸ਼ੀਅਮ, ਐਜ਼ੋਰਹੀਜ਼ੋਬੀਅਮ, ਕਣਕ ਵਿੱਚ ਦੋਹਰੀ ਜੈਵਿਕ ਖਾਦ ਵਰਤਣ ਨਾਲ ਫ਼ਸਲ ਦੇ ਝਾੜ ਵਿੱਚ 1-5 ਪ੍ਰਤੀਸ਼ਤ ਵਾਧਾ ਹੋਣ ਦੇ ਨਾਲ-ਨਾਲ ਭੂਮੀ ਦੀ ਸਿਹਤ ਵਿੱਚ ਵੀ ਸੁਧਾਰ ਆਇਆ । ਵੱਖੋ-ਵੱਖ ਰੇਸ਼ੇਦਾਰ ਫ਼ਸਲਾਂ ਵਿੱਚ ਰਹਿਜ਼ੋਬੀਅਮ ਅਤੇ ਪੀ ਜੀ ਪੀ ਆਰ ਜੈਵਿਕ ਖਾਦ ਨਾਲ ਝਾੜ ਵਿੱਚ 7-13 ਪ੍ਰਤੀਸ਼ਤ ਦਾ ਵਾਧਾ ਹੋਇਆ ।
- ਰਾਜ ਦੇ ਕਿਸਾਨਾਂ ਨੂੰ ਫ਼ਸਲੀ ਚੱਕਰ ਦੇ ਅਧਾਰ ਤੇ ਪੌਸ਼ਟਿਕ ਤੱਤਾਂ ਦੀ ਸਿਫ਼ਾਰਿਸ਼ ਕੀਤੀ ਖੁਰਾਕ ਦੀ ਵਰਤੋਂ ਬਾਰੇ ਜਾਗਰੂਕ ਕਰਨ ਨਾਲ ਸਾਲ 2012-13 ਦੌਰਾਨ ਐਨ ਪੀ ਕੇ ਦੀ ਵਰਤੋਂ ਘੱਟ ਕੇ 102 ਕਿੱਲੋ/ਏਕੜ ਹੋ ਗਈ ਸੀ ਜੋ ਕਿ ਸਾਲ 2014-15 ਦੌਰਾਨ ਹੋਰ ਘਟ ਕੇ 88.4 ਕਿੱਲੋ/ਏਕੜ ਰਹਿ ਗਈ ।
- ਬਾਸਮਤੀ ਚੌਲ ਲਾਉਣ ਤੋਂ ਪਹਿਲਾਂ 45-55 ਦਿਨ ਪੁਰਾਣੀ ਸੰਨਹੈਂਪ/ਢੈਂਚਾ ਜਾਂ ਗਰਮ ਰੁੱਤ ਦੀ ਮੂੰਗੀ ਦੀ ਰਹਿੰਦ-ਖੂੰਹਦ ਦੀ ਹਰੀ ਖਾਦ ਪਾਉਣ ਨਾਲ ਯੂਰੀਆ ਖਾਦ ਦੀ 90-135 ਕਿੱਲੋ/ਹੈਕਟੇਅਰ ਦੀ ਬੱਚਤ ਹੋਈ ।
- ਅੰਬ ਅਤੇ ਆਲੂ ਬੁਖਾਰੇ ਵਿੱਚ ਫ਼ਲ ਦੀ ਮੱਖੀ ਦੀ ਰੋਕਥਾਮ ਲਈ ਪੀ ਏ ਯੂ ਫਰੂਟ ਫਲਾਈ ਟ੍ਰੈਪਜ਼ @16 ਟ੍ਰੈਪਜ਼ (ਜਾਲ) ਏਕੜ ਲਾਉਣ ਨਾਲ ਅਤੇ ਹਾਰਟੀਕਲਚਰ ਮਿਨਰਲ ਆਇਲ ਅਤੇ ਡੋਟਾਰਾ ਦੇ ਛਿੜਕਾਅ ਰਾਹੀਂ ਨਿੰਬੂ ਜਾਤੀ ਦੇ ਤੇਲੇ ਅਤੇ ਚੇਪੇ ਦੀ ਰੋਕਥਾਮ ਕਰਨ ਨਾਲ ਬਾਗਾਂ ਨੂੰ ਕੀੜਿਆਂ-ਮਕੌੜਿਆਂ ਤੋਂ ਬਚਾਉਣ ਵਿੱਚ ਕਾਫ਼ੀ ਮਦਦ ਮਿਲੀ ।
- ਸਫ਼ੈਦੇ ਦੇ ਨਵੇਂ ਕਲੋਨਜ਼ ਅਤੇ ਉਹਨਾਂ ਦੀਆਂ ਖਾਦ ਪ੍ਰਤੀ ਲੋੜਾਂ ਨੂੰ ਸਿਫ਼ਾਰਿਸ਼ ਕਰਨ ਨਾਲ ਲੱਕੜ ਦੇ ਉਤਪਾਦਨ ਨੂੰ ਵਧਾਉਣ ਵਿੱਚ ਮਦਦ ਮਿਲੇਗੀ, ਜਿਸ ਨਾਲ ਕਿਸਾਨਾਂ ਨੂੰ ਵਧੇਰੇ ਆਰਥਿਕ ਮੁਨਾਫ਼ਾ ਹੋ ਸਕੇਗਾ । ਰੁੱਖ-ਫ਼ਸਲ ਦੇ ਮੇਲ ਅਤੇ ਸਿਫ਼ਾਰਿਸ਼ ਕੀਤੀਆਂ ਫ਼ਸਲ ਵਿਗਿਆਨਿਕ ਅਤੇ ਰੁੱਖ ਪਾਲਣ ਦੀਆਂ ਪ੍ਰੈਕਟਿਸਿਸ ਨਾਲ ਵਣ-ਖੇਤੀ ਸਿਸਟਮ ਤੋਂ ਵਧੇਰੇ ਉਤਪਾਦਨ ਅਤੇ ਮੁਨਾਫ਼ਾ ਹਾਸਲ ਹੋ ਸਕੇਗਾ ਅਤੇ ਵੱਧ ਤੋਂ ਵੱਧ ਕਿਸਾਨ ਇਸ ਨੂੰ ਆਪਣੇ ਖੇਤਾਂ ਵਿੱਚ ਅਪਨਾਉਣਗੇ।
- ਆਲੂ ਅਤੇ ਕਣਕ ਵਿੱਚ ਕ੍ਰਮਵਾਰ ਪਿਛੇਤੇ ਝੁਲਸ ਰੋਗ ਅਤੇ ਪੀਲੀ ਕੁੰਗੀ ਦੀ ਰੋਕਥਾਮ ਲਈ ਕਿਸਾਨਾਂ ਨੂੰ ਵੈੱਬ ਅਧਾਰਿਤ ਸਲਾਹ-ਮਸ਼ਵਰਾ ਸੇਵਾਵਾਂ ਪ੍ਰਦਾਨ ਕਰਨ ਨਾਲ ਫਫੂੰਦੀਨਾਸ਼ਕਾਂ ਦੀ ਵਰਤੋਂ ਘਟੇਗੀ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਹੋਵੇਗਾ ।
- ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ ਲਈ ਸੋਧਿਆ ਹੋਇਆ ਹੈਪੀ ਸੀਡਰ (ਪੀ ਏ ਯੂ ਹੈਪੀ ਸੀਡਰ) ਵਿਕਸਿਤ ਕਰਨ ਨਾਲ ਹਾੜੀ ਦੇ ਇਸ ਸੀਜ਼ਨ ਦੌਰਾਨ ਪ੍ਰਚੱਲਤ ਢੰਗ ਨਾਲ ਕਣਕ ਦੀ ਬਿਜਾਈ ਦੇ ਮੁਕਾਬਲਤਨ ਮੀਂਹ ਜਾਂ ਹਨੇਰੀ ਨਾਲ ਕਣਕ ਘੱਟ ਵਿਛੀ । ਸਾਲ 2016-17 ਦੇ ਕਣਕ ਸੀਜ਼ਨ ਦੌਰਾਨ ਲਗਭਗ 400 ਕਿਸਾਨਾਂ ਨੇ ਪੀ ਏ ਯੂ ਮਾਹਿਰਾਂ ਨਾਲ ਰਾਬਤਾ ਕਾਇਮ ਕੀਤਾ ਤਾਂ ਜੋ ਉਨ੍ਹਾਂ ਦੇ ਖੇਤਾਂ ਵਿੱਚ ਝੋਨੇ ਦੀ ਰਹਿੰਦ-ਖੂੰਹਦ ਦੇ ਵਿੱਚ ਕਣਕ ਦੀ ਸਿੱਧੀ ਬਿਜਾਈ ਕੀਤੀ ਜਾ ਸਕੇ ।
- ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ ਦੀਆਂ ਤਕਨੀਕਾਂ ਜਿਵੇਂ ਕਿ ਹੈਪੀ ਸੀਡਰ ਨਾਲ ਕਣਕ ਦੀ ਬਿਜਾਈ ਅਤੇ ਬੇਲਰ ਤਿਆਰ ਕਰਨਾ ਆਦਿ ਨੂੰ ਅਪਨਾਉਣ ਵਾਲੇ ਕਿਸਾਨਾਂ ਦੀ ਗਿਣਤੀ ਹੌਲੀ-ਹੌਲੀ ਵਧ ਰਹੀ ਹੈ । ਸੰਗਰੂਰ ਜ਼ਿਲ੍ਹੇ ਵਿੱਚ ਹੈਪੀ ਸੀਡਰ ਤਕਨੀਕ ਦਾ ਰਕਬਾ ਜੋ ਕਿ ਸਾਲ 2014-15 ਦੌਰਾਨ 3700 ਏਕੜ ਸੀ, ਸਾਲ 2015-16 ਦੌਰਾਨ (ਪੀ ਏ ਯੂ ਮਾਹਿਰਾਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਾਂਝੇ ਯਤਨਾਂ ਸਦਕਾ) ਵਧ ਕੇ 8025 ਏਕੜ ਹੋ ਗਿਆ । ਇਸੇ ਤਰ੍ਹਾਂ ਬੇਲਰ ਅਧੀਨ ਰਕਬਾ ਜੋ ਕਿ ਸਾਲ 2014-15 ਦੌਰਾਨ 11,980 ਏਕੜ ਸੀ ਵਧ ਕੇ ਸਾਲ 2015-16 ਦੌਰਾਨ 29,577 ਏਕੜ ਹੋ ਗਿਆ। ਮੁੱਢਲੇ ਤੌਰ ਤੇ ਉਨ੍ਹਾਂ ਖੇਤਰਾਂ ਵਿੱਚ ਇਸ ਤੇ ਜ਼ਿਆਦਾ ਜ਼ੋਰ ਦਿੱਤਾ ਗਿਆ, ਜਿੱਥੇ ਝੋਨੇ ਦੀ ਪਰਾਲੀ ਨੂੰ ਬਿਜਲੀ ਤਿਆਰ ਕਰਨ ਲਈ ਵਰਤਿਆ ਜਾ ਰਿਹਾ ਹੈ ਜਿਵੇਂ ਕਿ ਮਾਨਸਾ ਅਤੇ ਫਾਜ਼ਿਲਕਾ ਜ਼ਿਲ੍ਹੇ ।
- ਲੱਕੀ ਸੀਡ ਡਰਿੱਲ ਨਾਲ ਨਦੀਨਾਂ ਦੇ ਉੱਗਣ ਤੋਂ ਪਹਿਲਾਂ ਨਦੀਨ ਨਾਸ਼ਕਾਂ ਦੇ ਛਿੜਕਾਅ ਦੀ ਲਾਗਤ (9.20 ਰੁਪਏ/ਏਕੜ) ਪ੍ਰਚੱਲਤ ਢੰਗ (102 ਰੁਪਏ/ਏਕੜ) ਨਾਲੋਂ 11.5 ਗੁਣਾਂ ਘੱਟ ਰਹੀ । ਇਸ ਨਾਲ ਕਿਸਾਨਾਂ ਦੀਆਂ ਖੇਤੀ ਲਾਗਤਾਂ ਦੇ ਹੋਰ ਘਟਣ ਦੀ ਉਮੀਦ ਹੈ ।

- ਪੰਜਾਬ ਦੇ ਦੱਖਣੀ-ਪੱਛਮੀ ਜ਼ਿਲ੍ਹਿਆਂ ਵਿੱਚ ਕੀੜਿਆਂ-ਮਕੌੜਿਆਂ ਤੇ ਨਜ਼ਰ ਰੱਖਣ ਦੇ ਨਾਲ-ਨਾਲ ਸਿਫ਼ਾਰਿਸ਼ ਕੀਤੀਆਂ ਰੋਕਥਾਮ ਨਾਲ ਸੰਬੰਧਤ ਤਕਨਾਲੋਜੀਆਂ ਲਾਉਣ ਨਾਲ ਕੀਟ ਨਾਸ਼ਕਾਂ ਦੀ 89 ਕਰੋੜ ਰੁਪਏ (2268 ਰੁਪਏ/ਹੈਕਟੇਅਰ) ਦੀ ਬੱਚਤ ਹੋਈ ।

## ਸਿੱਖਿਆ

- ਯੂਨੀਵਰਸਿਟੀ ਨੇ ਪ੍ਰਧਾਨ ਮੰਤਰੀ ਫੈਲੋਸ਼ਿਪ (2), ਜਵਾਹਰ ਲਾਲ ਨਹਿਰੂ ਪੁਰਸਕਾਰ (2), ਇੱਕ ਮਾਨਸੈਂਟੋ ਬੀਚਲ ਬਾਰਲਾਗ ਫੈਲੋਸ਼ਿਪ ਅਤੇ ਦੋ ਅੰਤਰਰਾਸ਼ਟਰੀ ਟਰੈਵਲ ਗ੍ਰਾਂਟਸ ਹਾਸਲ ਕੀਤੇ, ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਪੀ ਏ ਯੂ ਵੱਲੋਂ ਉੱਤਮ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ, ਜਿਸ ਸਦਕਾ ਅਜਿਹਾ ਮਾਨਵ ਸਰੋਤ ਤਿਆਰ ਹੋ ਰਿਹਾ ਹੈ ਜੋ ਭਵਿੱਖਮਈ ਖੇਤੀ ਖੋਜ, ਅਧਿਆਪਣ ਅਤੇ ਪਾਸਾਰ ਨੂੰ ਬੁਲੰਦੀਆਂ ਤੱਕ ਲਿਜਾਣ ਦੇ ਸਮਰੱਥ ਹੈ ।
- ਯੂਨੀਵਰਸਿਟੀ ਪੇਂਡੂ ਨੌਜਵਾਨਾਂ ਦੀ ਮੁਹਾਰ ਖੇਤੀ ਸਿੱਖਿਆ ਵੱਲ ਮੋੜਣ ਵਿੱਚ ਪੂਰੀ ਤਰ੍ਹਾਂ ਕਾਮਯਾਬ ਰਹੀ ਹੈ । ਯੂਨੀਵਰਸਿਟੀ ਦੇ ਵੱਖੋ-ਵੱਖ ਪ੍ਰੋਗਰਾਮਾਂ ਵਿੱਚ ਸਿੱਖਿਆ ਹਾਸਲ ਕਰ ਰਹੇ ਕੁੱਲ ਵਿਦਿਆਰਥੀਆਂ ਵਿੱਚੋਂ 50.8 ਪ੍ਰਤੀਸ਼ਤ ਵਿਦਿਆਰਥੀ ਪਿੰਡਾਂ ਦੇ ਰਹਿਣ ਵਾਲੇ ਹਨ ।
- ਪੀ ਏ ਯੂ ਦੀ ਫੈਕਲਟੀ ਨੂੰ ਵਿਭਿੰਨ ਸਮਰ/ਵਿੰਟਰ ਸਕੂਲਾਂ ਅਤੇ ਸੈਂਟਰ ਆਫ਼ ਐਡਵਾਂਸਡ ਫੈਕਲਟੀ ਟ੍ਰੇਨਿੰਗ (ਸੀ ਏ ਐਫ ਟੀ) ਪ੍ਰੋਗਰਾਮਾਂ ਰਾਹੀਂ ਜੋ ਸਿਖਲਾਈ ਮੁਹੱਈਆ ਕੀਤੀ ਗਈ, ਉਸ ਨਾਲ ਉਨ੍ਹਾਂ ਦੀ ਜਾਣਕਾਰੀ ਵਿੱਚ ਚੋਖਾ ਵਾਧਾ ਹੋਇਆ, ਜਿਸ ਸਦਕਾ ਉਹ ਆਪੋ ਆਪਣੇ ਖੇਤਰਾਂ ਵਿੱਚ ਆਉਣ ਵਾਲੀਆਂ ਚੁਣੌਤੀਆਂ ਨੂੰ ਨਿਪੁੰਨਤਾ ਨਾਲ ਨਜਿੱਠ ਸਕਣਗੇ ।

## ਨਿਪੁੰਨਤਾ ਵਿਕਾਸ

- ਸਹਾਇਕ ਧੰਦਿਆਂ ਵਿੱਚ ਨਿਪੁੰਨਤਾ ਦੇ ਵਿਕਾਸ ਹਿਤ ਸਿਖਲਾਈਆਂ ਮੁਹੱਈਆ ਕਰਨ ਨਾਲ ਉੱਦਮੀਆਂ ਵੱਲੋਂ ਨਵੇਂ 976 ਮਧੂ ਮੱਖੀ ਪਾਲਣ ਯੂਨਿਟ ਅਤੇ 165 ਖੁੰਭ ਉਤਪਾਦਨ ਯੂਨਿਟ ਖੋਲ੍ਹੇ ਗਏ । ਇਨ੍ਹਾਂ ਯੂਨਿਟਾਂ ਦੇ ਸ਼ੁਰੂ ਹੋਣ ਨਾਲ ਕਿਸਾਨਾਂ ਦੀ ਆਮਦਨ ਵਿੱਚ 2000 ਰੁਪਏ ਪ੍ਰਤੀ ਮਧੂ ਮੱਖੀ ਬਕਸਾ ਅਤੇ 10,000 ਰੁਪਏ ਪ੍ਰਤੀ ਖੁੰਭ ਉਤਪਾਦਨ ਯੂਨਿਟ (ਜਿਸ ਵਿੱਚ 10 ਕੁਇੰਟਲ ਕੰਪੋਸਟ ਲੱਗਦੀ ਹੈ) ਦਾ ਵਾਧਾ ਹੋਇਆ ਹੈ । ਇਸੇ ਤਰ੍ਹਾਂ ਸੈਲਫ਼ ਹੈਲਪ ਗਰੁੱਪਾਂ ਦੇ ਸ਼ੁਰੂ ਹੋਣ ਨਾਲ ਹੱਥੀਂ ਕਢਾਈ ਕਰਨ ਵਾਲੇ ਮੈਂਬਰਾਂ ਦੀ ਆਮਦਨ ਵਿੱਚ 1,000-1,500 ਪ੍ਰਤੀ ਮਹੀਨਾ ਪ੍ਰਤੀ ਮੈਂਬਰ ਦੀ ਆਮਦਨ ਵਧੀ ਅਤੇ ਕੱਪੜੇ ਬਨਾਉਣ ਵਿੱਚ 5000 ਰੁਪਏ ਪ੍ਰਤੀ ਮਹੀਨਾ ਪ੍ਰਤੀ ਮੈਂਬਰ ਆਮਦਨ ਵਧੀ ।

## ਤਕਨਾਲੋਜੀਆਂ ਦਾ ਵਪਾਰੀਕਰਨ

- ਯੂਨੀਵਰਸਿਟੀ ਵੱਲੋਂ ਵਿਕਸਿਤ ਕੀਤੀਆਂ ਕਈ ਤਕਨਾਲੋਜੀਆਂ ਦਾ ਵਪਾਰੀਕਰਨ ਵੀ ਕੀਤਾ ਗਿਆ, ਜਿਨ੍ਹਾਂ ਵਿੱਚ ਸਬਜ਼ੀਆਂ ਦੀਆਂ ਫ਼ਸਲਾਂ ਦੇ ਬੀਜ ਪੈਦਾ ਕਰਨ ਅਤੇ ਵੇਚਣ ਦਾ ਅਧਿਕਾਰ ਨਿੱਜੀ ਕੰਪਨੀਆਂ ਨੂੰ ਦੇਣਾ, ਮਲਟੀਗ੍ਰੇਨ ਆਟਾ ਤਿਆਰ ਕਰਨ ਦੀ ਫਾਰਮੂਲੇਸ਼ਣ ਦੀ ਲਾਇਸੈਂਸਿੰਗ, ਮਲਟੀਗ੍ਰੇਨ ਦਲੀਆ ਅਤੇ ਸੂਰਜੀ ਸੁਕਾਵੇ ਨੂੰ ਤਿਆਰ ਕਰਨਾ ਅਤੇ ਵੇਚਣਾ ਆਦਿ ਸ਼ਾਮਲ ਹੈ ।
- ਚਾਰ ਉਤਪਾਦਾਂ ਅਤੇ ਤਕਾਨਲੋਜੀਆਂ ਨੂੰ ਪੇਟੈਂਟ ਕਰਵਾਉਣ ਹਿਤ ਭੇਜਿਆ ਗਿਆ, ਜਿਨ੍ਹਾਂ ਵਿੱਚ ਨਵਿਆਇਆ/ਸੋਧਿਆ ਹੋਇਆ ਪੀ ਏ ਯੂ ਫਲਾਈ ਟ੍ਰੈਪ, ਬੈਕਟੀਰੀਆਲੋਜੀਕਲ ਫੂਡ ਟੈਸਟਿੰਗ ਕਿੱਟ, ਨਹਿਰੀ ਪਾਣੀ ਲਈ ਫਿਲਟਰ ਦੀ ਸੁਧਾਈ ਅਤੇ ਨਿਰੀਖਣ ਅਤੇ ਮੱਛਰ ਭਜਾਉਣ ਲਈ ਸੂਤੀ ਕੱਪੜੇ ਉੱਤੇ ਰੋਜ਼ਮੈਰੀ ਤੇਲ ਦੀ ਮਾਈਕ੍ਰੋਇਨਕੈਪਸੂਲੇਸ਼ਨ ਆਦਿ ਸ਼ਾਮਲ ਹਨ ।

# ਪ੍ਰਸ਼ਾਸਨ

## ਪ੍ਰਬੰਧਕੀ ਬੋਰਡ

| ਕ੍ਰਮ ਨੰ. | ਨਾਮ ਅਤੇ ਅਹੁਦਾ | ਸਮਾਂ | |
|---|---|---|---|
| | | ਤੋਂ | ਤੱਕ |
| ਆਨਰੇਰੀ ਚੇਅਰਮੈਨ | | | |
| | ਸ੍ਰੀ ਕਪਤਾਨ ਸਿੰਘ ਸੋਲੰਕੀ, ਮਾਣਯੋਗ ਗਵਰਨਰ, ਪੰਜਾਬ ਅਤੇ ਚਾਂਸਲਰ | 01.07.2015 | 30.06.2016 |
| ਕਾਰਜਕਾਰੀ ਚੇਅਰਮੈਨ | | | |
| | ਡਾ.ਬਲਦੇਵ ਸਿੰਘ ਢਿੱਲੋਂ, ਵਾਈਸ ਚਾਂਸਲਰ | 01.07.2015 | 30.06.2016 |
| ਮੈਂਬਰ | | | |
| 1. | ਸ੍ਰੀ ਸਰਵੇਸ਼ ਕੌਸ਼ਲ, ਆਈ ਏ ਐਸ, ਚੀਫ਼ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ | 01.07.2015 | 30.06.2016 |
| 2. | ਸ੍ਰੀ ਸੁਰੇਸ਼ ਕੁਮਾਰ, ਆਈ ਏ ਐਸ, ਵਧੀਕ ਚੀਫ਼ ਸਕੱਤਰ, ਪੰਜਾਬ ਸਰਕਾਰ, ਖੇਤੀਬਾੜੀ ਵਿਭਾਗ, ਚੰਡੀਗੜ੍ਹ | 01.07.2015 | 30.04.2016 |
| | ਡਾ. ਐਨ ਐਸ ਕਲਸੀ, ਆਈ ਏ ਐਸ, ਵਧੀਕ ਚੀਫ਼ ਸਕੱਤਰ, ਪੰਜਾਬ ਸਰਕਾਰ, ਖੇਤੀਬਾੜੀ ਵਿਭਾਗ, ਚੰਡੀਗੜ੍ਹ | 01.05.2016 | 30.06.2016 |
| 3. | ਸ੍ਰੀ ਡੀ ਪੀ ਰੈਡੀ, ਵਧੀਕ ਚੀਫ਼ ਸਕੱਤਰ (ਵਿੱਤ), ਪੰਜਾਬ ਸਰਕਾਰ, ਵਿੱਤ ਵਿਭਾਗ, ਚੰਡੀਗੜ੍ਹ | 15.06.2015 | 30.06.2016 |
| 4. | ਡਾ. ਮੰਗਲ ਸਿੰਘ ਸੰਧੂ, ਨਿਰਦੇਸ਼ਕ ਖੇਤੀਬਾੜੀ, ਪੰਜਾਬ, ਐਸ ਸੀ ਓ 83-84, ਸੈਕਟਰ 34-ਏ, ਚੰਡੀਗੜ੍ਹ | 1.07.2015 | 31.10.2015 |
| | ਸ੍ਰੀ ਜਸਬੀਰ ਸਿੰਘ ਬੈਂਸ, ਨਿਰਦੇਸ਼ਕ ਖੇਤੀਬਾੜੀ, ਪੰਜਾਬ ਖੇਤੀ ਭਵਨ, ਫੇਜ਼-6, ਪੰਜਾਬ | 04.05.2016 | 30.06.2016 |
| 5. | ਡਾ. ਆਰ. ਕੇ. ਗੁਪਤਾ, ਨਿਰਦੇਸ਼ਕ, ਸੀਫੇਟ, ਪੀ ਏ ਯੂ ਕੈਂਪਸ, ਲੁਧਿਆਣਾ | 01.07.2015 | 30.06.2016 |
| 6. | ਡਾ. ਜੀ.ਐਸ. ਨੰਦਾ, ਮਕਾਨ ਨੰ. 1142, ਸੈਕਟਰ 71, ਮੋਹਾਲੀ 160071 | 01.07.2015 | 30.06.2016 |
| 7. | ਡਾ. ਜੇ.ਐਸ. ਕੋਲਾਰ, 35-ਬੀ, ਕਿਚਲੂ ਨਗਰ, ਲੁਧਿਆਣਾ | 01.07.2015 | 03.07.2015 |
| | ਡਾ. ਐਸ. ਐਸ. ਗੋਸਲ, ਸਾਬਕਾ ਨਿਰਦੇਸ਼ਕ ਖੋਜ, ਪੀ ਏ ਯੂ ਸਾਹਮਣੇ ਐਸ ਬੀ ਆਈ ਏ ਟੀ ਐਮ, ਸੁਗੰਧ ਵਿਹਾਰ, ਪੱਖੋਵਾਲ ਰੋਡ, ਲੁਧਿਆਣਾ | 08.07.2015 | 30.06.2016 |
| 8. | ਸ. ਕੁਲਵੰਤ ਸਿੰਘ ਆਹਲੂਵਾਲੀਆ, ਪਿੰਡ ਛਾਉਣੀ ਕਲਾਂ, ਜ਼ਿਲ੍ਹਾ ਹੁਸ਼ਿਆਰਪੁਰ | 01.07.2015 | 30.06.2016 |
| 9. | ਸ੍ਰੀ ਹਰਦੇਵ ਸਿੰਘ ਰਿਆੜ, ਫਲੈਟ ਨੰ. 314, ਪੰਜਾਬ ਮੰਡੀ ਬੋਰਡ ਕਲੋਨੀ, ਸੈਕਟਰ 66, ਮੋਹਾਲੀ | 01.07.2015 | 30.06.2016 |
| 10. | ਡਾ. ਏ.ਆਰ. ਸ਼ਰਮਾ, ਚੇਅਰਮੈਨ ਅਤੇ ਮੈਨੇਜਿੰਗ ਨਿਰਦੇਸ਼ਕ, ਰਾਇਸੀਲਾ ਗਰੁੱਪ ਆਫ਼ ਕੰਪ-ਨੀਜ਼, ਸਰਾਓਂ ਰੋਡ, ਧੂਰੀ, ਜ਼ਿਲ੍ਹਾ ਸੰਗਰੂਰ | 01.07.2015 | 30.06.2016 |
| 11. | ਸ੍ਰੀਮਤੀ ਕਰਮਜੀਤ ਕੌਰ ਦਾਨੇਵਾਲੀਆ, ਪਿੰਡ ਅਤੇ ਡਾਕਖਾਨਾ ਦਾਨੇਵਾਲੀਆ ਸਤਕੋਸ਼ੀ, ਤਹਿ-ਸੀਲ ਅਬੋਹਰ, ਜ਼ਿਲ੍ਹਾ ਫਾਜ਼ਿਲਕਾ | 01.07.2015 | 30.06.2016 |
| ਸਕੱਤਰ | | | |
| | ਡਾ. ਪੀ ਕੇ ਖੰਨਾ, ਰਜਿਸਟਰਾਰ | 01.07.2015 | 30.06.2016 |

## ਅਕਾਦਮਿਕ ਕੌਂਸਲ

| ਅਹੁਦਾ | ਨਾਮ | ਸਮਾਂ | |
|---|---|---|---|
| | | ਤੋਂ | ਤੱਕ |
| ਵਾਈਸ ਚਾਂਸਲਰ | ਡਾ. ਬਲਦੇਵ ਸਿੰਘ ਢਿੱਲੋਂ | 1.7.2015 | 30.6.2016 |
| ਡੀਨ, ਪੋਸਟਗ੍ਰੈਜੁਏਟ ਸਟੱਡੀਜ਼ | ਡਾ. (ਸ੍ਰੀਮਤੀ) ਨੀਲਮ ਗਰੇਵਾਲ | 1.7.2015 | 30.6.2016 |
| ਡੀਨ, ਖੇਤੀਬਾੜੀ ਕਾਲਜ | ਡਾ. ਹਰਵਿੰਦਰ ਸਿੰਘ ਧਾਲੀਵਾਲ | 1.7.2015 | 30.6.2016 |
| ਡੀਨ, ਖੇਤੀਬਾੜੀ ਇੰਜ. ਅਤੇ ਤਕਨਾਲੋਜੀ ਕਾਲਜ | ਡਾ. ਜਸਕਰਨ ਸਿੰਘ ਮਾਹਲ | 1.7.2015 | 30.6.2016 |
| ਡੀਨ, ਬੇਸਿਕ ਸਾਇੰਸਜ਼ ਅਤੇ ਹਿਉਮੈਨਟੀਜ਼ ਕਾਲਜ | ਡਾ. (ਸ੍ਰੀਮਤੀ) ਗੁਰਿੰਦਰ ਕੌਰ ਸਾਂਘਾ | 1.7.2015 | 30.6.2016 |
| ਡੀਨ, ਗ੍ਰਹਿ ਵਿਗਿਆਨ ਕਾਲਜ | ਡਾ. (ਸ੍ਰੀਮਤੀ) ਜਤਿੰਦਰ ਕਿਸ਼ਤਵਾੜੀਆ | 1.7.2015 | 15.2.2016 |
| | ਡਾ. (ਸ੍ਰੀਮਤੀ) ਗੁਰਿੰਦਰ ਕੌਰ ਸਾਂਘਾ | 16.2.2016 | 30.6.2016 |
| ਨਿਰਦੇਸ਼ਕ ਖੋਜ | ਡਾ. ਬਲਵਿੰਦਰ ਸਿੰਘ | 1.7.2015 | 31.5.2016 |
| | ਡਾ. ਆਰ. ਕੇ. ਗੁੰਬਰ | 1.6.2016* | 30.6.2016 |
| ਨਿਰਦੇਸ਼ਕ ਪਸਾਰ ਸਿੱਖਿਆ | ਡਾ. ਰਾਜਿੰਦਰ ਸਿੰਘ ਸਿੱਧੂ | 1.7.2015 | 30.6.2016 |
| ਮੁਖੀ, ਬਾਟਨੀ ਵਿਭਾਗ | ਡਾ. (ਸ੍ਰੀਮਤੀ) ਐਸ. ਕੇ. ਥਿੰਦ | 1.7.2015 | 31.1.2016 |
| ਨਿਰਦੇਸ਼ਕ, ਸਕੂਲ ਆਫ਼ ਬਿਜ਼ਨੈੱਸ ਸਟੱਡੀਜ਼ | ਡਾ. ਸੰਦੀਪ ਕਪੂਰ | 9.2.2016 | 12.3.2016 |
| ਮੁਖੀ, ਮਾਇਕ੍ਰੋਬਾਇਆਲੋਜੀ ਵਿਭਾਗ | ਡਾ. (ਸ੍ਰੀਮਤੀ) ਪਰਮਪਾਲ ਸਹੋਤਾ | 15.3.2016 | 30.6.2016 |
| ਮੁਖੀ, ਪਰਿਵਾਰਕ ਸ੍ਰੋਤ ਪ੍ਰਬੰਧਨ ਵਿਭਾਗ | ਡਾ. (ਸ੍ਰੀਮਤੀ) ਮੁਨਿੰਦਰ ਸਿੱਧੂ | 1.7.2015 | 30.4.2016 |
| ਮੁਖੀ, ਐਪਰਿਲ ਅਤੇ ਟੈਕਸਟਾਈਲ ਵਿਭਾਗ | ਡਾ. ਸੰਦੀਪ ਬੈਂਸ | 1.5.2016 | 30.6.2016 |
| ਮੁਖੀ, ਸਬਜ਼ੀ ਵਿਗਿਆਨ ਵਿਭਾਗ | ਡਾ. ਐਮ. ਐਸ. ਧਾਲੀਵਾਲ | 1.7.2015 | 8.9.2015 |
| ਮੁਖੀ, ਭੋਜਨ ਵਿਗਿਆਨ ਅਤੇ ਤਕਨਾਲੋਜੀ ਵਿਭਾਗ | ਡਾ. (ਸ੍ਰੀਮਤੀ) ਅਮਰਜੀਤ ਕੌਰ | 26.9.2015 | 30.6.2016 |
| ਮੁਖੀ, ਫਾਰਮ ਮਸ਼ੀਨਰੀ ਅਤੇ ਪਾਵਰ ਇੰਜਨੀਅਰਿੰਗ ਵਿਭਾਗ | ਡਾ. ਗੁਰਸਾਹਿਬ ਸਿੰਘ ਮਨੇਸ | 1.7.2015 | 30.6.2016 |
| ਰਜਿਸਟਰਾਰ, ਸਕੱਤਰ | ਡਾ. ਪੀ. ਕੇ. ਖੰਨਾ | 1.7.2015 | 30.6.2016 |

* ਐਡੀਸ਼ਨਲ ਚਾਰਜ

## ਯੂਨੀਵਰਸਿਟੀ ਦੇ ਅਫ਼ਸਰ

| ਅਹੁਦਾ | ਨਾਮ | ਸਮਾਂ | |
|---|---|---|---|
| | | ਤੋਂ | ਤੱਕ |
| ਵਾਈਸ ਚਾਂਸਲਰ | ਡਾ. ਬਲਦੇਵ ਸਿੰਘ ਢਿੱਲੋਂ | 1.7.2015 | 30.6.2016 |
| ਰਜਿਸਟਰਾਰ | ਡਾ. ਪੀ.ਕੇ. ਖੰਨਾ | 1.7.2015 | 30.6.2016 |
| ਨਿਰਦੇਸ਼ਕ ਖੋਜ | ਡਾ. ਬਲਵਿੰਦਰ ਸਿੰਘ | 1.7.2015 | 31.5.2016 |
| | ਡਾ. ਆਰ. ਕੇ. ਗੁੰਬਰ | 1.6.2016* | 30.6.2016 |
| ਨਿਰਦੇਸ਼ਕ ਪਸਾਰ ਸਿੱਖਿਆ | ਡਾ. ਰਾਜਿੰਦਰ ਸਿੰਘ ਸਿੱਧੂ | 1.7.2015 | 30.6.2016 |
| ਡੀਨ, ਪੋਸਟਗ੍ਰੈਜੂਏਟ ਸਟੱਡੀਜ਼ | ਡਾ. (ਸ੍ਰੀਮਤੀ) ਨੀਲਮ ਗਰੇਵਾਲ | 1.7.2015 | 30.6.2016 |
| ਡੀਨ, ਖੇਤੀਬਾੜੀ ਕਾਲਜ | ਡਾ. ਹਰਵਿੰਦਰ ਸਿੰਘ ਧਾਲੀਵਾਲ | 1.7.2015 | 30.6.2016 |
| ਡੀਨ, ਖੇਤੀਬਾੜੀ ਇੰਜਨੀਅਰਿੰਗ ਅਤੇ ਤਕਨਾਲੋਜੀ ਕਾਲਜ | ਡਾ. ਜਸਕਰਨ ਸਿੰਘ ਮਾਹਲ | 1.7.2015 | 30.6.2016 |
| ਡੀਨ, ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ | ਡਾ. (ਸ੍ਰੀਮਤੀ) ਗੁਰਿੰਦਰ ਕੌਰ ਸਾਂਘਾ | 1.7.2015 | 30.6.2016 |
| ਡੀਨ, ਹੋਮ ਸਾਇੰਸ ਕਾਲਜ | ਡਾ. (ਸ੍ਰੀਮਤੀ) ਜਤਿੰਦਰ ਕਿਸ਼ਤਵਾੜੀਆ | 1.7.2015 | 15.2.2016 (ਪੂਰਵ ਦੁਪਹਿਰ) |
| | ਡਾ. (ਸ੍ਰੀਮਤੀ) ਗੁਰਿੰਦਰ ਕੌਰ ਸਾਂਘਾ | 16.2.2016* | 30.6.2016 |
| ਨਿਰਦੇਸ਼ਕ ਵਿਦਿਆਰਥੀ ਭਲਾਈ | ਡਾ. (ਸ੍ਰੀਮਤੀ) ਰਵਿੰਦਰ ਕੌਰ ਧਾਲੀਵਾਲ | 1.7.2015 | 30.6.2016 |
| ਲਾਇਬ੍ਰੇਰੀਅਨ | ਡਾ. ਪ੍ਰਿਤਪਾਲ ਸਿੰਘ ਲੁਬਾਣਾ | 1.7.2015* | 30.6.2016 |
| ਅਸਟੇਟ ਅਫ਼ਸਰ | ਡਾ. ਵਿਸ਼ਵਜੀਤ ਸਿੰਘ ਹਾਂਸ | 1.7.2015* | 30.6.2016 |
| ਕੰਪਟਰੋਲਰ | ਡਾ. ਸੰਦੀਪ ਕਪੂਰ | 1.7.2015* | 30.6.2016 |
| ਚੀਫ਼ ਇੰਜੀਨੀਅਰ | ਡਾ. ਜਸਪਾਲ ਸਿੰਘ | 1.7.2015* | 30.6.2016 |

* ਐਡੀਸ਼ਨਲ ਚਾਰਜ

## ਪ੍ਰਬੰਧਕੀ ਬੋਰਡ ਦੇ ਮਹੱਤਵਪੂਰਨ ਫੈਸਲੇ

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਪ੍ਰਬੰਧਕੀ ਬੋਰਡ ਦੀਆਂ 6 ਮੀਟਿੰਗਾਂ (272ਵੀਂ ਤੋਂ 277ਵੀਂ) ਹੋਈਆਂ । ਬੋਰਡ ਵੱਲੋਂ ਲਏ ਗਏ ਮਹੱਤਵਪੂਰਨ ਫੈਸਲੇ ਇਸ ਪ੍ਰਕਾਰ ਹਨ :

### (ੳ) ਸਟੈਚੂ ਵਿੱਚ ਸੋਧਾਂ

- ਬੋਰਡ ਨੇ ਪੀ ਏ ਯੂ ਸਟੈਚਯੂ ਦੇ ਅਧਿਆਇ ਪੰਜ ਦੇ ਸ਼ਡਿਊਲ ਪਾਰਟ-3 ਦੀ ਧਾਰਾ 2 (ਏ) ਵਿੱਚ ਸੋਧ ਦੀ ਪ੍ਰਵਾਨਗੀ ਦਿੱਤੀ। ਸੀ-1/273
- ਬੋਰਡ ਨੇ ਪੀ ਏ ਯੂ ਸਟੈਚਯੂ ਦੇ ਅਧਿਆਇ ਪੰਜ ਦੇ ਸ਼ਡਿਊਲ ਪਾਰਟ-3 ਦੀ ਧਾਰਾ 2 (ਬੀ) ii ਵਿੱਚ ਸੋਧ ਦੀ ਪ੍ਰਵਾਨਗੀ ਦਿੱਤੀ। ਸੀ-2/273
- ਬੋਰਡ ਨੇ ਪੀ ਏ ਯੂ ਸਟੈਚਯੂ ਦੇ ਅਧਿਆਇ ਪੰਜ ਦੇ ਸ਼ਡਿਊਲ ਪਾਰਟ-4 ਨੂੰ ਖਾਰਜ ਕਰਨ ਦੀ ਪ੍ਰਵਾਨਗੀ ਦਿੱਤੀ। ਸੀ-1/275
- ਬੋਰਡ ਨੇ ਪੀ ਏ ਯੂ ਸਟੈਚਯੂ ਦੇ ਅਧਿਆਇ ਪੰਜ ਦੇ ਸ਼ਡਿਊਲ ਪਾਰਟ-3 ਦੇ ਕ੍ਰਮ ਨੰਬਰ 2 ਦੀ ਧਾਰਾ 2 (ਏ) ਵਿੱਚ ਸੋਧ ਦੀ ਪ੍ਰਵਾਨਗੀ ਦਿੱਤੀ । ਸੀ-1/276
- ਬੋਰਡ ਨੇ ਪੀ ਏ ਯੂ ਸਟੈਚਯੂ ਦੇ ਅਧਿਆਇ ਪੰਜ ਦੇ ਸ਼ਡਿਊਲ ਪਾਰਟ-3 ਦੇ ਕ੍ਰਮ ਨੰਬਰ 2 ਦੀ ਧਾਰਾ 2 (ਬੀ) (ii) ਅਤੇ 2 (ਬੀ) ਦੇ ਅੰਤ ਤੇ ਦਿੱਤੇ ਨੋਟ ਵਿੱਚ ਸੋਧ ਦੀ ਪ੍ਰਵਾਨਗੀ ਦਿੱਤੀ। ਸੀ-2/276
- ਬੋਰਡ ਨੇ ਪੀ ਏ ਯੂ ਸਟੈਚਯੂ ਦੇ ਅਧਿਆਇ ਪੰਜ ਦੇ ਸ਼ਡਿਊਲ ਪਾਰਟ-3 ਦੀ ਧਾਰਾ 6(2) ਅਤੇ ਚੋਣ ਦੇ ਢੰਗ/ਤਰੀਕੇ ਵਿੱਚ ਸੋਧ ਦੀ ਪ੍ਰਵਾਨਗੀ ਦਿੱਤੀ । ਸੀ-1/277

### (ਅ) ਅਮਲੇ ਨੂੰ ਰਿਆਇਤ

ਪ੍ਰਬੰਧਕੀ ਬੋਰਡ ਨੇ ਰੈਫਰੀਆਂ/ਸਹਾਇਕ ਰੈਫਰੀਆਂ/ ਅੰਪਾਇਰਾਂ/ਜੱਜਾਂ/ਟੇਬਲ ਆਫ਼ੀਸ਼ੀਅਲਾਂ ਨੂੰ ਅੰਤਰ ਕਾਲਜ/ਅੰਤਰ-ਵਰਸਿਟੀ ਟੂਰਨਾਂਮੈਂਟਾਂ/ਮੈਚਾਂ ਦਾ ਆਯੋਜਨ ਕਰਵਾਉਣ ਲਈ ਦਿੱਤੀਆਂ ਜਾਂਦੀਆਂ ਫੀਸਾਂ ਦੇ ਵਾਧੇ ਨੂੰ ਪ੍ਰਵਾਨਗੀ ਦਿੱਤੀ । ਬੀ-1/274

### (ੲ) ਵਿਦਿਆਰਥੀਆਂ ਦੀ ਹੌਂਸਲਾ-ਅਫ਼ਜਾਈ

- ਪ੍ਰਬੰਧਕੀ ਬੋਰਡ ਨੇ ਅਕਾਦਮਿਕ ਸੈਸ਼ਨ ਦੇ ਦੂਜੇ ਸਮੈਸਟਰ ਦੌਰਾਨ ਜਿਸ ਵਿੱਚ ਵਿਦਿਆਰਥੀਆਂ ਨੇ ਦਾਖਲਾ ਲਿਆ ਹੈ। ਗਰਮੀਆਂ ਦੇ ਸੈਸ਼ਨ ਦੀ ਫ਼ੀਸ ਦੀ ਆਮ ਫੀਸ ਨਾਲੋਂ ਅੱਧੀ ਕਰਨ ਦੀ ਪ੍ਰਵਾਨਗੀ ਦਿੱਤੀ । ਬੀ-2/272

### (ਸ) ਹੋਰ ਫ਼ੈਸਲੇ

- ਸਾਲ 2013-14 ਲਈ ਯੂਨੀਵਰਸਿਟੀ ਦੇ ਆਡਿਟ ਹੋਏ ਅਕਾਊਂਟਸ ਨੂੰ ਬੋਰਡ ਵੱਲੋਂ ਪ੍ਰਵਾਨਗੀ ਦਿੱਤੀ ਗਈ । ਬੀ-1/272
- ਬੋਰਡ ਨੇ ਪੀ ਏ ਯੂ ਕੈਂਪਸ ਲੁਧਿਆਣਾ ਅਤੇ ਯੂਨੀਵਰਸਿਟੀ ਸੀਡ ਫਾਰਮ, ਨਾਭਾ ਦੀ ਜ਼ਮੀਨ ਦੇ ਸੰਬੰਧ ਵਿੱਚ ਪੀ ਏ ਯੂ ਅਤੇ ਪਸ਼ੂ ਪਾਲਣ ਵਿਭਾਗ ਵਿਚਕਾਰ 1.5 ਏਕੜ ਜ਼ਮੀਨ ਦਾ ਤਬਾਦਲਾ ਕਰਨ ਦੀ ਪ੍ਰਵਾਨਗੀ ਦਿੱਤੀ । ਸੀ-2/272
- ਬੋਰਡ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ 400 ਏਕੜ ਭੂਮੀ ਦੇ ਪੰਜਾਬ ਭੂਮੀ ਵਿਕਾਸ ਅਤੇ ਰਿਕਲੇਮੇਸ਼ਨ ਕਾਰਪੋਰੇਸ਼ਨ ਲਿਮ. ਨਾਲ ਵਟਾਂਦਰੇ ਨੂੰ ਪ੍ਰਵਾਨਗੀ ਦਿੱਤੀ । ਸੀ-3/272
- ਬੋਰਡ ਨੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵਿਖੇ ਖੇਤੀਬਾੜੀਲਈ ਹੁਨਰ ਵਿਕਾਸ ਕੇਂਦਰ ਦੀ ਕੀਤੀ ਗਈ ਸਥਾਪਨਾ ਲਈ ਪ੍ਰਸ਼ੰਸ਼ਾ ਕੀਤੀ । ਸੀ-4/272
- ਬੋਰਡ ਨੇ ਪੀ ਏ ਯੂ ਵਿਖੇ ਅਕਾਦਮਿਕਤਾ ਅਤੇ ਸਪੋਰਟਸ ਵਿੱਚ ਸਰਵੋਤਮਤਾ ਨੂੰ ਹੁਲਾਰਾ ਦੇਣ ਲਈ 'ਮਨਜੀਤ ਸਿੰਘ ਛਿਣਨ ਅਤੇ ਲਤਾ ਮਹਾਜਨ ਛਿਣਨ ਐਨਡੋਮੈਂਟ' ਅਤੇ 'ਮਨਜੀਤ ਸਿੰਘ ਛਿਣਨ ਸਰਵੋਤਮ ਪ੍ਰੋਫੈਸਰ ਚੇਅਰ' ਸਥਾਪਤ ਕਰਨ ਦੀ ਪ੍ਰਵਾਨਗੀ ਦਿੱਤੀ । ਸੀ-5/272
- ਬੋਰਡ ਨੇ ਪੀ ਏ ਯੂ ਖੇਤਰੀ ਖੋਜ ਕੇਂਦਰ, ਬਠਿੰਡਾ ਦੀ 175.1 ਏਕੜ ਭੂਮੀ ਨੂੰ ਏਮਜ਼ ਦੀ ਸਥਾਪਨਾ ਲਈ ਪੰਜਾਬ ਸਰਕਾਰ ਨੂੰ ਦੇਣ ਦੀ ਪ੍ਰਵਾਨਗੀ ਦਿੱਤੀ । ਸੀ-2/274
- ਬੋਰਡ ਵੱਲੋਂ ਡਾ. ਜੀ.ਐਸ. ਨੰਦਾ ਦੀ ਇੱਕ ਸਾਲ ਲਈ ਵਿੱਤੀ ਕਮੇਟੀ ਦੇ ਗੈਰ ਆਫੀਸ਼ੀਅਲ ਅਧਿਕਾਰੀ ਦੇ ਤੌਰ ਤੇ ਹੋਈ ਨਾਮਜ਼ਦਗੀ ਦੀ ਪ੍ਰਵਾਨਗੀ ਦਿੱਤੀ । ਸੀ-3/274
- ਬੋਰਡ ਨੇ ਸਾਲ 2015-16 ਦੇ ਯੂਨੀਵਰਸਿਟੀ ਬਜਟ ਵਿੱਚ ਖੇਤਰੀ ਸਟੇਸ਼ਨ, ਬਠਿੰਡਾ ਵਿਖੇ "ਫੂਡ ਪ੍ਰੋਸੈਸਿੰਗ ਅਤੇ ਬਿਜ਼ਨੈੱਸ ਇਨਕਿਊਬੇਸ਼ਨ ਸੈਂਟਰ" ਆਰ ਐਫ 7 (ਪੀ ਸੀ 3103) ਨਾਮ ਦੀ ਰਿਵਾਲਵਿੰਗ ਫੰਡ ਸਕੀਮ ਨੂੰ ਸਥਾਪਤ ਅਤੇ ਸ਼ਾਮਲ ਕਰਨ ਦੀ ਪ੍ਰਵਾਨਗੀ ਦਿੱਤੀ । ਬੀ-1/275
- ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀ ਸਾਲ 2014-15 ਦੀ ਸਲਾਨਾ ਰਿਪੋਰਟ ਨੂੰ ਬੋਰਡ ਵੱਲੋਂ ਪ੍ਰਵਾਨਗੀ ਹਾਸਲ ਹੋਈ। ਸੀ-2/275
- ਬੋਰਡ ਨੇ 1.3.2016 ਤੋਂ ਇੱਕ ਸਾਲ ਲਈ ਡਾ. ਪ੍ਰਦੀਪ ਕੁਮਾਰ ਖੰਨਾ ਨੂੰ ਯੂਨੀਵਰਸਿਟੀ ਦੇ ਰਜਿਸਟਰਾਰ ਦੇ ਅਹੁਦੇ ਤੇ ਲੱਗੇ ਰਹਿਣ ਦੇਣ ਦੀ ਪ੍ਰਵਾਨਗੀ ਦਿੱਤੀ । ਸੀ-4/275
- ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਸਾਲ 2016-17 ਦੇ ਬਜਟ ਅਨੁਮਾਨਾਂ ਨੂੰ ਬੋਰਡ ਵੱਲੋਂ ਪ੍ਰਵਾਨਗੀ ਦਿੱਤੀ ਗਈ । ਬੀ-1/276
- ਸਾਲ 2014-15 ਲਈ ਯੂਨੀਵਰਸਿਟੀ ਦੇ ਆਡਿਟ ਹੋਏ ਅਕਾਊਂਟਸ ਨੂੰ ਬੋਰਡ ਵੱਲੋਂ ਪ੍ਰਵਾਨਗੀ ਹਾਸਲ ਹੋਈ । ਬੀ-1/277

## ਅਕਾਦਮਿਕ ਕੌਂਸਲ ਦੇ ਮਹੱਤਵਪੂਰਨ ਫੈਸਲੇ

- ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਅਕਾਦਮਿਕ ਕੌਂਸਲ ਦੀਆਂ 8 ਮੀਟਿੰਗਾਂ (365ਵੀਂ ਤੋਂ 372ਵੀਂ) ਹੋਈਆਂ । ਅਕਾਦਮਿਕ ਕੌਂਸਲ ਵੱਲੋਂ ਇਸ ਸਮੇਂ ਦੌਰਾਨ ਲਏ ਗਏ ਮਹੱਤਵਪੂਰਨ ਫੈਸਲੇ ਇਸ ਪ੍ਰਕਾਰ ਹਨ :

- ਉਚੇਰੀ ਖੇਤੀਬਾੜੀ ਸਿੱਖਿਆ ਐਕਟ 2015 ਲਈ ਪੰਜਾਬ ਸਟੇਟ ਕੌਂਸਲ ਦੇ ਡਰਾਫ਼ਟ ਨੂੰ ਪ੍ਰਵਾਨਗੀ ਦਿੱਤੀ ਗਈ। ਆਈਟਮ ਨੰ. 1/365ਵੀਂ
- ਅਕਾਦਮਿਕ ਸਾਲ 2016-17 ਤੋਂ ਬੀ.ਐਸ.ਸੀ. ਖੇਤੀ (ਆਨਰਜ਼) 4 ਸਾਲਾ ਪ੍ਰੋਗਰਾਮ ਦੇ ਵਿੱਚ ਸ੍ਰੀ ਬਾਲ ਕ੍ਰਿਸ਼ਨ ਵੈਦ ਮੈਰਿਟ ਸਕਾਲਰਸ਼ਿਪ ਦੀ ਪ੍ਰਵਾਨਗੀ ਦਿੱਤੀ ਗਈ । ਸੀ-2/367ਵੀਂ
- ਅਕਾਦਮਿਕ ਸਾਲ 2015-16 ਤੋਂ ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ ਦੇ ਪੀ ਜੀ ਵਿਦਿਆਰਥੀਆਂ ਲਈ 'ਡਾ. ਐਸ. ਕੇ. ਵਸਲ ਸਕਾਲਰਸ਼ਿਪ' ਦੀ ਪ੍ਰਵਾਨਗੀ ਦਿੱਤੀ ਗਈ। ਸੀ-3/367ਵੀਂ
- ਅਕਾਦਮਿਕ ਸੈਸ਼ਨ 2016-17 ਤੋਂ ਸਟੈਟਿਸਟਿਕਸ ਦੇ ਐਮ.ਐਸ.ਸੀ. ਪ੍ਰੋਗਰਾਮ ਦੀ ਪ੍ਰਵਾਨਗੀ ਦਿੱਤੀ ਗਈ । ਸੀ-1/368ਵੀਂ
- ਐਮ ਐਸ ਸੀ (ਜੁਆਲੋਜੀ) ਦੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ 'ਡਾ. ਐਸ.ਐਸ. ਗੁਰਾਇਆ' ਦੇ ਨਾਮ ਹੇਠ ਫੈਲੋਸ਼ਿਪ ਦੇਣ ਦੀ ਪ੍ਰਵਾਨਗੀ ਦਿੱਤੀ ਗਈ । ਸੀ-7/368ਵੀਂ
- ਫ਼ਲ ਖੋਜ ਸਟੇਸ਼ਨ, ਗੰਗੀਆ (ਹੁਸ਼ਿਆਰਪੁਰ) ਦਾ ਨਾਮ ਬਦਲ ਕੇ ਐਮ.ਐਸ.ਰੰਧਾਵਾ ਫ਼ਲ ਖੋਜ ਸਟੇਸ਼ਨ, ਗੰਗੀਆ (ਹੁਸ਼ਿਆਰਪੁਰ) ਰੱਖਣ ਦੀ ਪ੍ਰਵਾਨਗੀ ਦਿੱਤੀ ਗਈ । ਸੀ-10/368ਵੀਂ
- ਅਕਾਦਮਿਕ ਸਾਲ 2016-17 ਤੋਂ ਕੀਟ ਵਿਗਿਆਨ ਦੇ ਪੀ ਐਚ ਡੀ ਅਤੇ ਐਮ ਐਸ ਸੀ ਵਿਦਿਆਰਥੀਆਂ ਨੂੰ ਸ੍ਰੀਮਤੀ ਜਸਵੰਤ ਕੌਰ ਬਿੰਦਰਾ ਸੁਪਤਨੀ ਡਾ. ਉਂਕਾਰ ਸਿੰਘ ਬਿੰਦਰਾ ਦੇ ਨਾਮ ਹੇਠ ਫੈਲੋਸ਼ਿਪ ਦੇਣ ਦੀ ਪ੍ਰਵਾਨਗੀ ਦਿੱਤੀ ਗਈ । ਸੀ-5/369ਵੀਂ
- ਖੇਤੀਬਾੜੀ ਕਾਲਜ ਦੇ ਓਵਰਆਲ ਬੇਹਤਰੀਨ ਗ੍ਰੈਜੂਏਟ ਨੂੰ 'ਹਰਸੁੱਖ ਮੈਡਲ' ਦੇਣ ਦੀ ਪ੍ਰਵਾਨਗੀ ਦਿੱਤੀ ਗਈ । ਸੀ-7/369ਵੀਂ
- ਸਟੇਟ ਆਫ਼ ਦੀ ਆਰਟ ਬਾਇਓ ਕੰਟਰੋਲ ਲੈਬ ਦਾ ਨਵਾਂ ਨਾਮ ਡਾ. ਜੀ.ਐਸ. ਕਾਲਕਟ ਬਾਇਓਕੰਟਰੋਲ ਲੈਬਾਰਟਰੀਜ਼ ਰੱਖਣ ਦੀ ਪ੍ਰਵਾਨਗੀ ਦਿੱਤੀ ਗਈ । ਸੀ-8/369ਵੀਂ
- ਇੰਟਰਨੈਸ਼ਨਲ ਗੈਸਟ ਹਾਊਸ ਦਾ ਨਾਮ ਬਦਲ ਕੇ 'ਡਾ. ਡੀ.ਐਸ. ਅਥਵਾਲ ਇੰਟਰਨੈਸ਼ਨਲ ਗੈਸਟ ਹਾਊਸ' ਰੱਖਣ ਦੀ ਪ੍ਰਵਾਨਗੀ ਦਿੱਤੀ ਗਈ । ਸੀ-9/369ਵੀਂ
- ਸਾਲ 2016-17 ਤੋਂ ਮਾਸਟਰ ਪ੍ਰੋਗਰਾਮ ਵਿੱਚ ਸਰਵੋਤਮਤਾ ਹਾਸਲ ਕਰਨ ਵਾਲੇ ਵਿਦਿਆਰਥੀ ਨੂੰ 'ਡਾ. ਜੁਗਰਾਜ ਸਿੰਘ ਢਿੱਲੋਂ" ਮੈਡਲ ਦੇਣ ਦੀ ਪ੍ਰਵਾਨਗੀ ਦਿੱਤੀ ਗਈ । ਸੀ-4/371ਵੀਂ
- ਐਮ.ਐਸ.ਸੀ. (ਕੈਮਿਸਟਰੀ) ਦੇ ਵਿੱਚ ਪਹਿਲਾ ਦਰਜਾ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ 'ਡਾ. ਭੁਪਿੰਦਰ ਸਿੰਘ ਸੇਖੋਂ" ਮੈਡਲ ਦੇਣ ਦੀ ਪ੍ਰਵਾਨਗੀ ਦਿੱਤੀ ਗਈ । (ਸੀ-5/371ਵੀਂ)
- ਐਮ.ਐਸ.ਸੀ. (ਪਲਾਂਟ ਪੈਥਾਲੋਜੀ) ਦੇ ਵਿਦਿਆਰਥੀਆਂ ਨੂੰ 'ਪਲਾਂਟ ਪੈਥਾਲੋਜੀ ਐਲੂਮਨੀ ਮੈਡਲ' ਦੇ ਨਾਲ 25,000 ਰੁਪਏ ਦਾ ਨਕਦ ਇਨਾਮ ਦੇਣ ਦੀ ਪ੍ਰਵਾਨਗੀ ਦਿੱਤੀ ਗਈ । (ਆਈਟਮ ਨੰ. ਸੀ-6/371ਵੀਂ)
- ਅਕਾਦਮਿਕ ਸੈਸ਼ਨ 2016-17 ਤੋਂ ਖੇਤੀਬਾੜੀ ਵਿੱਚ ਦੋ ਸਾਲਾ ਡਿਪਲੋਮਾ ਕੋਰਸ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਗਈ । (ਆਈਟਮ ਨੰ. 8/372ਵੀਂ)
- ਪੀ ਏ ਯੂ ਇੰਸਟੀਚਿਊਟ ਆਫ਼ ਐਗਰੀਕਲਚਰ (ਗੁਰਦਾਸਪੁਰ ਅਤੇ ਬਠਿੰਡਾ) ਖੇਤਰੀ ਖੋਜ ਸਟੇਸ਼ਨ (ਫਰੀਦਕੋਟ ਅਤੇ ਅਬੋਹਰ) ਅਤੇ ਕੇ ਵੀ ਕੇ (ਕਪੂਰਥਲਾ ਅਤੇ ਅੰਮ੍ਰਿਤਸਰ) ਵਿਖੇ 2016-17 ਤੋਂ ਐਗਰੋਕੈਮੀਕਲਜ਼ ਵਿੱਚ ਦੋ-ਸਾਲਾ ਡਿਪਲੋਮਾ ਸ਼ੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਗਈ । (ਆਈਟਮ ਨੰ. 21/372ਵੀਂ)

## ਪ੍ਰਕਾਸ਼ਨਾਵਾਂ

ਯੂਨੀਵਰਸਿਟੀ ਵਿਗਿਆਨੀਆਂ ਵੱਲੋਂ 450 ਪ੍ਰਕਾਸ਼ਨਾਵਾਂ ਪ੍ਰਕਾਸ਼ਿਤ ਕਰਵਾਈਆਂ ਗਈਆਂ ਜਿਨ੍ਹਾਂ ਵਿੱਚ ਖੋਜ ਪੇਪਰ, ਕਿਤਾਬਾਂ, ਕਿਤਾਬ ਅਧਿਆਇ, ਮੈਨੂਅਲਜ਼, ਬੁਲੇਟਿਨਜ਼ ਆਦਿ ਸ਼ਾਮਲ ਹਨ । ਇਨ੍ਹਾਂ ਦਾ ਵੇਰਵਾ ਅਨੁਲੱਗ-II ਵਿੱਚ ਦਿੱਤਾ ਗਿਆ ਹੈ ।

## ਅਨੁਲੱਗ-I

**ਇੰਜੀਨੀਅਰਿੰਗ ਯੂਨਿਟ ਵੱਲੋਂ ਸੰਪੰਨ ਕੀਤੇ ਗਏ ਮਹੱਤਵਪੂਰਨ ਪ੍ਰੋਜੈਕਟ**

| ਪ੍ਰੋਜੈਕਟ | ਕੀਮਤ (ਲੱਖ ਰੁਪਏ) |
|---|---|
| ਖੇਤਰੀ ਖੋਜ ਸਟੇਸ਼ਨ, ਅਬੋਹਰ ਵਿਖੇ ਬਾਇਓ ਕੰਟਰੋਲ ਲੈਬ ਦੀ ਉਸਾਰੀ ਅਤੇ ਇਮਾਰਤਾਂ ਅਤੇ ਬਾਥਰੂਮਾਂ ਦਾ ਨਵੀਨੀਕਰਨ | 65.77 |
| ਕਲਾਥਿੰਗ ਅਤੇ ਟੈਕਸਟਾਈਲ ਵਿਭਾਗ ਅਤੇ ਭੋਜਨ ਅਤੇ ਪੋਸ਼ਣ ਵਿਭਾਗ, ਪੀ ਏ ਯੂ ਲੁਧਿਆਣਾ ਲਈ ਤਜ਼ਰਬਾਗਤ ਸਿਖਲਾਈ ਯੂਨਿਟ ਦੀ ਉਸਾਰੀ | 65.09 |
| ਖੇਤਰੀ ਖੋਜ ਸਟੇਸ਼ਨ, ਗੁਰਦਾਸਪੁਰ ਵਿਖੇ ਬਾਇਓ ਕੰਟਰੋਲ ਲੈਬ ਦੀ ਉਸਾਰੀ | 48.64 |
| ਫਾਰਮ ਪਾਵਰ ਅਤੇ ਮਸ਼ੀਨਰੀ ਵਿਭਾਗ, ਪੀ ਏ ਯੂ ਲੁਧਿਆਣਾ ਦੀਆਂ ਇਮਾਰਤਾਂ ਦੀ ਮੁਰੰਮਤ/ਨਵੀਨੀਕਰਨ | 48.04 |
| ਅਥਲੈਟਿਕ ਟ੍ਰੈਕਜ਼ ਦੇ ਨਾਲ ਲੱਗਦੇ ਯੂਨੀਵਰਸਿਟੀ ਖੇਡ ਮੈਦਾਨਾਂ ਤੇ ਵੀ ਵੀ ਆਈ ਪੀ'ਜ਼ ਲਈ ਬੈਠਣ ਦਾ ਇੰਤਜ਼ਾਮ ਅਤੇ ਪੀ ਏ ਯੂ ਵਿਖੇ ਸ਼ੂਟਿੰਗ ਰੇਂਜ ਬਨਾਉਣਾ | 44.59 |
| ਯੂਨੀਵਰਸਿਟੀ ਬੀਜ ਫਾਰਮ ਨਾਭਾ ਵਿਖੇ ਪਾਣੀ ਦੇ ਪੱਕੇ ਚੈਨਲ ਅਤੇ ਥਰੈਸ਼ਿੰਗ ਫਲੋਰ ਦੀ ਉਸਾਰੀ | 27.78 |
| ਪੀ ਏ ਯੂ ਲੁਧਿਆਣਾ ਦੀ ਖਰਾਬ ਹੋਈ ਚਾਰ ਦਿਵਾਰੀ ਦੀ ਮੁਰੰਮਤ | 25.30 |
| ਪੀ ਏ ਯੂ ਲੁਧਿਆਣਾ ਦੇ ਹੋਸਟਲ ਨੰਬਰ 1 ਵਿਚਲੇ ਲੱਕੜੀ ਦੇ ਕੰਮ ਦੀ ਮੁਰੰਮਤ | 23.91 |
| ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ ਵਿਖੇ 30 ਵਰਗ ਮੀਟਰ ਦੇ ਦੋ, 80 ਵਰਗ ਮੀਟਰ ਦੇ ਤਿੰਨ ਅਤੇ 100 ਵਰਗ ਮੀਟਰ ਦੇ ਇੱਕ ਘਰ ਦੀ ਉਸਾਰੀ | 21.98 |
| ਜੋਧਪੁਰ ਫਾਰਮ, ਖੇਤਰੀ ਖੋਜ ਸਟੇਸ਼ਨ, ਬਠਿੰਡਾ ਵਿਖੇ ਬਜਰੀ ਦੀ ਸੜਕ ਦੀ ਉਸਾਰੀ | 21.30 |
| ਖੇਤਰੀ ਖੋਜ ਸਟੇਸ਼ਨ, ਬੱਲੋਵਾਲ ਸੌਂਖੜੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਫਾਰਮ ਸਟੋਰ, ਸਕੂਲ ਦੀ ਇਮਾਰਤ ਅਤੇ ਹੋਰ ਇਮਾਰਤਾਂ ਦੀ ਮੁਰੰਮਤ ਅਤੇ ਨਵੀਨੀਕਰਨ | 20.36 |
| ਪੀ ਏ ਯੂ ਲੁਧਿਆਣਾ ਦੇ ਹੋਸਟਲ ਨੰਬਰ 2 ਦੀ ਮੁਰੰਮਤ ਅਤੇ ਨਵੀਨੀਕਰਨ, ਲੜਕੀਆਂ ਦੇ ਹੋਸਟਲ ਦੇ ਗੀਜ਼ਰ ਰੂਮ ਦੀ ਮੁਰੰਮਤ, ਹੋਸਟਲ ਨੰਬਰ 7 ਵਿਚਲੀ ਮੈੱਸ ਦੀ ਮੁਰੰਮਤ ਅਤੇ ਨਵੀਨੀਕਰਨ ਅਤੇ ਲੜਕੀਆਂ ਦੇ ਹੋਸਟਲ ਅਤੇ ਕਿਸਾਨ ਬੀਬੀਆਂ ਦੇ ਹੋਸਟਲ ਦੀ ਮੁਰੰਮਤ | 18.49 |
| ਖੇਤਰੀ ਖੋਜ ਸਟੇਸ਼ਨ, ਗੁਰਦਾਸਪੁਰ ਵਿਖੇ ਦੋ ਪੁਰਾਣੇ ਸਟੋਰਾਂ ਦਾ ਨਵੀਨੀਕਰਨ ਅਤੇ ਬੀਜ ਸ਼ੈੱਡ ਦੀ ਉਸਾਰੀ | 16.36 |
| ਪੀ ਏ ਯੂ ਲੁਧਿਆਣਾ ਵਿਖੇ ਹੋਸਟਲ ਨੰਬਰ 6 ਦੀ ਮੁਰੰਮਤ ਅਤੇ ਨਵੀਨੀਕਰਨ | 15.37 |
| ਪੀ ਏ ਯੂ ਲੁਧਿਆਣਾ ਵਿਖੇ ਲੜਕੀਆਂ ਦੇ ਯੂ ਜੀ ਹੋਸਟਲ ਦਾ ਰੰਗ ਰੋਗਣ | 13.96 |
| ਪੀ ਏ ਯੂ ਲੁਧਿਆਣਾ ਵਿਖੇ ਹੋਸਟਲ ਨੰਬਰ 2 ਵਿੱਚ ਲੱਕੜੀ ਦੇ ਕੰਮ ਦੀ ਮੁਰੰਮਤ ਅਤੇ ਰੰਗ ਰੋਗਣ | 13.94 |
| ਪੀ ਏ ਯੂ ਲੁਧਿਆਣਾ ਵਿਖੇ ਐਸ ਆਰ ਐਫ ਕੁਆਟਰਾਂ ਦੁਆਲੇ ਚਾਰ ਦਿਵਾਰੀ ਦੀ ਉਸਾਰੀ | 12.98 |
| ਪੀ ਏ ਯੂ ਲੁਧਿਆਣਾ ਵਿਖੇ ਹੋਸਟਲ ਨੰਬਰ ਇੱਕ ਦੀ ਮੁਰੰਮਤ ਅਤੇ ਨਵੀਨੀਕਰਨ | 12.52 |
| ਫਾਰਮ ਮਸ਼ੀਨਰੀ ਅਤੇ ਪਾਵਰ ਇੰਜੀਨੀਅਰਿੰਗ ਵਿਭਾਗ, ਪੀ ਏ ਯੂ ਲੁਧਿਆਣਾ ਵਿਖੇ ਮਸ਼ੀਨਾਂ ਦੀ ਸਾਂਭ-ਸੰਭਾਲ ਲਈ ਸ਼ੈੱਡ ਦੀ ਉਸਾਰੀ | 11.99 |
| ਪੀ ਏ ਯੂ ਲੁਧਿਆਣਾ ਦੇ ਹੋਸਟਲ ਨੰਬਰ 6 ਵਿਖੇ ਮੈੱਸ ਦੀ ਮੁਰੰਮਤ ਅਤੇ ਨਵੀਨੀਕਰਨ | 10.43 |
| **ਕੁੱਲ** | **538.8** |